## ਅਧਿਆਇ ਪਹਿਲਾ

# ਸੁਕ੍ਰਿਤ : ਸਿਧਾਂਤਕ ਆਧਾਰ-ਤਤ

**ਗੁ**ਰਮਤਿ ਵਿਚ ਸੁਕ੍ਰਿਤ ਦੇ ਸੰਕਲਪ, ਵਿਹਾਰ, ਇਤਿਹਾਸ ਜਾਂ ਸੰਸਥਾ ਆਦਿ ਨੂੰ ਸਮਝਣ ਲਈ ਸੰਖੇਪ ਵਿਚ ਸਮੁਚੀ ਗੁਰਮਤਿ ਵਿਸ਼ਵ-ਦ੍ਰਿਸ਼ਟੀ ਨੂੰ ਸਮਝਣਾ ਜ਼ਰੂਰੀ ਹੈ। ਗੁਰਮਤਿ, ਜਿਹੜੀ ਗੁਰੂ ਸਾਹਿਬਾਨ ਦੇ ਫ਼ਲਸਫੇ ਉਤੇ ਉਸਰਿਆ ਇਕ ਪੂਰਾ-ਸੂਰਾ ਧਰਮ, ਸਿੱਖ ਧਰਮ ਹੈ, ਦੀ ਉਸ ਸੰਸਾਰਿਕ ਦ੍ਰਿਸ਼ਟੀ ਦੇ ਬੋਧ ਦੀ ਮੁਢਲੀ ਸਮਝ ਤੇ ਰੂਪ-ਰੇਖਾ ਵੀ ਜ਼ਰੂਰੀ ਹੈ, ਜਿਸ ਰਾਹੀਂ ਸਿੱਖੀ ਸਮਾਜਿਕ ਤੇ ਸਭਿਆਚਾਰਕ ਪ੍ਰਬੰਧ ਦਾ ਬਦਲ ਬਣਦੀ ਹੈ। ਇਸ ਪ੍ਰਸੰਗ ਵਿਚ ਸਿੱਖ ਧਰਮ ਦੇ ਦਾਰਸ਼ਨਿਕ ਤੇ ਸਮਾਜਿਕ ਪ੍ਰਬੰਧ ਵਿਚ ਸਚੀ ਕਿਰਤ ਦਾ ਸਥਾਨ ਤੇ ਪਰਿਭਾਸ਼ਾ ਨਿਸ਼ਚਿਤ ਕਰਨ ਲਈ ਇਸ ਅਧਿਆਇ ਨੂੰ ਹੇਠ ਲਿਖੇ ਪਖਾਂ 'ਤੇ ਕੇਂਦਰਤ ਕੀਤਾ ਗਿਆ ਹੈ :

**ਧਰਮ ਦਰਸ਼ਨ (religious philosophy)**

**ਸਮਾਜ ਦਰਸ਼ਨ (social philosophy)**

**ਧਰਮ ਦਰਸ਼ਨ :**ਧਰਮ ਤੇ ਦਰਸ਼ਨ ਦੀ ਕੇਂਦਰੀ ਸਮਸਿਆ ਪਰਮਸਤਾ (ultimate reality) ਦੇ ਸਰੂਪ ਨਿਰਧਾਰਨ ਦੀ ਹੈ। ਇਸ ਸੰਦਰਭ ਵਿਚ ਪਰਮਸਤਾ, ਜਿਸ ਨੂੰ ਧਰਮਾਂ ਵਿਚ ਪਰਮਾਤਮਾ, ਸਚ,ਅਲਾਹ, ਭਗਵਾਨ ਆਦਿ ਨਾਵਾਂ ਹੇਠ ਪ੍ਰਤੀਕਿਆ ਜਾਂਦਾ ਹੈ, ਸਮੁਚੇ ਪਰਪੰਚ ਦਾ ਕੇਂਦਰ ਹੈ। ਹਰੇਕ ਧਰਮ ਪਰੰਪਰਾ ਨੇ ਜਿਹੋ-ਜਿਹਾ ਉਸ ਸਤਾ ਦਾ ਸਰੂਪ ਨਿਰੂਪਿਆ ਹੈ, ਉਹੋ ਜਿਹੀ ਉਸ ਧਰਮ ਦਰਸ਼ਨ ਉਤੇ ਸੰਪਰਦਾਇ ਜਾਂ ਭਾਈਚਾਰਾ ਉਸਰਿਆ ਹੈ। ਸਿੱਖ ਧਰਮ ਦੇ ਬਾਨੀਆਂ, ਦਸ ਗੁਰੂ ਸਾਹਿਬਾਨ ਨੇ ਪਰਮਸਤਾ ਦਾ ਸਰੂਪ, ਜਿਵੇਂ ਕਿ ਅਸੀਂ ਅਗਲੇ ਪੰਨਿਆ 'ਤੇ ਵੇਖਾਂਗੇ, ਕਰਤਾ, ਕਰਤਾਰ ਜਾਂ ਕਰਮਸ਼ੀਲ ਰੂਪ ਵਿਚ ਨਿਰੂਪਿਆ ਹੈ, ਜਿਸ ਦੇ ਆਧਾਰ 'ਤੇ ਕਰਮਯੋਗੀਆਂ ਦਾ ਇਕ ਪੂਰਾ-ਸੂਰਾ ਸਮਾਜ (ਪੰਥ) ਵਿਕਸਿਤ ਹੋਇਆ।

### *ਪਰਮਸਤਾ*

ਗੁਰਬਾਣੀ ਜਿਸ ਉਚ ਸਤਾ; ਪਰਮ ਹਸਤੀ ਦੇ ਸਰੂਪ ਦਾ ਕਥਨ ਕਰਦੀ ਹੈ, ਉਹ ਬਾਣੀਕਾਰਾਂ ਦੇ ਆਤਮਿਕ ਅਨੁਭਵ ਵਿਚ ਪ੍ਰਤਖ ਹੋਈ ਸਤਾ ਹੈ ਤੇ ਇਸ ਸਤਾ ਨੂੰ ਵੇਦਾਂ-

ਕਤੇਬਾਂ ਦੇ ਪ੍ਰਮਾਣਾਂ ਨਾਲ ਸਿਧ ਨਹੀਂ ਕੀਤਾ ਗਿਆ, ਸਗੋਂ ਉਹ 'ਜਾਹਰਾ' ਹੀ ਹੈ:

*ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥*
*ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥*[1]

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*[2]

ਗੁਰਬਾਣੀ ਵਿਚ ਇਸ ਅਨੂਪਮ ਸਤਿ ਦੀ ਸੁਨਿਸ਼ਚਤ ਤੇ ਸੰਖੇਪ ਪਰਿਭਾਸ਼ਾ 'ਮੂਲ-ਮੰਤ੍ਰ' ਦੇ ਪ੍ਰਤੀਕਾਤਮਕ ਸਮਾਸਾਂ (symbolic compound words) ਵਿਚ ਦਿਤੀ ਗਈ ਹੈ:

*ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ*
*ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*[3]

ਇਸ ਪਰਿਭਾਸ਼ਾ ਵਿਚ ਪਰਮਸਤਾ ਦੇ ਹੋਰ ਅਨੇਕਾਂ ਗੁਣ ਲਛਣਾਂ ਵਿਚ ਇਕ ਲਛਣ 'ਕਰਤਾਪੁਰਖ',ਇਸ ਤਥ ਦਾ ਪ੍ਰਤੀਕ ਹੈ ਕਿ ਪਰਮਸਤਾ ਸਭ ਸ੍ਰਿਸ਼ਟੀ ਤੇ ਹਰ ਪ੍ਰਕਾਰੀ ਕ੍ਰਿਆ ਦਾ ਕਰਤਾ ਹੈ। ਉਹ ਆਪਣੀ ਕਿਰਤ ਤੋਂ ਅਟੰਕ, ਦੂਰ 'ਸਤਵੇਂ ਅਸਮਾਨ' ਤੇ ਬੈਠਾ 'ਬ੍ਰਹਮ' ਨਹੀਂ , ਸਗੋਂ ਕਣ-ਕਣ ਵਿਚ ਰਮਿਆ ਹੋਇਆ 'ਰਾਮ' ਹੈ।[4] ਸ੍ਰਿਸ਼ਟੀ ਦੀ ਹਰ ਕਿਰਿਆ ਦਾ ਉਹ 'ਕਰਤਾ' ਹੈ; ਨਾਲ ਸੰਭਾਲ ਵੀ ਕਰਦਾ ਹੈ ਤੇ ਸ਼ੰਗਾਰ ਵੀ ਕਰਦਾ ਹੈ।[5] ਇਸੇ ਤਰ੍ਹਾਂ ਪਰਮਸਤਾ ਦਾ 'ਹੁਕਮੀ' ਰੂਪ ਵੀ ਉਸਦੇ ਕ੍ਰਿਆਸ਼ੀਲ ਹੋਣ ਦਾ ਸੰਕੇਤ ਹੈ। 'ਹੁਕਮੀ','ਹੁਕਮ' ਦੇ ਬਹੁ ਰੂਪ ਹੋ ਕੇ ਅਨਿਕ ਵਿਸਤਾਰਾਂ ਵਿਚ ਪਸਰਿਆ ਹੋਇਆ ਹੈ:

-ਕਿਤੇ ਉਹ ਜੀਵਨ ਰੂਪ, 'ਜੀਵਨ-ਆਧਾਰ' ਹੈ;

-ਕਿਤੇ ਬਖਸ਼ਿਸ਼ ਦੇ ਰਿਹਾ 'ਨਦਰਿ-ਸਰੂਪ' ਹੈ;

-ਕਿਤੇ ਜੀਵਾਂ ਨੂੰ ਰੋਜ਼ੀ, ਉਪਜੀਵਕਾ ਦੇ ਰਿਹਾ 'ਦਾਤਾ-ਰੂਪ' ਹੈ;

-ਕਿਤੇ ਨਾਸ਼ ਕਰ ਰਿਹਾ 'ਕਾਲ-ਰੂਪ' ਹੈ।

ਇਸ ਤਰ੍ਹਾਂ ਪਰਮਸਤਾ ਦਾ ਹੁਕਮ, ਅਨਿਕ ਰੂਪ ਹੋ ਕੇ ਵਰਤਿਆ ਹੋਇਆ ਹੈ:

*ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥*[6]

1. *ਗੁਰੂ ਗ੍ਰੰਥ ਸਾਹਿਬ*, ੩੯੭.
2. *ਉਹੀ*, ੬੭੭.
3. *ਉਹੀ*, ੧.
4. ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥ *ਉਹੀ*, ੪੮.
   ਗੁਪਤੁ ਪਰਗਟ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥ *ਉਹੀ*, ੧੨੦.
5. ਇਕ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ *ਉਹੀ* , ੭.
6. *ਉਹੀ*, ੧੨੭੫.



ਗੁਰਬਾਣੀ ਵਿਚ ਭਾਵਨਾਤਮਕ ਸੰਬੰਧਾਂ ਆਧਾਰਿਤ ਨਿਰੂਪਤ ਕੀਤਾ ਸਰੂਪ ਵੀ ਪਰਮਸਤਾ ਦੇ ਕਰਤਾ ਤੇ ਕ੍ਰਿਆਸ਼ੀਲ ਰੂਪ ਹੋਣ ਦਾ ਪ੍ਰਤੀਕ ਹੈ। ਭਾਵਨਾਤਮਕ ਸੰਬੰਧਾਂ ਵਿਚ ਉਸ ਦਾ ਸੰਬੰਧ ਸਿਧਾ ਮਨੁਖ ਮਾਤਰ ਨਾਲ ਹੈ। ਉਹ ਜੀਵਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਸਭਨਾਂ ਨੂੰ ਪਿਆਰਦਾ ਹੈ, ਦੁਖਾਂ-ਸੁਖਾਂ ਦਾ ਭਾਈਵਾਲ ਹੈ, ਨਿਰਗੁਣਾਂ ਨੂੰ ਗੁਣਵੰਤੇ ਬਣਾਉਂਦਾ ਹੈ। ਭਾਵਨਾਤਮਕ ਸਾਂਝ ਵਿਚੋਂ ਹੀ ਗੁਰਬਾਣੀ ਨੇ ਕਈ ਰਿਸ਼ਤਿਆਂ ਵਿਚ ਉਸਦਾ ਸਰੂਪ ਨਿਰੂਪਤ ਕੀਤਾ ਹੈ, ਜਿਵੇਂ:

- ਪਰਿਵਾਰਕ ਰਿਸ਼ਤਿਆਂ ਵਿਚ ਉਹ ਮਾਤਾ-ਪਿਤਾ, ਪ੍ਰੀਤਮ, ਪਤੀ, ਬੰਧਪ...

- ਸਮਾਜਿਕ ਰਿਸ਼ਤਿਆਂ ਵਿਚ ਸਜਣ, ਸਖਾ, ਪਿਆਰਾ, ਨਾਇਕ,ਲਾਲਾ...

- ਰਾਜਸੀ ਰਿਸ਼ਤਿਆਂ ਵਿਚ ਸਾਹਿਬ, ਪਾਤਿਸ਼ਾਹ, ਮਾਲਕ, ਰਾਜਨ, ਸੁਲਤਾਨ...ਆਦਿ।

ਗੁਰਬਾਣੀ ਵਿਚ ਕਈ ਸ਼ਬਦ/ਪ੍ਰਸੰਗ ਤਾਂ ਅਜਿਹੇ ਹਨ, ਜਿੰਨ੍ਹਾਂ ਵਿਚ ਉਸਦਾ ਪੂਰਣ ਮਨੁਖੀਕਰਣ ਹੋਇਆ ਹੈ।[7] ਇਤਿਹਾਸਕ/ਮਿਥਹਾਸਕ ਪਾਤਰਾਂ ਦੇ ਸਰੂਪ ਰਾਹੀਂ ਕੀਤੀ ਨਿਰੂਪਣਾ[8] ਤਾਂ ਪਰਮਾਤਮਾ ਨੂੰ ਸਿਧ-ਪਧਰਾ 'ਕਿਰਤੀ' ਬਣਾ ਦਿੰਦੀ ਹੈ।ਇਸੇ ਤਰ੍ਹਾਂ ਸਿਧੇ 'ਕਰਤਾਰ' ਰੂਪ ਵਿਚ ਬਾਣੀ-ਹਵਾਲੇ, ਸੈਂਕੜਿਆਂ ਦੀ ਗਿਣਤੀ ਵਿਚ ਉਧਰਿਤ ਕੀਤੇ ਜਾ ਸਕਦੇ ਹਨ।

'ਕਰਣਹਾਰ' ਜਿੰਨੇ ਵੀ ਕੰਮ ਕਰਦਾ ਹੈ, ਸਭ ਖਿਨ ਵਿਚ ਹੀ ਕਰ ਦਿੰਦਾ ਹੈ।[9] ਉਹ 'ਦੁਹਾ ਸਿਰਿਆ' (ਚੰਗੇ-ਮੰਦੇ ਕੰਮਾਂ) ਦਾ ਖਸਮੁ/ ਕਰਤਾ ਆਪ ਹੈ,[10] ਇਸੇ ਵਿਚ ਉਸਦੀ ਵਡਿਆਈ ਹੈ।[11] ਗੁਰਮਤਿ ਨੇ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਕਰਨ-ਕਰਾਵਨਹਾਰ ਕੇਵਲ ਤੇ ਕੇਵਲ ਇਕੋ ਹੀ ਹੈ ਤੇ ਸਮਰਥ ਵੀ ਉਹੀ ਹੈ।[12]

ਉਕਤ ਸੰਖੇਪ ਵਰਣਨ ਤੋਂ ਸਹਿਜੇ ਸਿਟਾ ਪ੍ਰਾਪਤ ਹੁੰਦਾ ਹੈ ਕਿ ਗੁਰਮਤਿ ਨੇ ਪਰਮਾਤਮਾ ਦਾ ਸਰੂਪ ਕਿਰਿਆਸ਼ੀਲ, ਕਰਤਾਰ, ਕਰਣਹਾਰ ,'ਕਿਰਤੀ' ਆਦਿ ਮੰਨਿਆ ਹੈ।

7. ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ *ਉਹੀ*, ੫੬੭.
   ...ਗਰੁੜ ਚੜੇ ਗੋਬਿੰਦ ਆਇਲਾ ॥ *ਉਹੀ*, ੧੧੬੬.
8. ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥ *ਉਹੀ*, ੬੫੭.
   ਕੇਸੀ ਕੰਸ ਮਥਨੁ ਜਿਨਿ ਕੀਆ ॥ *ਉਹੀ*, ੮੭੪.
   ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥ *ਉਹੀ*, ੧੩੯੦.
9. ਕਰਣਹਾਰਿ ਖਿਨ ਭੀਤਰਿ ਕਰਿਆ ॥ *ਉਹੀ*, ੧੦੩.
10. ਦੁਹਾ ਸਿਰਿਆ ਕਾ ਕਰਤਾ ਆਪਿ ॥ *ਉਹੀ*, ੧੭੧.
11. ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ॥ *ਉਹੀ*, ੮੧੩.
12. ਕਰਣਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥ *ਉਹੀ*, ੬੬੬.
    ਕਰਣਕਾਰਣ ਸਮਰਥ ਸੁਆਮੀ ਪੂਰਨ ਪੁਰਖ ਬਿਧਾਤਾ ॥ *ਉਹੀ*, ੬੧੯.

**ਰਚਨਾ**

ਸਿੱਖ ਧਰਮ ਦਰਸ਼ਨ ਵਿਚ ਜਿਸ ਤਰ੍ਹਾਂ ਪਰਮਾਤਮਾ ਦਾ ਸਰੂਪ ਕਰਮਸ਼ੀਲ ਹੈ, ਨਿਰੰਕੁਸ਼ ਨਹੀਂ; ਉਸੇ ਤਰ੍ਹਾਂ ਸ੍ਰਿਸ਼ਟੀ ਦਾ ਸਰੂਪ ਵੀ ਮਾਇਆਵੀ, ਝੂਠ ਜਾਂ ਛਲਾਵਾ ਨਹੀਂ, ਸਗੋਂ ਸਚ ਹੈ। 'ਸਚੇ' ਦੀ 'ਸਾਚੀ ਕਾਰ' (ਰਚਨਾ) ਦਾ ਭੌਤਿਕ ਸਰੂਪ ਇਕ ਹੋਂਦ ਮਈ ਵਰਤਾਰਾ ਹੈ, ਜਿਹੜਾ ਪ੍ਰਤਖ ਹੈ, ਇਹ ਸ਼ੰਕਰ ਦਾ 'ਮਾਇਆਵਾਦ' ਨਹੀਂ।

ਦਰਸ਼ਨ (philosophy) ਵਿਚ ਇਸ ਸਮਸਿਆ ਦੇ ਅਧਿਐਨ ਨੂੰ Cosmology[13], ਭਾਵ ਵਿਸ਼ਵ-ਵਿਗਿਆਨ ਦੇ ਸਿਰਲੇਖ ਹੇਠ ਵਿਚਾਰਿਆ ਜਾਂਦਾ ਹੈ। ਇਸ ਵਿਚ ਰਚਨਾ ਦੇ ਸਾਰੇ ਸੰਭਵ ਪਖ - ਰਚਨਾ ਕੀ ਹੈ ? ਕਿਉਂ ਹੈ ? ਕਿਵੇਂ ਹੈ? ਨਾਦੀ ਕਿ ਅਨਾਦੀ ? ਸੀਮਾ? ਸਮਾਂ? ਆਦਿ ਸਭ ਵਿਚਾਰੇ ਜਾਂਦੇ ਹਨ। ਸਾਡੀ ਸੀਮਾ ਇਸ ਦੇ ਸਰੂਪ (nature) ਨੂੰ ਜਾਣਨ ਤਕ ਸੀਮਿਤ ਹੈ।

ਜੋ ਸਿਰਜਿਆ ਗਿਆ ਹੈ,ਉਹ ਸਭ ਸ੍ਰਿਸ਼ਟੀ ਹੈ। ਗੁਰਬਾਣੀ ਵਿਚ ਇਸ ਪ੍ਰਥਾਇ ਸੰਸਾਰ, ਭਵਸਾਗਰ, ਭਉਜਲ, ਭਉਨਿਧਿ, ਦੁਨੀਆ, ਜਗਤ, ਆਕਾਰ, ਸ੍ਰਿਸਟਿ, ਸਰਗੁਣ, ਸਿਰਠੀ, ਪਾਸਾਰਾ, ਬ੍ਰਹਿਮੰਡ, ਘਾੜਤ, ਬਣਤ, ਪਾਸਾਉ, ਰਚਨਾ, ਜਗ, ਪਰਪੰਚ, ਲੀਲਾ, ਖੇਡ, ਬਾਜੀ, ਰੂਪ, ਵੇਸ ਆਦਿ ਅਨੇਕਾਂ ਸ਼ਬਦ/ਸੰਕਲਪ ਵਰਤੇ ਗਏ ਹਨ। 'ਕੁਦਰਤਿ'[14] ਸ਼ਬਦ ਇਸ ਦੀ ਸਮੁਚੀ ਵਿਆਖਿਆ ਪੇਸ਼ ਕਰਦਾ ਹੈ।

ਭਾਰਤ ਦੀ ਸਨਾਤਨੀ ਪਰੰਪਰਾ ਦਾ ਇਕ ਤਰ੍ਹਾਂ ਸ਼ਿਖਰ ਸ਼ੰਕਰ ਦਾ ਅਦਵੈਤ, ਜਿਸਨੂੰ ਵੇਦਾਂਤ ਵੀ ਕਹਿੰਦੇ ਹਨ, ਨੇ ਸੰਸਾਰ ਨੂੰ ਛਲ, ਮਾਇਆ, ਭਰਮ, ਜਾਂ ਧੋਖਾ ਕਿਹਾ[15], ਜਿਸ ਦਾ ਐਨਾ ਪ੍ਰਬਲ ਪ੍ਰਭਾਵ ਪਿਆ ਕਿ ਹਜ਼ਾਰਾਂ ਸੰਨਿਆਸੀ ਸੰਪਰਦਾਵਾਂ[16] ਜਗਤ ਤੋਂ ਉਪਰਾਮ ਹੋ ਕੇ ਜੰਗਲਾਂ ਵਿਚ ਜਾ ਬਿਰਾਜੀਆਂ ਜਾਂ ਵਿਹਲੇ ਰਹਿ ਕੇ ਗ੍ਰਹਿਸਥੀਆਂ 'ਤੇ ਭਾਰ ਬਣ ਗਈਆਂ। ਗੁਰਮਤਿ ਨੇ ਇਸ ਸਨਾਤਨੀ 'ਅਵਿਦਿਆ' ਨੂੰ ਰਦ ਕਰਕੇ ਇਸ ਸੰਸਾਰ ਨੂੰ ਵਾਹਿਗੁਰੂ ਦੀਆਂ ਪੈਦਾ ਕੀਤੀਆਂ ਅਨਿਕ ਪ੍ਰਕਾਰੀ ਕ੍ਰਿਆਵਾਂ ਵਾਂਗ ਇਕ ਕ੍ਰਿਆ ਕਿਹਾ:

*ਆਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*[17]

ਗੁਰਮਤਿ ਅਨੁਸਾਰ ਮਾਇਆ, ਜਗਤ ਪਰਪੰਚ ਨਹੀਂ, ਸਗੋਂ ਪਰਪੰਚ ਦਾ ਉਹ ਮੋਹ ਹੈ,

13. theory of creation, study of universe, science of metaphysics etc.
14. ਕੁਦਰਤਿ ਦਿਸੈ ਕੁਦਰਤਿ ਸੁਣੀਐ...
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ *ਗੁਰੂ ਗ੍ਰੰਥ ਸਾਹਿਬ*, ੪੬੪.
15. ਡਾ. ਅਛਰ ਸਿੰਘ ਕਾਹਲੋਂ, *ਗੁਰਮਤਿ ਵਿਚ ਮਾਇਆ ਦਾ ਸੰਕਲਪ*, ਪੰਨਾ 51.
16. ਵੇਖੋ: बलदेव उपाध्याय, *भागवत संप्रदाय*, काशी, १९५३.
17. *ਗੁਰੂ ਗ੍ਰੰਥ ਸਾਹਿਬ*, ੫੩੭.



ਜਿਹੜਾ ਜੀਵ ਨੂੰ ਉਸਦੇ ਅਸਲੇ ਤੋਂ ਵਿਛੋੜ ਦਿੰਦਾ ਹੈ:

*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥*[18]

ਮਾਇਆ ਅਸਲ ਸੰਸਾਰ ਨਹੀਂ, ਸੰਸਾਰ ਵਿਆਪਕ ਗਲਤ ਕਦਰਾਂ ਹਨ। ਮਾਇਆ ਦੇ ਇਸ ਸੰਦਰਭ ਪ੍ਰਥਾਇ ਗੁਰਬਾਣੀ ਵਿਚ ਜਾਲ, ਰੇਤ ਦੀ ਕੰਧ, ਸਸ,ਨਾਗਣੀ, ਮ੍ਰਿਗ ਤ੍ਰਿਸਨਾ, ਭਰਮ ਆਦਿ ਕੋਈ ਸੌ ਤੋਂ ਉਤੇ ਪ੍ਰਤੀਕ ਵਰਤੇ ਗਏ ਹਨ।[19]

ਉਕਤ ਤੋਂ ਸਪਸ਼ਟ ਹੈ ਕਿ ਗੁਰਮਤਿ ਵਿਚ ਸ੍ਰਿਸ਼ਟੀ, ਮਾਇਆ ਨਹੀਂ। ਮਾਇਆ ਦਾ ਗੁਰਮਤਿ ਸਿਧਾਂਤ, ਸਨਾਤਨ ਸਿਧਾਂਤ ਤੋਂ ਭਿੰਨ ਹੈ। ਇਸ ਕਰਕੇ ਸੰਸਾਰ ਨੂੰ ਮਾਇਆ ਸਮਝ ਕੇ ਤਿਆਗਣਾ ਮਨਮੁਖਤਾਈ ਹੈ, ਇਹ 'ਦੂਜਾ ਭਾਉ' ਵਿਹਲੜ ਜਮਾਤਾਂ ਪੈਦਾ ਕਰਦਾ ਹੈ।

ਬਾਣੀ ਅਨੁਸਾਰ ਇਹ ਰਚਨਾ ਸਚੇ ਦੀ 'ਕਾਰ' (ਕਿਰਤ) ਹੈ।[20] 'ਸਤਿ ਕਾਰਣ' ਤੋਂ 'ਅਸਤਿ ਕਾਰਜ' ਪੈਦਾ ਨਹੀਂ ਹੋ ਸਕਦਾ।[21] ਕਰਤਾ, ਕਿਰਤ ਵਿਚ ਰਮਿਆ (ਰਾਮ) ਹੋਇਆ ਹੈ।[22] ਉਸਨੇ ਆਪ ਹੀ 'ਦੁਯੀ ਕੁਦਰਤਿ' ਧਾਰੀ ਹੈ ਤੇ ਉਸਦਾ ਇਸ ਵਿਚ 'ਆਸਣੁ' ਲਗਿਆ ਹੋਇਆ ਹੈ:

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*

*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*[23]

ਜਗਤ ਪਰਪੰਚ ਇਕ ਅਜਿਹੇ ਕੋਠੇ ਦੀ ਨਿਆਈ ਹੈ, ਜਿਸ ਵਿਚ 'ਸਚਾ' ਰਹਿੰਦਾ ਹੈ।[24] ਇਥੇ ਉਸ 'ਮਾਲੀ' ਨੇ ਭਾਂਤ-ਸੁਭਾਂਤੀ, ਰੰਗਾਂ-ਰੰਗਾਂ ਦੀ 'ਵਾੜੀ' ਲਾਈ ਹੋਈ ਹੈ।[25]

ਜਗਤ ਦੀ ਹੋਂਦ ਤਾਂ ਪ੍ਰਤਖ ਹੈ, ਪਰ ਇਹ ਵਿਵਹਾਰ-ਕਾਲ ਵਿਚ ਹੀ ਸਤਿ ਹੈ, ਪਰਮਾਰਥ-ਕਾਲ ਵਿਚ ਨਹੀਂ। ਦੂਜੇ ਸ਼ਬਦਾਂ ਵਿਚ ਜਿਵੇਂ ਕਾਲ-ਰਹਿਤ ਪਰਮਾਤਮਾ ਸਤਿ ਹੈ, ਜਗਤ ਨਹੀਂ; ਇਸ ਦੀ ਸਤਾ ਤਾਂ ਸਮੇਂ-ਸਥਾਨ/ਪੁਲਾੜ-ਕਾਲ ਵਿਚ ਹੈ। ਇਹ ਨਾਮ-ਰੂਪ ਹੋਂਦ ਪਰਿਵਰਤਨਸ਼ੀਲ ਹੈ, ਜਿਸ ਪ੍ਰਥਾਇ ਬਾਣੀ ਵਿਚ ਪਾਣੀ ਦਾ ਬੁਦਬੁਦਾ, ਤਮਾਸਾ, ਮਿਥਿਆ ਰੈਣਿ, ਸੁਪਨਾ ਰੈਨਿ ਕਾ, ਧੂਏ ਕਾ ਧਵਲਹਰੁ, ਬਾਲੂ ਕੀ ਭੀਤਿ, ਮ੍ਰਿਗ ਤ੍ਰਿਸਨਾ, ਧੂਏ ਕਾ ਪਹਾਰ, ਕੂੜ, ਝੂਠੋ ਜਗ ਆਦਿ ਅਨੇਕਾਂ ਸ਼ਬਦਾਂ/ਸਮਾਸਾਂ/ਪ੍ਰਤੀਕਾਂ ਦਾ ਪ੍ਰਯੋਗ

18. *ਉਹੀ*, ੯੨੧.
19. ਵੇਖੋ : ਗੁਰਬੀਰ ਸਿੰਘ (ਸੰਪਾ.), *ਮਾਇਆ ਦਾ ਗੁਰਮਤਿ ਪਰਿਪੇਖ*, ਭੂਮਿਕਾ।
20. ਨਾਨਕ ਸਚੇ ਕੀ ਸਾਚੀਕਾਰ ॥ *ਗੁਰੂ ਗ੍ਰੰਥ ਸਾਹਿਬ*, ੭.
21. ਆਪਿ ਸਤਿ ਕੀਆ ਸਭੁ ਸਤੁ ॥ *ਉਹੀ*, ੨੮੪.
22. ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥ *ਉਹੀ*, ੪੯.
23. *ਉਹੀ*, ੪੬੩.
24. ਇਹ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ *ਉਹੀ*, ੪੬੩.
25. ਇਹ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ *ਉਹੀ*, ੧੧੯.

ਕੀਤਾ ਗਿਆ ਹੈ:

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥*[26]

ਰਚਨਾ ਦੇ ਹਰ ਜ਼ਰ੍ਹੇ ਵਿਚ ਦੈਵੀ ਵਿਆਪਕਤਾ ਅਨੁਭਵ ਕਰਨਾ ਹੀ ਇਸ ਦੀ ਸਤਤਾ ਦਾ ਲਖਾਇਕ ਹੈ ।[27] ਇਹ ਉਸ ਨੇ 'ਸਿਮਰਨਿ' ਖਾਤਰ ਧਾਰੀ ਹੋਈ 'ਧਰਨਾ' ਹੈ[28] ਤੇ ਉਸ ਬਾਝੋਂ 'ਕੂੜੁ' ਹੈ।[29] ਇਹ ਉਸੇ ਦਾ ਵੇਸ; ਪਹਿਰਾਵਾ ਹੈ।[30]

ਸਾਰ ਵਜੋਂ ਅਕਾਲ ਦੀ ਕਾਲਗਤ ਸਥਿਤੀ, ਅਫੁਰ ਦੀ ਸਫੁਰਤਾ, ਨਿਰਗੁਣ ਦਾ ਸਰਗੁਣ ਸਰੂਪ ਆਦਿ, ਰਚਨਾ ਹੈ।[31] ਇਹ ਮਾਇਆ ਜਾਂ ਛਲਾਵਾ ਨਹੀਂ, ਇਹ ਪਰਮਾਤਮਾ ਦੀ ਪੈਦਾ ਕੀਤੀ ਸਚੀ ਹੋਂਦ ਹੈ, ਭਾਵੇਂ ਸਦੀਵੀ ਨਹੀਂ। ਇਸ ਨੂੰ ਤਜ ਕੇ, ਉਪਰਾਮ ਹੋਣਾ 'ਕੂੜੀ ਚਾਲ' ਹੈ। ਇਸ ਵਿਚ ਰਹਿ ਕੇ ਕਰਮਸ਼ੀਲ ਹੋਣਾ ਗੁਰਮੁਖਾਂ ਦੀ 'ਘਾਲਿ' ਹੈ, ਕਿਉਂਕਿ ਸਾਰੇ ਪਾਸੇ ਉਹੀ ਪਸਰਿਆ ਹੋਇਆ ਹੈ:

*ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ ॥*[32]

### *ਮਨੁਖ*

ਸਮੁਚੇ ਗਿਆਨ-ਵਿਗਿਆਨ ਤੇ ਧਾਰਮਿਕ ਪਰੰਪਰਾਵਾਂ ਦਾ ਕੇਂਦਰੀ ਮਸਲਾ ਮਨੁਖ ਹੈ। ਦੁਨੀਆ ਭਰ ਦੇ ਧਾਰਮਿਕ, ਧਰਮ-ਨਿਰਪੇਖ ਜਾਂ ਵਿਗਿਆਨਕ ਚਿੰਤਨ ਨੇ ਮਨੁਖੀ ਹੋਂਦ ਨੂੰ ਅਦਭੁਤ ਮੰਨਿਆ ਹੈ। ਜੀਵਨ ਦੀ ਹੋਂਦ ਦੇ ਦੋ ਮੁਖ ਭਾਗ ਹਨ:

**ਚੇਤਨ ਸੰਸਾਰ (animate world)**
**ਜੜ੍ਹ ਸੰਸਾਰ (inanimate world)**

ਚੇਤਨ ਜਾਂ ਜੀਵੰਤ ਸੰਸਾਰ ਦੇ ਅੱਗੇ ਫਿਰ ਦੋ ਮੁਖ ਭਾਗ ਬਣਦੇ ਹਨ:

26. *ਉਹੀ*, ੧੪੨੭.
27. ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥ *ਉਹੀ*, ੭੦੩.
28. ਹਰਿ ਸਿਮਰਨਿ ਧਾਰੀ ਸਭ ਧਰਨਾ ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ *ਉਹੀ*, ੨੬੩.
29. ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ *ਉਹੀ*, ੪੬੮.
30. ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥ *ਉਹੀ*, ੪੩੩.
ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ ॥ *ਉਹੀ*, ੪੩੪.
31. ਨਿਰੰਕਾਰਿ ਆਕਾਰੁ ਉਪਾਇਆ ॥ *ਉਹੀ*, ੧੦੬੬.
ਆਪਿ ਆਕਾਰੁ ਆਪਿ ਨਿਰੰਕਾਰੁ ॥ *ਉਹੀ*, ੮੩੩.
ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ *ਉਹੀ*, ੨੮੭.
32. *ਉਹੀ*, ੫੧.



**ਜੀਵ ਸੰਸਾਰ (biological world)**
**ਬਨਸਪਤ ਸੰਸਾਰ (botanical world)**

ਚੇਤਨ ਸੰਸਾਰ ਦੇ ਜੀਵ ਸੰਸਾਰ ਵਿਚ ਮਨੁਖ ਸਭ ਤੋਂ ਵਿਕਸਿਤ ਜੀਵ ਹੈ। ਇਸ ਦੀ ਅਲੌਕਿਕ ਹਸਤੀ ਤੇ ਅਸਤਿਤਵ ਨਾਲ ਤਿੰਨ ਮਸਲੇ ਮੁਖ ਤੌਰ 'ਤੇ ਸੰਬੰਧਿਤ ਹਨ:

**ਮਨੁਖ ਕੀ ਹੈ**
**ਅੰਤਿਮ ਮਨੋਰਥ**
**ਮਨੋਰਥ ਪ੍ਰਾਪਤੀ ਦਾ ਸਾਧਨ**

ਮਨੁਖੀ ਹੋਂਦ ਦੀ ਵਿਆਖਿਆ ਹਿਤ ਸੈਂਕੜੇ ਵਿਚਾਰ ਤੇ ਵਿਚਾਰ-ਪ੍ਰਣਾਲੀਆਂ ਉਪਲਬਧ ਹਨ। ਮੁਖ ਰੂਪ ਵਿਚ ਇਨ੍ਹਾਂ ਨੂੰ ਧਾਰਮਿਕ ਤੇ ਧਰਮ-ਨਿਰਪੇਖ ਜਾਂ ਵਿਗਿਆਨਕ ਪ੍ਰਣਾਲੀਆਂ ਵਿਚ ਵੰਡਿਆ ਜਾ ਸਕਦਾ ਹੈ।ਲਗਪਗ ਸਮੁਚੇ ਕੁਦਰਤੀ ਵਿਗਿਆਨ ਇਸ ਮਤ ਦੇ ਧਾਰਨੀ ਹਨ ਕਿ ਕੁਦਰਤ ਦੇ ਹੋਰਾਂ ਜੀਵਾਂ ਵਾਂਗ ਮਨੁਖ ਵੀ ਇਕ ਜੀਵ ਹੈ ਤੇ ਇਹ 'ਪੈਦਾ ਨਹੀਂ, ਵਿਕਾਸ' ਕਰਕੇ ਵਰਤਮਾਨ ਸਥਿਤੀ ਵਿਚ ਪਹੁੰਚਿਆ ਹੈ। ਜੀਵ-ਵਿਗਿਆਨ (biology) ਦੀ ਇਕ ਪ੍ਰਤੀਨਿਧ ਰਚਨਾ ਇਸ (ਮਨੁਖ) ਦੀ ਪਿਛਲੇਰੀ ਨਸਲ ਬਾਂਦਰ ਜਿਹੇ ਜੀਵਾਂ ਨੂੰ ਦਸਦੀ ਹੈ।[33]

ਗੁਰਮਤਿ ਨੇ ਜੀਵ (ਮਨੁਖ) ਦਾ ਅਸਲਾ 'ਜੋਤਿ' ਦੱਸਿਆ ਹੈ ਤੇ ਇਸ ਦੇ ਅਸਤਿਤਵ ਦੀ ਬਣਤਰ ਵਿਚ-**ਸਰੀਰ, ਅੰਤਰਕਰਣ ਤੇ ਜੋਤਿ(ਆਤਮਾ)**-ਤਿੰਨ ਪਖਾਂ ਦਾ ਸੰਜੋਗ ਦੱਸਿਆ ਹੈ।

ਮਨੁਖ ਦਾ ਮੁਢਲਾ, ਸਪਸ਼ਟ ਤੇ ਭੌਤਿਕ ਰੂਪ, ਸਰੀਰ (body) ਹੈ।ਦਸ ਇੰਦਰੀਆਂ ਸਾਰੇ ਅਨੁਭਵਾਂ ਦਾ ਮਾਧਿਅਮ ਹਨ। ਸਰੀਰ ਦੀ ਉਪਜ, ਮਾਤਾ-ਪਿਤਾ ਦੇ ਸੰਜੋਗ (marital relationship) ਨਾਲ, ਪੰਜ ਤਤਾਂ ਦੀ ਜੁੜਨ ਕ੍ਰਿਆ ਨਾਲ ਹੁੰਦੀ ਹੈ:

*ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥*[34]
*ਪੰਚ ਤਤੁ ਮਿਲਿ ਕਾਇਆ ਕੀਨੀ ॥*[35]

ਅੰਤਕਰਣ (inner self), ਸਰੀਰ ਦੇ ਅੰਦਰਲੀ ਵਿਆਪਕਤਾ ਦਾ ਨਾਂ ਹੈ, ਜਿਸ ਵਿਚ ਮਨ, ਬੁਧਿ, ਚਿਤ ਅਤੇ ਅਹੰਕਾਰ ਦਾ ਸੁਮੇਲ ਹੁੰਦਾ ਹੈ।[36] ਬਾਣੀ ਵਿਚ ਪੰਜ ਤਤਾਂ ਪਿਛੇ ਕਾਰਜਸ਼ੀਲ 'ਜੀਉ' (ਪ੍ਰਾਣ) ਨੂੰ ਮਨ ਕਿਹਾ ਗਿਆ ਹੈ।[37] ਬੁਧਿ (intellect) ਵਿਚਾਰ ਤੇ ਨਿਸ਼ਚਾ ਦੀ ਸਥਿਤੀ ਹੈ; ਚਿਤ, ਚੇਤਨਾ ਜਾਂ ਸੂਝ ਦੇ ਪ੍ਰਸੰਗ ਵਿਚ ਹੈ ਅਤੇ ਪਦਾਰਥਾਂ ਨਾਲ

33. Charlies Darwin, *The Origin of Species and The Descent of Man*, pp.27-8.
34. *ਗੁਰੂ ਗ੍ਰੰਥ ਸਾਹਿਬ* , ੧੦੨੬.
35. *ਉਹੀ*, ੧੦੩੦.
36. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 85.
37. ਇਹ ਮਨੁ ਪੰਚ ਤਤ ਕੋ ਜੀਉ ॥ *ਗੁਰੂ ਗ੍ਰੰਥ ਸਾਹਿਬ*, ੩੪੨.

ਨਿਸ਼ਚਾ ਜਾਂ ਸੰਬੰਧ ਰਖਣ ਦੀ ਸਥਿਤੀ, ਅਹੰਕਾਰ ਹੈ।[38]

ਮਨੁਖ ਦੀ ਪ੍ਰਕਿਰਤੀ ਦਾ ਸਭ ਤੋਂ ਅਹਿਮ ਭਾਗ ਜੋਤਿ ਜਾਂ ਆਤਮਾ ਹੈ। ਇਹ ਸਰੀਰ ਨਹੀਂ, ਸਰੀਰ ਵਿਚਲਾ ਜੀਵਨ ਹੈ। ਸਰੀਰ ਦੀ ਹੋਂਦ ਹੀ ਇਸ ਕਰਕੇ ਹੈ। ਇਹ ਅਮਰ ਤਤ, ਸੰਸਾਰਿਕ ਲੇਪਾਂ ਤੋਂ ਪਰ੍ਹੇ ਹੈ। ਇਹ ਜੀਵਨ ਦਾ ਅਸਲਾ ਹੈ।

ਦੂਸਰਾ,'ਮਨੋਰਥ' ਦਾ ਸਵਾਲ, ਦਰਸ਼ਨ (philosophy) ਵਿਚ ਮਨੁਖੀ ਸੰਪੂਰਨਤਾ ਦੀ ਸਮਸਿਆ ਨਾਲ ਸੰਬੰਧਿਤ ਹੈ। ਉਹ ਕਿਹੜੀ ਸਥਿਤੀ ਹੈ, ਜਿਥੇ ਮਨੁਖ ਦੀ ਮਨੁਖਤਾ ਆਪਣੇ ਪਰਮ ਲਕਸ਼ ਨੂੰ ਅਪਣਾ ਲੈਂਦੀ ਹੈ ? ਗੁਰਮਤਿ ਅਨੁਸਾਰ ਜੀਵਨ ਦਾ 'ਪ੍ਰਥਮੇ' ਨਿਸ਼ਾਨਾ ਮਨ ਨੂੰ ਪਰਬੋਧਣਾ ਹੈ।[39] ਮਨੁਖੀ ਜੀਵਨ ਦੇ ਮਿਲੇ ਸਮੇਂ ਵਿਚ ਉਸਨੇ ਇਹ ਸਮਝਣਾ ਹੈ ਕਿ ਜੀਵਨ ਕੀ ਹੈ? ਕਿਥੋਂ ਆਇਆ ਤੇ ਕਿਥੇ ਜਾਣਾ ਹੈ।[40] ਗੁਰਬਾਣੀ ਅਨੁਸਾਰ 'ਲਿਵ-ਧਾਤੁ' ਦੇ ਸੰਸਾਰ-ਵਿਆਪੀ ਦੋ ਰਾਹਾਂ ਵਿਚੋਂ 'ਲਿਵ'ਦਾ ਰਾਹ ਚੁਣ ਕੇ ਮਨੁਖ ਨੇ ਆਪਣਾ ਮੂਲ ਪਛਾਣਨਾ ਹੈ।[41] ਬਾਣੀ-ਮੁਹਾਵਰੇ ਵਿਚ ਇਸ ਨੂੰ ਨਿਜ ਘਰਿ ਵਾਸਾ, ਮੁਕਤਿ ਦੁਆਰਾ, ਪਦ ਨਿਰਬਾਣ, ਕਾਰਜ ਪੂਰਨ ਆਦਿ ਕਿਹਾ ਗਿਆ ਹੈ।[42] ਇਸ ਨੂੰ ਅਸੀਂ ਵਿਅਕਤੀਗਤ-ਮਨੋਰਥ ਕਹਿ ਸਕਦੇ ਹਾਂ। ਇਸ ਮਨੋਰਥ ਵਿਚ ਸਪਸ਼ਟ ਹੈ ਕਿ ਮਨੁਖ-ਰੂਪ ਦੇਹੀ ਗੋਬਿੰਦ ਮਿਲਣ ਦੀ ਇਕ 'ਬਰੀਆ' (ਮੌਕਾ, ਵਾਰੀ) ਹੈ:

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*[43]

ਪਰ ਕੇਵਲ ਵਿਅਕਤੀਗਤ ਮਨੋਰਥ ਦੀ ਪ੍ਰਾਪਤੀ ਨਿਜਵਾਦੀ ਵਿਚਾਰ ਹੈ। ਗੁਰਮਤਿ ਇਸ ਨੂੰ ਪ੍ਰਵਾਨ ਕਰਕੇ ਅੱਗੇ 'ਸਰਬਤ ਦੇ ਭਲੇ'[44] ਦੀ ਵਿਚਾਰਧਾਰਕ ਸੇਧ ਦਿੰਦੀ ਹੈ। ਬਾਣੀ-ਮੁਹਾਵਰੇ ਵਿਚ ਇਸ ਤਥ ਨੂੰ 'ਪਰਉਪਕਾਰ ਦਾ ਉਮਾਹ' ਜਾਂ 'ਲੋਕ ਸੁਖੀਏ' ਆਦਿ ਵਾਕਾਂਸ਼ਾਂ ਰਾਹੀਂ ਦਰਸਾਇਆ ਗਿਆ ਹੈ।[45]

ਵਿਅਕਤੀਗਤ ਜਾਂ ਸਮਾਜਿਕ ਆਦਰਸ਼ ਦੀ ਪੂਰਤੀ ਲਈ ਗੁਰਮਤਿ ਦੁਆਰਾ ਦ੍ਰਿੜਾਏ 'ਸਾਧਨਾ ਮਾਰਗ'ਵਿਚ ਕਿਸੇ ਵਿਸ਼ੇਸ਼ ਸ਼ਾਸਤਰੀ ਮਾਰਗ -ਭਗਤੀ; ਕਰਮ; ਗਿਆਨ;

---

38. *ਮਹਾਨ ਕੋਸ਼*, ਪੰਨਾ 85.
39. ਪ੍ਰਥਮੇ ਮਨੁ ਪਰਬੋਧੈ ਆਪਨਾ ਪਾਛੈ ਅਵਰ ਰੀਝਾਵੈ॥ *ਗੁਰੂ ਗ੍ਰੰਥ ਸਾਹਿਬ*, ੩੮੧.
40. ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥
ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥ *ਉਹੀ*, ੯੯੯.
41. *ਉਹੀ*, ੮੭;੪੪੧.
42. *ਉਹੀ*, ੧੭੬.
43. *ਉਹੀ*, ੧੨.
44. 'ਅਰਦਾਸ', *ਸਿੱਖ ਰਹਿਤ ਮਰਯਾਦਾ*, ਪੰਨਾ 10.
45. ... ਬ੍ਰਹਮਗਿਆਨੀ ਪਰਉਪਕਾਰ ਉਮਾਹਾ॥ *ਗੁਰੂ ਗ੍ਰੰਥ ਸਾਹਿਬ*, ੨੭੩.
ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ *ਉਹੀ*, ੨੯੨.



ਸਹਿਜ ਮਾਰਗ- ਆਦਿ ਦੀ ਚਰਚਾ ਨਹੀਂ, ਇਥੇ ਅਸਲ ਗੱਲ 'ਹਿਰਦੇ ਸਚੁ', 'ਮੁਖਿ ਸਚੁ' ਨੂੰ ਪ੍ਰਵਾਨ ਕੀਤਾ ਗਿਆ ਹੈ, ਭਾਵ 'ਸਚੁ' ਦੀ ਪ੍ਰਾਪਤੀ ਅੰਦਰਲੀ (ਹਿਰਦੇ ਦੀ) 'ਸੁਚਿ' ਨਾਲ ਪ੍ਰਾਪਤ ਹੋਣੀ ਹੈ,[46] ਮਾਰਗਾਂ ਦੀ ਨਾਂ-ਭਿੰਨਤਾ ਇਸ ਰਾਹ ਵਿਚ ਰੁਕਾਵਟ ਨਹੀਂ। ਗੁਰਮਤਿ ਸਾਧਨਾ ਮਾਰਗ ਦੇ ਸਹਾਇਕ ਤਤਾਂ ਵਿਚ ਨਾਮ, ਗੁਰੂ, ਵਾਹਿਗੁਰੂ, ਕਿਰਪਾ[47] ਆਦਿ ਤੋਂ ਬਿਨ੍ਹਾਂ, ਜਿਵੇਂ ਕਿ ਅਸੀਂ ਅੱਗੇ ਚਲ ਕੇ ਵੇਖਾਂਗੇ, ਸਚੀ ਕਿਰਤ ਵੀ ਸ਼ਾਮਿਲ ਹੈ।

**ਸਮਾਜ ਦਰਸ਼ਨ :** ਗੁਰਮਤਿ, ਗ੍ਰਿਹਸਥੀ ਜੀਵਨ ਦੀ ਹਾਮੀ ਵਿਚਾਰਧਾਰਾ ਹੈ। ਇਸ ਵਿਚਾਰਧਾਰਾ ਨੇ ਸਮਾਜ ਪ੍ਰਤੀ ਉਦਾਸੀਨਤਾ ਨਹੀਂ ਸਿਖਾਈ ਤੇ ਨਾ ਹੀ ਇਸ ਵਿਚ ਖਚਤ ਹੋਣਾ ਕਬੂਲਿਆ ਹੈ। ਬਾਣੀ ਵਿਚ ਇਸ ਕਿਸਮ ਦੀ ਜੀਵਨ-ਦ੍ਰਿਸ਼ਟੀ ਲਈ ਪ੍ਰਵਿਰਤੀ ਕਰਮ ; ਮਾਇਆ ਵਿਚ ਉਦਾਸ; ਘਰ ਹੀ ਮਾਹਿ ਉਦਾਸ; ਆਸਾ ਮਹਿ ਨਿਰਾਸਾ; ਅੰਜਨ ਮਾਹਿ ਨਿਰੰਜਨ ਆਦਿ ਅਨੇਕਾਂ ਉਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ।[48] ਹੋਰ ਸਿੱਖ ਸਾਹਿਤ ਵਿਚੋਂ ਵੀ ਉਕਤ ਤਥ ਦੀ ਵਿਆਖਿਆ ਲਈ ਹਵਾਲੇ ਉਧਰਿਤ ਕੀਤੇ ਜਾ ਸਕਦੇ ਹਨ।[49]

ਗ੍ਰਿਹਸਥ ਜੀਵਨ ਦੀ ਹੋਰ ਮਤਾਂ/ਵਿਚਾਧਾਰਾਵਾਂ ਵਿਚ ਮਾਣਤਾ ਤਾਂ ਭਾਵੇਂ ਦਿਤੀ ਗਈ, ਪਰ 'ਪਰਧਾਨਤਾ' ਗੁਰਮਤਿ ਨੇ ਹੀ ਦਿਤੀ।[50] ਇਥੇ ਸਮਾਜ ਦੀਆਂ ਜਿੰਨੀਆਂ ਵੀ ਗਲਤ ਰੂੜ੍ਹੀਆਂ, ਜਿਹੜੀਆਂ ਸੰਸਥਾਵਾਂ ਦਾ ਰੂਪ ਧਾਰਨ ਕਰ ਚੁਕੀਆਂ ਸਨ, ਨੂੰ ਸਖਤੀ ਨਾਲ ਰਦਿਆ ਗਿਆ ਹੈ। ਜਿਸ ਸਮਾਜ ਜਾਂ ਸਮੇਂ ਵਿਚ ਸਿੱਖੀ ਦਾ ਜਨਮ ਹੋਇਆ, ਉਸ ਸਮਕਾਲੀ ਸਮਾਜ ਦੀ ਬੁਨਿਆਦੀ ਸੰਸਥਾ ਜਾਤ-ਪਾਤੀ ਪ੍ਰਬੰਧ ਹੈ। ਵਰਣਾਸ਼ਰਮ ਧਰਮ ਦੀ ਡੂੰਘੀ ਤੇ ਚੀੜ੍ਹੀ ਇਹ ਸੰਸਥਾ "ਆਪਣੇ ਪੂਰੇ ਜੋਬਨ ਵਿਚ ਇਕ ਐਸੀ ਸਮਾਜਕ ਬਣਤਰ ਹੈ, ਜਿਸ ਦੀ ਮਿਸਾਲ {ਭਾਰਤ ਬਿਨ੍ਹਾਂ} ਦੁਨੀਆਂ ਵਿਚ ਨਹੀਂ ਮਿਲਦੀ। ਇਹ ਐਲਾਨੀਆਂ ਇਸ ਅਸੂਲ ਉਤੇ ਕਾਇਮ ਹੈ ਕਿ ਮਨੁਖ ਹਮੇਸ਼ਾ ਲਈ ਇਕ ਦੂਜੇ ਦੇ ਬਰਾਬਰ ਨਹੀਂ"।[51]

---

46. ਸੁਚਿ ਹੋਵੈ ਤਾ ਸਚੁ ਪਾਈਐ ॥ *ਉਹੀ*, ੨੬੫.
47. ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥ *ਉਹੀ*, ੧੧੮੫.
ਮਨ ਰੇ ਦੂਜਾ ਭਾਉ ਚੁਕਾਇ ॥
ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ *ਉਹੀ*, ੩੩.
48. ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ *ਉਹੀ*, ੭੩੦.
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ *ਉਹੀ*, ੯੩੮.
ਵਿਚੇ ਗ੍ਰਿਹ ਸਦਾ ਰਹੇ ਉਦਾਸੀ ਜਿਉ ਕਮਲ ਰਹੇ ਵਿਚਿ ਪਾਣੀ ਹੇ ॥ *ਉਹੀ*, ੧੦੭੦.
49. ਗੁਰਮੁਖਿ ਆਸ ਨਿਰਾਸ ਮਤਿ ਅਰਖੇਉ ਹੈ ॥...
ਘਰ ਹੀ ਵਿਚਿ ਉਦਾਸ... *ਭਾਈ ਗੁਰਦਾਸ*, *ਵਾਰ/ਪਉੜੀ* ੩/੨.
50. ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ, ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥
*ਉਹੀ*, ਕਬਿਤ ੩੭੬.
51. ਸ. ਜਗਜੀਤ ਸਿੰਘ, *ਸਿੱਖ ਇਨਕਲਾਬ*, ਪੰਨਾ 2.

ਗੁਰਮਤਿ ਨੇ ਸਿਧਾਂਤਕ ਤੇ ਵਿਹਾਰਕ , ਦੋਹਾਂ ਪਧਰਾਂ ਉਤੇ ਇਸ ਜਾਤੀ-ਪ੍ਰਬੰਧ ਨੂੰ ਰਦ ਕੀਤਾ ਹੈ। ਪ੍ਰਾਭੌਤਿਕ ਦ੍ਰਿਸ਼ਟੀ ਤੋਂ ਸਾਰੇ ਮਨੁਖ ਇਕੋ ਜੋਤਿ ਪਰਮਾਤਮਾ ਦੀ ਅੰਸ਼ ਹਨ, ਕੋਈ ਉਚਾ-ਨੀਵਾਂ ਜਾਂ ਚੰਗਾ-ਮਾੜਾ ਨਹੀਂ। ਮਨੁਖ ਦੀ ਮਹਤਾ 'ਜੋਤਿ' ਕਰਕੇ ਹੈ, 'ਜਾਤਿ' ਕਰਕੇ ਨਹੀਂ; ਕਿਉਂਕਿ 'ਆਗੈ' ( ਆਤਮਿਕ ਜਗਤ/ ਵਿਕਾਸ ਵਿਚ) 'ਜਾਤਿ' ਦੀ ਕੋਈ ਵੁਕਤ ਨਹੀਂ:

*ਜਾਣਹੁ ਜੋਤਿ ਨਾ ਪੂਛਹੁ ਜਾਤੀ ਆਗੈ ਜਾਤਿ ਨ ਹੇ ॥*[52]
*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥*[53]

ਵਿਹਾਰਕ ਤੌਰ 'ਤੇ, ਜਿਵੇਂ ਭਾਈ ਗੁਰਦਾਸ ਜੀ ਇਸ਼ਾਰਾ ਕਰਦੇ ਹਨ, ਗੁਰੂ ਸਾਹਿਬਾਨ ਨੇ ਚਾਰ ਵਰਨਾਂ ਨੂੰ 'ਇਕ ਵਰਨ' ਵਿਚ ਲਿਆਂਦਾ।[54] ਅਠਾਰਵੀਂ ਸਦੀ ਦੇ ਸਿੱਖ ਸਾਹਿਤ ਨੇ ਵਡੇ ਪਧਰ ਤੇ ਉਕਤ ਤਥ ਦੀ ਜ਼ੋਰਦਾਰ ਪੁਸ਼ਟੀ ਕੀਤੀ ਹੈ।[55]

ਸਿੱਖੀ ਦੇ ਸਮਾਜ ਦਰਸ਼ਨ ਵਿਚ ਔਰਤ ਨੂੰ ਛੁਟਿਆਇਆ ਨਹੀਂ ਗਿਆ, ਬਲਕਿ ਉਸਦੇ ਵਿਸ਼ੇਸ਼ ਗੁਣਾਂ ਦੀ ਕਦਰ ਕਰਦਿਆਂ, ਉਸ ਨੂੰ ਅਧਿਆਤਮਕ ਤੇ ਸਮਾਜਿਕ ਜੀਵਨ ਵਿਚ ਪੁਰਖ ਦੇ ਬਰਾਬਰ ਦਾ ਹਿੱਸੇਦਾਰ ਘੋਸ਼ਤ ਕੀਤਾ ਗਿਆ ਹੈ। ਔਰਤ ਦੀ, ਸਨਾਤਨ ਪਰੰਪਰਾਵਾਂ ਵਲੋਂ ਬਣਾਈ ਹਾਲਤ ਦੇ ਨਖਿਧ ਵਰਤਾਰੇ ਦੇ ਸੰਕੇਤ ਬਾਣੀ ਵਿਚ ਅਕਸਰ ਪ੍ਰਾਪਤ ਹੋ ਜਾਂਦੇ ਹਨ।[56]

ਸਮਕਾਲੀ ਸਮਾਜ ਦੇ ਸ਼ੋਸ਼ਤ ਵਰਤਾਰੇ, ਚਾਹੇ ਉਹ ਰਾਜਸੀ, ਧਾਰਮਿਕ ਜਾਂ ਸਮਾਜਿਕ ਹੋਵੇ,ਗੁਰਮਤਿ ਉਸਨੂੰ ਪੂਰੀ ਤਰ੍ਹਾਂ ਅਪ੍ਰਵਾਨ ਕਰਕੇ 'ਹਲੇਮੀ ਰਾਜ' ਤੇ 'ਬੇਗਮਪੁਰਾ' ਦਾ ਸੰਕਲਪ ਦਿੰਦੀ ਹੈ।[57] ਇਸ ਸ਼ੋਸ਼ਤ ਵਰਤਾਰੇ ਵਿਚ ਰਾਜਸ਼ਾਹੀ ਪਖੋਂ ਲੋਕਾਂ ਦੀ ਪੀਤੀ ਜਾਂਦੀ ਰੱਤ[58], ਕਰਮਚਾਰੀਆਂ ਦੀ ਬੇਈਮਾਨੀ ; ਠਗੀਠੋਰੀ [59], ਨਿਆਂ ਪ੍ਰਬੰਧ ਵਿਚਲੀ ਰਿਸ਼ਵਤਖੋਰੀ, ਕਟੜਤਾਈ[61], ਵਰਣਾਸ਼ਰਮ

52. *ਗੁਰੂ ਗ੍ਰੰਥ ਸਾਹਿਬ*, ੩੪੯.
53. *ਉਹੀ*, ੧੩੩੦.
54. ਚਾਰੇ ਪੈਰ ਧਰਮ ਚਾਰਿ ਵਰਨਿ ਇਕੁ ਵਰਨੁ ਕਰਾਇਆ ॥ *ਵਾਰ/ਪਉੜੀ* ੧/੨੩.
55. ਸੈਨਾ ਸਿੰਘ, *ਸ੍ਰੀ ਗੁਰ ਸੋਭਾ*, ਅਧਿ/ਬੰਦ/ਪੰਨਾ ੬/੨੦੦/੮੮;
ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ*, ਚਰਣ/ਬੰਦ/ਪੰਨਾ ੧੦/੧੫੩-੫੪/੮੬ .
56. ਸਤੀਆ ਏਹਿ ਨ ਆਖੀਅਨ ਜੋ ਮੜੀਆ ਲਗ ਜਲਨਿ ॥ *ਗੁਰੂ ਗ੍ਰੰਥ ਸਾਹਿਬ, ੭੮੭*.
57. ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ *ਉਹੀ*, ੩੪੫.
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ *ਉਹੀ, ੭੪*.
58. ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥ *ਉਹੀ*, ੧੨੮੮.
59. ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥ *ਉਹੀ*, ੧੦੩੨.
60. ਕਾਦੀ ਕੂੜੁ ਬੋਲਿ ਮਲੁ ਖਾਇ ॥ *ਉਹੀ*, ੬੬੨.
61. ਰਾਜਾ ਨਿਆਉ ਕਰੇ ਹਥਿ ਹੋਇ ॥
ਕਹੈ ਖੁਦਾਇ ਨਾ ਮਾਨੈ ਕੋਇ ॥ *ਉਹੀ*, ੩੪੯.



ਪਰੰਪਰਾ ਦੇ ਦੰਭ[62], ਪਰਿਵਾਰਾਂ ਦੀ ਹਾਲਤ[63], ਤੀਰਥ-ਵਰਤ; ਯਗ, ਬਲੀਆਂ ਤੇ ਹੋਰ ਝੂਠੇ ਕਰਮ-ਕਾਂਡ[64], ਨਸ਼ੇ, ਜੂਆਬਾਜ਼ੀ[65], ਹਠ-ਯੋਗ[66], ਗੋਰ-ਮੜੀ; ਸੁਚ-ਭਿਟ...[67], ਗੱਲ ਕੀ ਬਹੁਤ ਕੁਝ ਸ਼ਾਮਿਲ ਹੈ। ਸਿੱਖੀ ਦਾ ਸਮਾਜ ਦਰਸ਼ਨ,ਪਹਿਲਾਂ ਕੀਤੇ ਸੰਕੇਤ ਮੁਤਾਬਿਕ, ਹਰ ਮਾੜੀ ਕੀਮਤ ਨੂੰ ਸਖਤੀ ਨਾਲ ਸਿਧਾਂਤਕ ਤੇ ਵਿਹਾਰਕ ਪਧਰ 'ਤੇ ਰਦਦਾ ਹੈ।

ਉਪਰੋਕਤ ਵਿਚਾਰਾਂ ਤੋਂ ਅਸੀਂ ਹੇਠ ਲਿਖੇ ਨਤੀਜਿਆਂ ਤੇ ਪਹੁੰਚਦੇ ਹਾਂ :

(1) ਗੁਰਮਤਿ ਦਾ ਪਰਮਾਤਮਾ ਕੇਵਲ ਬ੍ਰਹਮ, ਨਿਰੰਕੁਸ਼ ਜਾਂ ਨਿਰਲੇਪ ਨਹੀਂ, ਉਹ ਕਣ-ਕਣ ਵਿਚ ਸਮਾਇਆ ਹੋਇਆ, ਹਰੇਕ ਜੀਵ ਦੇ ਅੰਗ-ਸੰਗ ਹੈ; 'ਕਰਤਾ ਪੁਰਖੁ' ਹੈ, ਕਰਤਾਰ-ਕਿਰਤੀ ਹੈ। ਕਿਰਤੀ ਰੱਬ ਦੇ ਸੰਕਲਪ ਨੇ ਹੀ ਦਸਾਂ ਨਹੁੰਆਂ ਦੀ ਕਿਰਤ ਦਾ ਸੰਕਲਪ ਪੈਦਾ ਕੀਤਾ ਤੇ ਕਰਨਾ ਹੈ।

(2) ਜਗਤ ਪਸਾਰਾ, ਸਨਾਤਨੀ ਪਰੰਪਰਾਵਾਂ ਵਾਲਾ ਮਾਇਆ ਛਲਾਵਾ ਨਹੀਂ,ਇਹ ਸਚੇ ਵਾਹਿਗੁਰੁ ਦੀ ਸਚੀ ਕਿਰਤ ਹੈ, ਇਸ ਕਰਕੇ ਇਸ ਨੂੰ ਤਿਆਗਣਾ ਗੁਰਮਤਿ ਨਹੀਂ, ਇਸੇ ਸੰਸਾਰ ਵਿਚ ਰਹਿ ਕੇ ਇਸ ਕੁਦਰਤ ਰਾਹੀਂ ਹੀ ਕਾਦਰ ਦੀ ਪਛਾਣ ਕਰਨੀ ਹੈ।

(3) ਮਨੁਖ, ਸਰੀਰ ਤੇ ਆਤਮਾ ਦਾ ਜੋੜ ਹੈ। ਇਸ ਦਾ ਉਦੇਸ਼ ਪਰਮਾਤਮਾ ਦੀ ਭਗਤੀ ਕਰਕੇ ਉਸਨੂੰ ਪ੍ਰਾਪਤ ਕਰਨਾ ਤੇ ਸੰਸਾਰ ਦੀ ਸੇਵਾ ਕਰਨਾ ਹੈ। ਸੰਸਾਰ ਦਾ ਉਧਾਰ, ਸੰਸਾਰ ਵਿਚ ਰਹਿ ਕੇ ਹੀ ਹੋ ਸਕਦਾ ਹੈ। ਇਸ ਤਰ੍ਹਾਂ ਗੁਰਮਤਿ ਫ਼ਲਸਫ਼ਾ ਭਾਂਜਵਾਦੀ ਫ਼ਲਸਫ਼ਾ ਨਹੀਂ, ਰਣ-ਤਤੇ (ਸੰਸਾਰ) ਵਿਚ ਜੂਝਣ ਦਾ ਫ਼ਲਸਫਾ ਹੈ।

(4) ਅਧਿਆਤਮਕ ਦਰਸ਼ਨ ਦੇ ਸਮਤੋਲ ਹੀ ਗੁਰਮਤਿ ਦਾ ਸਮਾਜਕ ਨਜ਼ਰੀਆ ਹੈ। ਦੂਜੇ ਸ਼ਬਦਾਂ ਵਿਚ ਸਮਾਜ ਪ੍ਰਤੀ ਸਿੱਖੀ ਦੀ ਦ੍ਰਿਸ਼ਟੀ ਅਧਿਆਤਮਕ ਦ੍ਰਿਸ਼ਟੀ ਦੇ ਹੀ ਤੁਲ ਹੈ । ਇਹ ਸੰਨਿਆਸਵਾਦ ਨਹੀਂ, ਇਸੇ ਕਰਕੇ ਗੁਰਮਤਿ ਵਿਚ ਸਮਾਜਾਲੋਚਨਾ ਦਾ ਅੰਸ਼ ਭਾਰੂ ਹੈ ਤੇ ਵਿਹਾਰਕ ਪਧਰ ਉਤੇ ਇਤਿਹਾਸਕ ਜਦੋ-ਜਹਿਦ ਹੈ।

ਉਕਤ ਵਿਚਾਰ ਚੌਖਟੇ ਦੀ ਦ੍ਰਿਸ਼ਟੀ ਵਿਚ ਹੁਣ ਅਸੀਂ ਅਗਲੇ ਪੰਨਿਆਂ 'ਤੇ ਸੁਕ੍ਰਿਤ ਦੇ ਸਿਧਾਂਤਕ,ਇਤਿਹਾਸਕ ਅਤੇ ਸੰਸਥਾਗਤ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਦਾ ਜਤਨ ਕਰਾਂਗੇ।

62. ਬ੍ਰਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ...
ਜੋ ਹਰਿ ਧਿਆਵੈ ਸੋ ਪਰਧਾਨਿ॥ *ਉਹੀ*, ੮੬੧.
63. ਜੀਵਤ ਪਿਤਰ ਨਾ ਮਾਨੈ ਕੋਊ ਮੂਏ ਸਿਰਾਧ ਕਰਾਹੀ ॥ *ਉਹੀ*, ੩੩੨.
64. ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥ *ਉਹੀ*, ੧੧੩੯.
65. ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਏ ਖੇਲਣ ਕਾਚੀ ਸਾਰੀ ॥ *ਉਹੀ*, ੨੨੨.
66. ਭਸਮ ਚੜਾਇ ਕਰਹਿ ਪਾਖੰਡੁ॥ ਮਾਇਆ ਮੋਹਿ ਸਹਹਿ ਜਮ ਡੰਡੁ ॥ *ਉਹੀ*, ੯੦੩.
67. ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥ *ਉਹੀ*, ੧੧੯੫.

## ਅਧਿਆਇ ਦੂਜਾ
# ਸੁਕ੍ਰਿਤ : ਸਿਧਾਂਤਕ ਅਧਿਐਨ

**ਮ**ਨੁਖੀ ਵਿਗਾਸ ਦੇ ਆਰੰਭ ਸਮੇਂ ਹੀ 'ਕਿਰਤ' ਇਕ ਸੰਕਲਪ ਵਜੋਂ ਹੋਂਦ ਗ੍ਰਹਿਣ ਕਰ ਚੁਕੀ ਇਕ ਅਜਿਹੀ ਧਾਰਨਾ ਹੈ, ਜਿਸ ਦਾ ਮੁਖ ਸੰਬੰਧ ਜੀਵਨ ਦੇ ਵਿਹਾਰਿਕ ਸਰੋਕਾਰ ਨਾਲ ਹੈ। ਇਹ ਮਨੁਖੀ ਜੀਵਨ ਦੀ ਇਕ ਅਮਲੀ ਸ਼ਾਖਾ ਹੈ। ਇਹ ਕੋਈ ਕਲਾ, ਵਿਗਿਆਨ ਜਾਂ ਕਿਸੇ ਕਿਸਮ ਦਾ ਗਿਆਨ-ਅਨੁਸ਼ਾਸ਼ਨ (acdemic discipline) ਨਹੀਂ, ਬਲਕਿ ਮਾਨਵ ਦਾ ਇਕ ਅਜਿਹਾ 'ਗੁਣ' (value) ਹੈ, ਜਿਹੜਾ ਵਿਅਕਤੀਗਤ ਰੂਪ ਵਿਚ ਵਰਤਮਾਨ ਹੈ, ਸਰੂਪ ਵਜੋਂ ਭਾਵੇਂ ਇਹ ਕੋਈ ਵੀ ਰੂਪ ਧਾਰਨ ਕਰ ਚੁਕਾ ਹੋਵੇ।

ਇਥੇ ਸੁਕ੍ਰਿਤ ਦੇ ਸਿਧਾਂਤਕ ਅਧਿਐਨ ਰਾਹੀਂ, ਸੁਕ੍ਰਿਤ ਦੀ ਵਰਤੋਂ ਦੇ ਪ੍ਰਸੰਗ ਵਿਚ,ਇਸ ਦੇ ਅਰਥ ਨਿਰਧਾਰਤ ਕਰਕੇ, ਇਕ ਤਰਤੀਬ ਵਿਚ ਵਿਧੀ-ਪੂਰਵਕ ਇਸ ਦਾ ਘੇਰਾ, ਪ੍ਰੀਭਾਸ਼ਾ, ਸਰੂਪ, ਮਨੋਰਥ ਆਦਿ ਵੇਖਣ ਦਾ ਜਤਨ ਕੀਤਾ ਜਾ ਰਿਹਾ ਹੈ ਤੇ ਵਿਸ਼ਲੇਸ਼ਣ ਦੇ ਆਧਾਰ ਤੇ ਪ੍ਰਾਪਤ ਨਤੀਜਿਆਂ ਰਾਹੀਂ ਇਸ ਨੂੰ ਗੁਰਬਾਣੀ ਤੇ ਹੋਰ ਮੁਢਲੇ ਸਿੱਖ ਸਾਹਿਤ ਦੇ ਪਰਿਪੇਖ ਵਿਚ 'ਭਾਵ' ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਸ਼ਬਦਾਰਥ

ਸ਼ਬਦ 'ਕਿਰਤ' ਨਾਲ 'ਸੁ', ਅਗੇਤਰ ਵਜੋਂ ਜੁੜ ਕੇ 'ਸੁਕਿਰਤ' ਬਣਿਆ ਹੈ ਤੇ ਪੰਜਾਬੀ ਵਿਚ ਇਸ ਦੇ ਦੋ ਸ਼ਬਦ-ਜੋੜ ਪ੍ਰਚਲਿਤ ਤੇ ਪ੍ਰਮਾਣਿਤ ਹਨ- ਸੁਕ੍ਰਿਤ ਤੇ ਸੁਕਿਰਤ।[1] ਸੰਸਕ੍ਰਿਤ ਦੇ **कृत्य** ਜਾਂ **किरत** ਨਾਲ 'ਸੁ' ਅਗੇਤਰ ਵਜੋਂ ਜੁੜ ਕੇ ਬਣੇ ਸ਼ਬਦ **सुकृत, सुकृति, सुकृतम** ਆਦਿ ਸ਼ਬਦ-ਰੂਪਾਂ ਤੋਂ ਸੁਕ੍ਰਿਤ ਜਾਂ ਸੁਕਿਰਤ ਸ਼ਬਦ ਵਿਉਂਤਪਤ ਹੋਇਆ ਹੈ।[2] 'ਕਿਰਤ' ਤੋਂ 'ਸੁ' ਜੁੜ ਕੇ ਸੁਕਿਰਤ ਬਣੇ ਇਸ ਸਮਾਸੀ-ਸ਼ਬਦ ਦਾ ਜਿਥੇ ਕਿਰਤ ਸ਼ਬਦ ਨਾਲੋਂ ਰੂਪ-ਪਰਿਵਰਤਨ ਹੋਇਆ ਹੈ, ਉਥੇ, ਜਿਵੇਂ ਕਿ ਅਸੀਂ ਅੱਗੇ ਚਲ ਕੇ ਵੇਖਾਂਗੇ, ਅਰਥ-ਵਿਸਤਾਰ ਵੀ ਹੋਇਆ ਹੈ।

ਸ਼ਬਦ 'ਕਿਰਤ' ਇਤਿਹਾਸ ਵਿਚ ਇਕ ਸੰਸਥਾਈ-ਸ਼ਬਦ ਵਜੋਂ ਮਾਣਤਾ ਪ੍ਰਾਪਤ ਹੈ, ਜਿਸ ਵਿਚ 'ਕਿਰਤ' ਨੂੰ ਅਗੇਤਰ ਵਜੋਂ ਰਖ ਕੇ ਘੜੇ ਗਏ ਸੰਸਥਾਈ-ਸਮਾਸਾਂ ਦੀ ਲੰਮੀ ਸੂਚੀ ਹੈ, ਜਿਵੇਂ (ਉਦਾਹਰਣ ਵਜੋਂ) : ਕਿਰਤ-ਸ਼ਕਤੀ, ਕਿਰਤ-ਕਮਾਈ, ਕਿਰਤ-ਚੋਰੀ, ਕਿਰਤ-

1. ਡਾ. ਹਰਕੀਰਤ ਸਿੰਘ, (ਸੰਪਾ.) *ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼*, ਪੰਨਾ 137.
2. ਡਾ. ਪ੍ਰੇਮ ਪ੍ਰਕਾਸ਼ ਸਿੰਘ, (ਸੰਪਾ.) *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 1028.



ਵਿਰੋਧੀ ਆਦਿ।[3] ਇਸੇ ਤਰ੍ਹਾਂ ਭਾਵਵਾਚਕ ਨਾਂਵ 'ਕਿਰਤ' ਤੋਂ ਵਿਕਸਿਤ ਹੋ ਕੇ ਨਾਂਵ (noun) ਬਣੇ, 'ਕਿਰਤੀ' ਸ਼ਬਦ ਨੇ ਵੀ ਸੰਸਥਾਈ ਰੂਪ ਗ੍ਰਹਿਣ ਕੀਤਾ ਹੈ, ਜਿਵੇਂ ਕਿਰਤੀ-ਰਾਜ, ਕਿਰਤੀ-ਸੰਘ, ਕਿਰਤੀ-ਕਿਸਾਨ, ਕਿਰਤੀ-ਲਹਿਰ ਆਦਿ[4]। ਵਿਸ਼ੇਸ਼ ਅਰਥ ਪਰਿਵਰਤਨ ਲਈ ਉਕਤ ਸੰਸਥਾਈ ਸਮਾਸਾਂ ਅੱਗੇ 'ਸੁ' ਅਗੇਤਰ ਨਿਰਸੰਕੋਚ ਜੋੜਿਆ ਜਾ ਸਕਦਾ ਹੈ, ਭਾਵੇਂ ਇਤਿਹਾਸ ਵਿਚ ਅਜਿਹਾ ਨਹੀਂ ਹੋਇਆ। ਵਿਆਕਰਣ ਦੀ ਦ੍ਰਿਸ਼ਟੀ ਤੋਂ 'ਕਿਰਤ' ਜਾਂ 'ਸੁਕ੍ਰਿਤ', ਪੁਲਿੰਗ, ਇਸਤਰੀ ਲਿੰਗ, (ਸੰਸਕ੍ਰਿਤ ਵਿਚ) ਨਪੁੰਸਕ ਲਿੰਗ, ਇਕ ਵਚਨ, ਸੰਗਯਾ ਆਦਿ ਅਨੇਕਾਂ ਰੂਪਾਂ ਵਿਚ ਵਰਤੋਂਯੋਗ ਹੈ।[5]

ਸ਼ਬਦ 'ਕਿਰਤ' ਵਿਚ ਮੂਲ-ਅੰਸ਼ 'ਕਰ' ਸ਼ਬਦ ਹੈ, ਜਿਸ ਤੋਂ ਕਰਨ, ਕਾਰਨ, ਕਰਤਾ, ਕਾਰ ਆਦਿ ਸ਼ਬਦਾਂ ਸਮੇਤ 'ਕਿਰਤ' ਸ਼ਬਦ ਵੀ ਬਣਦਾ ਹੈ। ਇਸ ਦਾ ਭਾਵ ਕੋਈ ਕੰਮ ਕਰਨਾ ਜਾਂ ਜੋ ਕੀਤਾ ਜਾਵੇ[6] (to do), ਆਦਿ ਬਣਦਾ ਹੈ। ਪੰਜਾਬੀ ਵਿਚ 'ਕਰ' ਤੋਂ 'ਕਾਰ-ਕਿਰਿਆ' ਦੇ ਇਸਤਰੀ ਲਿੰਗ 'ਕਾਰੀ' ਜਦੋਂ ਕਿਸੇ ਕਿੱਤੇ (ਨਾਂਵ) ਦੇ ਪਿਛੇਤਰ ਰੂਪ ਵਿਚ ਜੋੜ ਦਿਤਾ ਜਾਵੇ ਤਾਂ ਆਪਣੇ ਆਪ ਵਿਚ 'ਕਿੱਤਾਕਰਨ' ਦਾ ਇਕ ਪਬ੍ਰੰਧ ਸਿਰਜਿਆ ਜਾਂਦਾ ਹੈ, ਜਿਵੇਂ ਦਸਤਕਾਰੀ, ਕਸੀਦਾਕਾਰੀ, ਫੁਲਕਾਰੀ, ਚਿਤਰਕਾਰੀ, ਬੁਤਕਾਰੀ, ਮੀਨਾਕਾਰੀ ਆਦਿ। ਇਥੇ 'ਕਾਰੀ' ਸੰਬੰਧਿਤ ਕਿੱਤੇ ਦੇ ਕਰਨ, ਬਨਾਉਣ ਜਾਂ ਸਿਰਜਣ ਦੇ ਅਰਥਾਂ ਵਿਚ ਹੈ।[7]

ਸੋ ਕਿਰਤ ਦਾ ਅਰਥ ਕੰਮ, ਕ੍ਰਿਆ ਜਾਂ ਕੁਝ ਹੋਣ ਦੇ ਭਾਵ ਵਿਚ ਹੈ। 'ਸੁ' ਅਗੇਤਰ ਨਾਲ ਬਣੇ ਸ਼ਬਦ 'ਸੁਕ੍ਰਿਤ' ਦਾ ਭਾਵ ਚੰਗਾ ਕੰਮ ਹੈ। ਦਾਰਸ਼ਨਿਕ ਦ੍ਰਿਸ਼ਟੀ ਤੋਂ ਚੰਗਾ ਕੰਮ ਜਾਂ ਸ਼ੁਭ ਕੰਮ ਕਿਹੜਾ ਹੈ? ਇਹ ਬਹਿਸ ਦਾ ਮਸਲਾ ਹੈ, ਜਿਸ ਦਾ ਜ਼ਿਕਰ ਸੰਬੰਧਤ ਥਾਂ 'ਤੇ ਕੀਤਾ ਜਾਵੇਗਾ, ਪਰ ਕੋਸ਼ਕਾਰਾਂ ਨੇ ਕੰਮ ਦੇ ਚੰਗੇ ਹੋਣ ਦਾ ਇਕ ਲਛਣ 'ਧਰਮ ਦੇ ਕੰਮ' ਨੂੰ ਮੰਨਿਆ ਹੈ।[8] ਧਰਮ ਦਾ ਕੰਮ, ਧਰਮੀ ਕੰਮ ਜਾਂ ਸਿੱਖ ਬੋਲੀ ਵਿਚ 'ਧਰਮ ਦੀ ਕਿਰਤ' ਵਿਚ ਦਿਬਤਾ (divineness) ਸ਼ਾਮਿਲ ਹੈ, ਜਿਸ ਦਾ ਭਾਵ ਬਣਿਆ 'ਰੱਬੀ ਕੰਮ'ਜਾਂ ਰੱਬ ਦੀ ਰਜ਼ਾ ਵਿਚ ਕੀਤਾ ਜਾਣ ਵਾਲਾ ਕੰਮ। ਅੰਗਰੇਜ਼ੀ ਵਿਚ 'ਕਿਰਤ' ਪ੍ਰਥਾਇ 'labour' ਸ਼ਬਦ ਵਰਤਿਆ ਜਾਂਦਾ ਹੈ, ਪਰ 'ਸੁਕ੍ਰਿਤ' ਪ੍ਰਥਾਇ ਵਰਤੇ ਜਾਂਦੇ ਸੈਂਕੜੇ ਸ਼ਬਦਾਂ ਵਿਚੋਂ ਅਸੀਂ 'virtue' ਸ਼ਬਦ ਵਰਤ ਸਕਦੇ ਹਾਂ, ਜਿਸ ਦਾ ਭਾਵ ਚੰਗਾ, ਠੀਕ ਜਾਂ ਸਹੀ ਕੰਮ ਹੈ ਤੇ ਇਸ ਵਿਚ ਦੈਵੀ ਸ਼ਕਤੀ (divine-power) ਦਾ ਪ੍ਰਵੇਸ਼

3. ਈ. ਐਸ. ਰਾਬਿਨੋ ਵਿਚ, (ਸੰਪਾ.) *ਪੰਜਾਬੀ-ਰੂਸੀ ਸ਼ਬਦ ਕੋਸ਼*, ਪੰਨੇ 345-46.
4. *ਉਹੀ।*
5. *ਪੰਜਾਬੀ ਕੋਸ਼*, ਜਿ.1, ਪੰਨਾ 456.
6. ੧ੳ ਚਿੰਨ੍ਹ ਵਿਚ 'ਕਾਰ' (੍) ਪਰਮਸਤਾ ਦੇ ਸ੍ਰਿਸ਼ਟੀ ਕਰਤਾ ਹੋਣ ਦਾ ਸੂਚਕ ਹੈ।
7. ਪੁਸ਼ਟੀ ਲਈ: ਪਰਮਜੀਤ ਸਿੰਘ, *ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰੀ*, ਪੰਨਾ 28.
8. डा. भोलानाथ तिवारी, *हिन्दी पर्यावाची कोश*, पृ. ६६८; कालिका प्रसाद (संपा.), *बृहत् हिंदी कोश*, पृ.१५१३; करुणा त्रिपाठी, *लधु हिंदी शब्दसागर*, पृ. १०११ आदि ।

ਲਾਜ਼ਮੀ ਹੈ।[9] ਮੋਨੀਅਰ ਵਿਲੀਅਮ ਦੀ ਨਜ਼ਰ ਵਿਚ ਉਕਤ ਪ੍ਰਸੰਗਾਰਥ ਲਈ 'ਸੁਕਰਮਨ' (performing good works) ਸ਼ਬਦ ਵਧੇਰੇ ਉਚਿਤ ਹੈ।[10]

**ਵਰਗੀਕਰਨ**

ਕਿਸਮ ਦੀ ਦ੍ਰਿਸ਼ਟੀ ਤੋਂ ਅਸੀਂ ਕਿੱਤਿਆਂ ਜਾਂ ਹੋਣ ਵਾਲੀ ਕਿਰਤ ਦਾ ਪਾਰਾਵਾਰ ਨਹੀਂ ਪਾ ਸਕਦੇ, ਭਾਵ ਗਿਣਤੀ ਨਹੀਂ ਕਰ ਸਕਦੇ। ਸਮੁਚੀ ਮਾਨਵੀ ਘਾਲਣਾ ਨੂੰ ਉਂਵ ਤਿੰਨ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ:

**ਖੇਤੀਬਾੜੀ**
**ਵਪਾਰ ਤੇ**
**ਨੌਕਰੀ**

ਗੁਰਮਤਿ ਦੇ ਸੰਦਰਭ ਵਿਚ, ਜਿਵੇਂ ਕਿ ਸੰਬੰਧਿਤ ਪ੍ਰਕਰਣ ਵਿਚ ਵੇਖਿਆ ਜਾਵੇਗਾ, ਮਾਨਸਿਕ ਸਹਿਜ ਘਾਲਣਾ; ਜਿਸ ਵਿਚ ਨਾਮ ਸਿਮਰਨ ਵੀ ਸ਼ਾਮਿਲ ਹੈ, ਉਕਤ ਵਰਗੀਕਰਨ ਦੀ ਕਿਰਤ-ਕਿਸਮ ਤੋਂ ਬਾਹਰ ਹੈ।

ਪ੍ਰਕਿਰਤੀ (nature) ਦੀ ਦ੍ਰਿਸ਼ਟੀ ਸਮੁਚੀ 'ਕਿਰਤ' ਦੇ ਸਰੂਪ/ਸੁਭਾਅ ਨੂੰ ਮੁਖ ਦੋ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ:

**ਚੰਗੀ , ਠੀਕ ਜਾਂ ਸਚੀ ਕਿਰਤ**
**ਮਾੜੀ, ਗਲਤ ਜਾਂ ਝੂਠੀ ਕਿਰਤ**

ਗੁਰਮਤਿ ਦੀ ਬੋਲੀ ਵਿਚ ਪਹਿਲੀ ਨੂੰ ਧਰਮ ਦੀ ਕਿਰਤ ਜਾਂ ਦਸਾਂ ਨਹੁੰਆਂ ਦੀ ਕਿਰਤ ਭਾਵ 'ਸੁਕ੍ਰਿਤ' ਕਿਹਾ ਜਾਵੇਗਾ ਤੇ ਦੂਸਰੀ ਨੂੰ ਹਰਾਮ, ਬੇਈਮਾਨੀ ਜਾਂ 'ਦੁਕ੍ਰਿਤ' ਕਿਹਾ ਜਾਵੇਗਾ।

ਲੋੜ, ਸਥਿਤੀ, ਸਮਾਜ, ਭੂਗੋਲ, ਇਤਿਹਾਸ... ਆਦਿ ਅਨੇਕਾਂ ਦ੍ਰਿਸ਼ਟੀਕੋਣਾਂ ਤੋਂ 'ਕਿਰਤ' ਦਾ ਵਰਗੀਕਰਨ ਕੀਤਾ ਜਾ ਸਕਦਾ ਹੈ, ਪਰ ਸਾਡਾ ਸਰੋਕਾਰ ਕਿਰਤ ਦੀ ਉਕਤ ਪ੍ਰਕਿਰਤੀ-ਵੰਡ ਨਾਲ ਹੀ ਹੈ।

**ਗੁਰਬਾਣੀ ਸੰਕਲਪ-ਸੰਦਰਭ**

ਗੁਰਬਾਣੀ ਵਿਚ ਕਿਰਤ ਦੀ ਵੰਡ ਦਾ ਆਧਾਰ ਸਿਰਫ ਸੁਭਾਅ (nature) ਪਖੋਂ ਹੈ, ਦੂਜੇ

9. *The OXFOD Dictionary,* vol, XIX, pp. 675-76; V.S. Apte, *Sanskrit-English Dictionary,* p.605; Vdydhar Vaman Bhide, *A Concise Sanskrit English- Dictionary,* p.1136 etc.
10. *A Sanskrit-English Dictionary,* p. 1220.



ਸ਼ਬਦਾਂ ਵਿਚ ਗੁਰਬਾਣੀ ਦਾ ਸਰੋਕਾਰ **ਉਸਦੀ ਕਿਸਮ, ਜਾਤ ਜਾਂ ਪਧਰ ਨਾ ਹੋ ਕੇ ਕੰਮ ਕਰਨ ਵਾਲੇ ਦੀ ਨੀਅਤ ਨਾਲ ਹੈ।** ਇਸ ਪ੍ਰਸੰਗ ਵਿਚ ਸਚੀ ਕਿਰਤ ਤੇ ਮਾੜੀ/ਝੂਠੀ ਕਿਰਤ ਪ੍ਰਥਾਇ ਬੇਅੰਤ ਸ਼ਬਦ-ਪ੍ਰਸੰਗ/ਸਮਾਸ ਪ੍ਰਾਪਤ ਹੁੰਦੇ ਹਨ। ਇਨ੍ਹਾਂ ਨੂੰ ਅਸੀਂ ਇਸ ਤਰ੍ਹਾਂ ਪੇਸ਼ ਕਰ ਸਕਦੇ ਹਾਂ:

***ਸਚੀ, ਧਰਮ ਦੀ ਕਿਰਤ (ਸੁਕ੍ਰਿਤ)***

**(ੳ) ਪਰਿਆਇ/ਸਮਾਨਾਂਤਰ**

ਸਾਚਉ ਵਖਰ, ਸਚੁ ਚੁਗੈ, ਸਚੀ/ਸਾਚੀ ਕਾਰ, ਸਚੁ ਵਾਪਾਰੁ, ਸੁਕਰਮ, ਸਚੁ ਕਮਾਏ/ਕਮਾਵਣਿਆ/ਕਮਾਈ, ਕਾਰ ਸਚੁ, ਸੁਕਰਨੀ, ਸਤਿ ਕਰਣੀ, ਸਚੁ/ਸਚਾ ਸਉਦਾ, ਸੁਕਾਰ, ਨਿਰਮਲ ਰੀਤਿ, ਨਿਰਮਲ ਕਰਣੀ, ਨਿਰਮਲ ਕਰਮ, ਨਿਰਮਲ ਜੁਗਤਾ, ਨਿਰਮਲ ਰੀਤਾ, ਸੁਕ੍ਰਿਤ ਧਰਮ, ਅੰਮ੍ਰਿਤ+ਖਾਣਾ;ਪੀਣਾ; ਪਹਿਨਣ, ਮਹਾ ਨਿਰਮਲ ਰੀਤਿ, ਕਰਣੀ ਸਚੁ, ਕਰਮੁ ਭਲਾ, ਪਰਉਪਕਾਰ, ਵਖਰੁ ਸਚੁ, ਕਰਣੀ ਸਾਰੀ, ਸਚੁ ਸੰਜਮੁ ਕਰਣੀ, ਹਕੁ ਹਲਾਲ, ਸਚੁਰੀਤਿ, ਸੁਕ੍ਰਿਤ ਕਰਣੀ, ਦੂਧੁ ਕਰਮ, ਰੁਖੀ ਸੁਖੀ...ਠੰਢਾ ਪਾਣੀ, ਗੁਰਮੁਖਿ ਕਰਮ, ਖਰਾ (ਕਰਮ), ਨੀਕਾ (ਕਰਮ),ਨਿਹਕਪਟ ਕਮਾਈ, ਨੇਕੀਕਾਰ ਆਦਿ।

**(ਅ)ਨਿਕਟਾਰਥ**

ਉਦਮੁ, ਸਾਚੀ ਪੂੰਜੀ, ਸਚੁ ਰਾਸਿ, ਸਫਲ ਕਾਰੀ, ਘਾਲ, ਸਚੈ ਰੰਗਿ, ਸਚੁ ਗੁਣ, ਨਿਹਕਰਮ, ਊਚ ਬਿਉਹਾਰ, ਗੁਣ ਵੇਹਾਝੀਅਨ, ਕੁਸਲ ਖੇਮ, ਸਚੁ ਸੰਪੈ, ਸ੍ਰਮ ਘਾਲੈ, ਸਤ ਖਟਿਐ, ਸਤਿ ਪਦਾਰਥ, ਸਾਚ ਧਰਮ, ਪੁੰਨ, ਗੁਣ, ਸਚੁ ਸਮਾਇ, ਸੂਚਾਚਾਰੀ, ਪੂਰਾ ਕਰਮਾਉ, ਸਚਾ ਭੋਜਨ, ਸਚੁ ਸੀਗਾਰੁ, ਪਰਵਿਰਤੀ ਕਰਮ, ਨਿਰਮਲ ਚਾਰਾ, ਬਿਖੜੀ ਕਾਰ, ਪੁੰਨ; ਦਾਨ; ਇਸਨਾਨ, ਜਤੁ; ਸਤੁ; ਸੰਜਮੁ, ਗੁਣਾ ਕੀ ਰਾਸਿ, ਸਾਚਾ ਧਨ, ਸਚੁ ਖੇਪੁ ,ਪੂਰ ਕਰਮਿ, ਭਲਾ ਕਰਮ, ਪੂਰਨ ਕਰਮ, ਹੰਸਾ ਕਾ ਖਾਣਾ ਆਦਿ।

**(ੲ) ਅਰਥੰਸ਼**

ਗੁਣ ਰਮਣ, ਸਿਦਕ ਕਰਣੀ, ਹਰਿਰਾਸ, ਸਚੁ ਲਿਵ, ਹਰਿ ਕਰਮ, ਸਚਾ ਮਾਰਗ, ਗੁਰ ਕੀ ਕਾਰ, ਹਰਿ ਕੈ ਮਾਰਗਿ, ਹਰਿ ਕੀ ਕਾਰਾ, ਅਧਿਆਤਮ ਕਰਮ, ਹਰਿ ਕੀ ਟਹਲ, ਸਚੁ ਨਿਆਉ, ਕਾਰ ਧੁਰ ਕੀ, ਭਾਣੈ ਕਾਰ, ਹੁਕਮੀ ਕਾਰ, ਸਾਈਕਾਰ, ਭੈ ਕਾਰ, ਸੁਦਾਨ ਕਿਰਿਆ, ਕਰਮਨ ਕੈ ਕਰਮਾ, ਭਗਤਾ ਕੀ ਚਾਲ (ਨਿਰਮਲ/ਸਚੀ), ਕੰਚਨ ਆਦਿ।

## *ਝੂਠੀ, ਹਰਾਮ ਦੀ ਕਿਰਤ (ਦੁਕ੍ਰਿਤ)*

### (ੳ) ਪਰਿਆਇ/ਸਮਾਨਾਂਤਰ

ਭਖੁ ਅਭਖੁ, ਦੁਕ੍ਰਿਤ, ਖੋਟੀ ਰਾਸਿ, ਬਿਖੁ ਸੰਚੈ/ਬਿਹਾਝਹਿ, ਵਿਕਰਮ, ਕੂੜਾ/ਕੂਰਾ, ਨੀਚ ਕਰਮ , ਦੁਹਕਰਮ, ਆਨਿ ਕੰਮ/ਬਿਉਹਾਰ, ਝੂਠਾ ਧਨ, ਤਾਤਿ ਪਰਾਈ, ਪਰਪੰਚ, ਨੀਚ ਬਿਉਹਾਰ, ਬਿਖਿਆ ਜੰਜਾਲ, ਕੂੜ ਠਗੀ, ਅੰਧੀ ਕੰਮ, ਕੂੜਾ ਵਾਪਾਰ, ਮਾਇਆ ਕਿਰਤਿ, ਝੂਠ ਧੰਧ, ਪਾਪ, ਧੰਧ ਪਿਟੇ, ਕਪਟ, ਮਲ ਕਰਮ, ਗੁਝਾ ਕਮਾਣਾ, ਦੋਖ(ਕਮਾਤੇ), ਵਲਵੰਚ, ਖੋਟੁ, ਕੂੜੁ ਕਪਟ, ਕੂੜੀ ਰਾਸਿ/ਕੂੜਾ ਵਾਪਾਰ, ਦੁਹਕ੍ਰਿਤ, ਮਾਇਆ, ਮਾਇਆ ਬਿਉਹਾਰ, ਊਣੇ ਕਾਮਾ, ਖੋਟਾ ਵਾਪਾਰ, ਬੰਧਨ ਕਮਾਵਹੇ, ਏਹੜ ਤੇਹੜ, ਪਰਪੰਚ, ਪਤਿਤ ਕਰਮ, ਆਨ ਕਰਣੀ, ਕੂੜਾ ਅੰਡਬਰ, ਅਨਰਥ, ਛਲੰ ਛਿਦ੍ਰੰ, ਨਿਹਫਲ ਕਰਮ, ਬੁਰਾ ਕਾਮ, ਲੂਣ ਹਰਾਮ, ਵੇਦੀਨਾ ਕਾ ਖਾਣੁ, ਬਿਖਿਆ ਫਲੁ, ਪਾਪ ਦਰਬ, ਕਾਚ ਬਿਹਾਝਨ, ਬਲਬੰਚਾ, ਬਿਖੈ ਠਗਉਰੀ, ਨਾਨਾ ਕਰਮ, ਕੂੜ ਬੋਲ ਬਿਖੁ ਖਾਇਆ, ਝੂਠ ਕਾਮਵੈ, ਅੰਧ ਕਰਮ, ਵਢੀ, ਅਉਰੀ ਕਰਮ, ਹੋਰੋ ਖਾਣਾ, ਫਕੜ ਧੰਧ, ਫੀਕੇ ਲੋਭ, ਅਨਰਸ ਸਾਦ, ਛਲ, ਆਲ ਜੰਜਾਲ, ਟੇਢੀ ਚਾਲ, ਭੂੰਡੀ ਚਾਲ, ਡਗਰੀ ਚਾਲ, ਬਿਰਥਾ ਬਿਉਹਾਰ, ਅੰਧ ਬਿਉਹਾਰ, ਅੰਧੁਲੀ ਕਾਰ, ਆਨ ਬਿਉਹਾਰ, ਕਾਚ ਬਿਉਹਾਰ, ਧ੍ਰੋਹ, ਭਸ ਮਸਾਵਣੀ, ਬਿਖਿਆ ਵਾਪਾਰ, ਮਿਥ ਬਿਉਹਾਰ, ਪਰਾਈ ਚੋਪੜੀ, ਕੂੜਾ ਸਉਦਾ, ਮੰਦੇ ਅਮਲ, ਅਣਚਾਰੀ ਕਾ ਧਾਮ, ਪਾਪੀ ਕਰਮ, ਵਲ ਛਲ, ਖਤੇ, ਕੁਫਕੜੇ ਆਦਿ।

### (ਅ) ਨਿਕਟਾਰਥ

ਧੰਧਾ, ਜੰਜਾਲ/ਜੰਜਾਰ, ਅਵਗੁਣ, ਮਨਮੁਖਿ ਕਰਮ, ਦੂਜੀ ਕਾਰੈ, ਛਾਰ, ਹੋਰ ਵਣਜੁ, ਬਾਵੈ ਮਾਰਗ, ਅਵਰਿ ਜੰਜਾਲ, ਹੋਰ ਬਾਦਿ, ਬਿਪਰੀਤਿ, ਧੰਧੜੇ ਕੁਲਾਹ, ਕੁਮਤਿ, ਕੁਮਾਰਗਿ, ਪਰਾਕ੍ਰਿਤਹ, ਦੂਰਤੁ, ਬੰਧਨ ਕਮਾਣੇ, ਅਪਰਾਧ ਕਮਾਣੇ, ਸੰਸਾਰੀ ਕਰਮ;ਸੰਸਾਰ ਕੀ ਕਾਰ, ਸ੍ਰਮੁ, ਲਾਲਚ ਕਰਮ, ਮਾਇਆ ਬੰਧ, ਕਾਲਾ(ਕਰਮ), ਰੋਗ ਕੂਰਾ, ਘੁੰਮਣਵਾੜੀ/ਘੂਮਨ ਘੇਰੈ, ਦੁਨੀਆ ਕੇ ਧੰਧੇ, ਬਦ ਅਮਲ, ਮਲਊਨ, ਪਸੂਆ ਕਰਮ, ਹੋਛਉ ਕਾਜ, ਕੁਸੁਧੁ ਆਦਿ।

### (ੲ) ਅਰਥੰਸ਼

ਬਿਸਥਾਰ, ਫੁਲਾ ਕੀ ਬਾਗਾਤਿ, ਹਉ/ਹਉਮੈ ਕਰਮ/ਕਾਰ, ਦੂਜੈ ਭਾਇ, ਜਮ ਕਾ ਪੰਥਿ, ਅਹੁੰਬੁਧਿ ਕਰਮ, ਵਿਡਾਣੀ ਚਾਕਰੀ, ਮਾਇਆ ਮਦੁ, ਦੁਖੁ ਕਮਾਇ, ਕਿਲਵਿਖਹੁ, ਹਉ ਵਿਚਿ ਖਟਿਆ, ਮਧਮ ਕਰਮ, ਹਉਮੈ ਖੇਲ, ਛਪੜਿ, ਚਿਕੜਿ ਅਦਿ।

ਉਪਰੋਕਤ ਵੇਰਵੇ ਤੋਂ ਇਲਾਵਾ ਗੁਰਬਾਣੀ ਵਿਚ ਹੋਰ ਵੀ ਅਨੇਕਾਂ ਚਿੰਨ੍ਹ, ਪ੍ਰਤੀਕ, ਸੰਕੇਤ ਅਤੇ ਸੰਦਰਭ ਪ੍ਰਾਪਤ ਹੁੰਦੇ ਹਨ, ਜਿੰਨ੍ਹਾਂ ਦਾ ਸੰਬੰਧ ਕਿਰਤ ਦੇ ਪ੍ਰਸੰਗ ਨਾਲ ਜੁੜਦਾ ਹੈ। ਇਨ੍ਹਾਂ ਸਭ ਦਾ ਵਿਸ਼ਲੇਸ਼ਣ ਅਗਲੇ ਪੰਨਿਆਂ 'ਤੇ ਕੀਤਾ ਜਾ ਰਿਹਾ ਹੈ।



### ਕਾਰਜ–ਖੇਤਰ

ਗੁਰਬਾਣੀ ਫ਼ਲਸਫੇ ਦੇ ਸਮੁਚੇ ਸੰਦਰਭ ਵਿਚ **ਕਿਰਤ ਜਾਂ ਕਿੱਤੇ ਦਾ ਮੁਖ ਸੰਬੰਧ ਵਸਤੂ ਜਾਂ ਕਿਸਮ ਨਾ ਹੋ ਕੇ, ਕਿਰਤੀ ਜਾਂ ਕਰਨ ਵਾਲੇ ਦੀ ਕ੍ਰਿਆ–ਦ੍ਰਿਸ਼ਟੀ ਨਾਲ ਹੈ; ਕਰਨ ਦੀ ਭਾਵਨਾ ਨਾਲ ਹੈ।ਕਿੱਤੇ ਦੀ ਚੋਣ, ਕਿਸਮ ਜਾਂ ਪਧਰ ਦੁਜੈਲੇ ਦਰਜੇ ਦੀ ਚੇਤਨਾ ਹੈ। ਦੂਜੇ ਸ਼ਬਦਾਂ ਵਿਚ ਗੁਰਬਾਣੀ ਵਿਚ ਕਿਸੇ ਚੰਗੇ/ਮੰਦੇ ਕੰਮਾਂ ਦੀ ਸੂਚੀ ਪ੍ਰਾਪਤ ਨਹੀਂ ਹੁੰਦੀ, ਬਲਕਿ ਕਿਸੇ ਵੀ 'ਕੰਮ' ਪਿਛੇ ਕਾਰਜਸ਼ੀਲ ਦ੍ਰਿਸ਼ਟੀ ਦੀ ਚੰਗਿਆਈ–ਮੰਦਿਆਈ ਨਾਲ ਸੰਬੰਧਿਤ ਟਿਪਣੀ ਪ੍ਰਾਪਤ ਹੁੰਦੀ ਹੈ। ਨੀਅਤ, ਢੰਗ ਜਾਂ ਦ੍ਰਿਸ਼ਟੀ ਇਮਾਨਦਾਰਾਨਾ, ਸਚੀ ਜਾਂ ਧਰਮੀ ਹੋਣੀ ਚਾਹੀਦੀ ਹੈ, ਕਿੱਤਾ/ਕੰਮ/ਕਿਰਤ ਕੋਈ ਵੀ ਹੋਵੇ।**

ਗੁਰਬਾਣੀ ਵਿਚ ਲੋਕ–ਜੀਵਨ ਦੇ ਕਿੱਤਿਆਂ ਦਾ ਵਿਸਤਾਰ ਸਹਿਤ ਹੋਇਆ ਵਰਣਨ ਉਕਤ ਮਤਿ ਦੀ ਪੁਸ਼ਟੀ ਕਰਦਾ ਹੈ। ਇਥੇ ਇਹ ਵਿਚਾਰ ਧਿਆਨ ਵਿਚ ਰਖਣਾ ਜ਼ਰੂਰੀ ਹੈ ਕਿ ਸਮਾਜ ਦੇ ਸਮਕਾਲੀ (ਬਾਣੀਕਾਰ ਸਮਕਾਲੀ) ਪ੍ਰਬੰਧ ਨੂੰ, ਜਿਸ ਵਿਚੋਂ ਹਥਲੇ ਵਿਸ਼ੇ ਦਾ ਸੰਬੰਧ ਲੋਕ–ਜੀਵਨ ਦੀ ਕਿਰਤ–ਨਿਰਬਾਹ ਨਾਲ ਹੈ, ਇਕ ਸਮਾਜ–ਸ਼ਾਸ਼ਤਰ ਜਾਂ ਇਤਿਹਾਸਾਰਥ ਵਿਚ ਚਿਤਰਨਾ ਗੁਰਬਾਣੀ ਦੀ ਮੂਲ ਪ੍ਰਵਿਰਤੀ ਜਾਂ ਉਦੇਸ਼ ਨਹੀਂ। ਇਹ ਚਿਤਰਨ ਮਨੁਖੀ ਜੀਵਨ ਦੀ ਸੁਚਜੀ ਘਾੜਤ ਘੜਨ ਹਿਤ ਪ੍ਰਤੀਕ; ਚਿੰਨ ਵਜੋਂ ਤੇ ਜਨ–ਮਾਨਸ ਦੇ ਪਧਰ ਤਕ ਅਧਿਆਤਮਕ ਰਮਜ਼ਾਂ ਨੂੰ ਸਮਝਾਉਣ ਲਈ ਲੋਕ–ਸੰਸਕ੍ਰਿਤੀ ਦੇ ਇਸ ਅਹਿਮ ਪਖ ਨੂੰ ਆਧਾਰ ਬਣਾ ਕੇ , ਸੰਚਾਰ–ਜੁਗਤਿ ਦੇ ਰੂਪ ਵਿਚ ਵਰਤਣਾ ਹੈ।ਪਰ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਕਿੱਤਿਆਂ ਜਾਂ ਕਿਰਤ ਦੇ ਗੁਰਬਾਣੀ ਸੰਦਰਭਾਂ ਨੂੰ ਕੇਵਲ ਰੂਪਕ–ਰਚਨਾ ਜਾਂ ਸੰਚਾਰ–ਜੁਗਤਾਂ ਤਕ ਸੀਮਿਤ ਨਹੀਂ ਮੰਨਣਾ ਚਾਹੀਦਾ। ਇਨ੍ਹਾਂ ਦੇ ਉਪਮਾਨ ਕਰਤਿਆਂ (ਬਾਣੀਕਾਰਾਂ) ਦੀਆਂ ਰੀਝਾਂ, ਸਧਰਾਂ ਜਾਂ ਉਦੇਸ਼ਾਂ ਤੋਂ ਵਖ ਨਹੀਂ। ਹਰੇਕ ਬਿੰਬ (symbol) ਦੀ ਰਚਨਾ ਜਾਂ ਵਰਤੋਂ ਪਿਛੇ ਰਚੈਤਾ ਤੇ ਉਸਦੇ ਸਮੁਚੇ ਭਾਈਚਾਰੇ/ਕੌਮ ਦੀਆਂ ਰੀਝਾਂ, ਅਕਾਂਖਿਆਵਾਂ ਜਾਂ ਸੁਪਨਿਆਂ ਦਾ ਹਥ ਹੁੰਦਾ ਹੈ।

ਗੁਰਬਾਣੀ ਵਿਚ ਸਭ ਤੋਂ ਵਧੇਰੇ ਜ਼ਿਕਰ, ਪ੍ਰਤੀਕ, ਚਿੰਨ, ਬਿੰਬ ਜਾਂ ਬਿਰਤਾਂਤ ਕਿਰਸਾਣੀ ਜੀਵਨ ਨਾਲ ਸੰਬੰਧਿਤ ਮਿਲਦੇ ਹਨ। ਇਸ ਪ੍ਰਸੰਗ ਵਿਚ: ਮੌਸਮਾਂ ਦੇ ਆਧਾਰ ਤੇ ਫਸਲਾਂ ਹੋਣ, ਜਿਵੇਂ ਹਾੜੀ–ਸਉਣੀ ਦੀਆਂ ਫਸਲਾਂ, ਕਿਸਾਨਾਂ ਕੋਲੋਂ ਹਾਲਾ ਉਗਰਾਹੁਣ ਵਾਲੇ ਮੁਨਸਿਫ (ਮਾਲ ਅਫਸਰ), ਇਨ੍ਹਾਂ ਦਾ ਸਾਥ ਦੇਣ ਵਾਲੇ ਪਟਵਾਰੀ, ਖੇਤਾਂ ਲਈ ਪਾਣੀ ਦੇ ਸਰੋਤ–ਵਰਖਾ;ਖੂਹ;ਤਲਾਬ ਆਦਿ। ਵਰਖਾ ਨਾਲ ਅੰਨ; ਕਮਾਦ; ਕਪਾਹ; ਚਾਰਾ ਹੋਣਾ, ਖੇਤਾਂ ਦੀ ਰਾਖੀ ਲਈ ਡਰਨਾ (ਵਾੜ) ਲਾਉਣਾ ਆਦਿ ਤੋਂ ਬਿਨ੍ਹਾ ਖੇਤੀਬਾੜੀ ਦੀ ਸਮੁਚੀ ਪ੍ਰਕ੍ਰਿਆ ਦੇ ਲਗਪਗ ਸਾਰੇ ਰੂਪਕ ਜਿਵੇਂ ਪਾਣੀ ਲਾਉਣਾ; ਸੁਹਾਗਾ ਮਾਰਨਾ; (ਅੰਨ ; ਕਮਾਦ) ਪੀੜਨਾ; ਵਢਣਾ, ਢੋਣਾ, ਹਲ, ਵਤਰ, ਬੋਹਲ...ਪ੍ਰਾਪਤ ਹੋ ਜਾਂਦੇ ਹਨ।

ਗੁਰੂ ਸਾਹਿਬ ਨੇ ਅਜਿਹੇ ਪ੍ਰਤੀਕ ਵਰਤ ਕੇ ਉਦੇਸ਼ ਵਜੋਂ ਸ਼ੁਭ ਅਮਲਾਂ ਦੀ ਖੇਤੀ ਕਰਨ ਦਾ ਉਪਦੇਸ਼ ਦਿਤਾ ਹੈ ਅਤੇ ਨਾਲ ਹੀ ਕਿਰਤ ਪ੍ਰਤੀ ਇਮਾਨਦਾਰਾਨਾ ਪਹੁੰਚ ਹੋਣ ਦੀ ਪ੍ਰੇਰਨਾ:

*ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥*[11]

ਕਿਰਸਾਨ ਆਪਣੀ ਕਿਰਸਾਣੀ 'ਜੀਉ' (ਮਨ) ਲਾ ਕੇ ਕਰੇਗਾ ਤਾਂ ਹੀ ਰੱਜ ਕੇ ਖਾ ਸਕਦਾ ਹੈ ਤੇ ਅਜਿਹੇ ਉਦਮ ਨਾਲ ਔਲਾਦ ਵੀ ਭੁਖੀ ਨਹੀਂ ਰਹੇਗੀ:

*ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥*
*ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥* [12]

ਦੂਜੇ ਪਾਸੇ ਠਗੀ-ਚੋਰੀ ਜਾਂ ਧਕੇ ਸ਼ਾਹੀ ਨਾਲ ਕਿਰਸਾਨਾਂ 'ਤੇ ਜ਼ੁਲਮ ਕਰਨ ਵਾਲੇ ਜ਼ਮੀਨਾਂ ਦੇ ਮਾਲਿਕ 'ਭੂਮੀਏ' ਬੇਈਮਾਨ ਹੋਣ ਕਾਰਨ ਲੜਦੇ ਭਿੜਦੇ, ਦੁਖ ਪਾਉਂਦੇ ਹਨ:

*ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ ॥*[13]

ਕਿਰਤ ਦੇ ਕਾਰਜ ਖੇਤਰ ਵਿਚ ਵਣਜ-ਵਾਪਾਰ ਦੇ ਕਿੱਤੇ ਦਾ ਜ਼ਿਕਰ ਕਈ ਪ੍ਰਸੰਗਾਂ ਵਿਚ ਹੋਇਆ ਹੈ, ਪਰ ਸੇਧ ਤੇ ਉਪਦੇਸ਼ 'ਸਾਚ ਵਖਰ' ਦੀ ਦਿਤੀ ਹੈ। ਕਿਸਮਾਂ ਪਖੋਂ ਹੀਰਿਆਂ; ਘੋੜਿਆਂ; ਜਵਾਹਰਾਂ ਆਦਿ ਦੇ ਵਾਪਾਰ/ਕਿੱਤਿਆਂ ਦੀ ਸੂਚਨਾ ਉਪਲਬਧ ਹੋ ਜਾਂਦੀ ਹੈ।[14] ਹੋਰ ਛੋਟੇ-ਮੋਟੇ ਕਿੱਤਿਆਂ ਵਿਚ ਹਾਰ-ਸ਼ਿੰਗਾਰ;ਕਹਾਰ;ਤੇਲੀ; ਜੋਲਾਹੇ; ਪਾਂਧਿਆਂ ਆਦਿ ਦੇ ਕੰਮ; ਫੇਰੀ ਪਾਉਣ ਵਾਲੇ; ਬਾਜੀਗਰ; ਹਟ; ਸਪੇਰਿਆਂ ਦੀ ਉਪਜੀਵਕਾ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ।[15] ਭਾਈ ਗੁਰਦਾਸ ਜੀ ਨੇ ਕਿੱਤਿਆਂ ਦੀ ਲੰਮੀ ਸੂਚੀ ਦਿਤੀ ਹੈ: ਜਿਸ ਵਿਚ ਗਾਧੀ; ਲੂਣਾਰੀ; ਪਾਹਰੂ; ਦਰਬਾਰੀ ਆਦਿ ਸ਼ਾਮਿਲ ਹਨ।[16] ਸਰਕਾਰੀ ਕੰਮਾਂ-ਕਾਰਾਂ ਤੇ ਅਹੁਦਿਆਂ ਜਿਵੇਂ ਵਜ਼ੀਰ; ਦੀਵਾਨ; ਮੁੰਸਿਫ; ਕੋਤਵਾਲ; ਦਰਬਾਨ; ਆਬਦਾਰ...ਬਾਰੇ ਵਿਸਤ੍ਰਿਤ ਸੰਕੇਤ ਪ੍ਰਾਪਤ ਹੁੰਦੇ ਹਨ।[17]

ਘਰੇਲੂ ਦਸਤਕਾਰੀਆਂ, ਜਿਹਾ ਕਿ ਖੱਡੀ ਦਾ ਕੰਮ, ਕਪੜਾ ਰੰਗਣਾ; ਬੁਣਨਾ, ਚਮੜਾ, ਸਿਆਹੀ[18] ਆਦਿ ਤੋਂ ਇਲਾਵਾ ਅਨੇਕਾਂ ਅਜਿਹੇ ਕਿੱਤਿਆਂ ਦਾ ਵਰਣਨ ਵੀ ਬਾਣੀ ਵਿਚੋਂ ਪ੍ਰਾਪਤ ਹੋ ਜਾਂਦਾ ਹੈ, ਜਿਹੜੇ ਪੇਸ਼ੇ ਬਣ ਕੇ ਬਦਨਾਮ ਸਨ, ਜਿਵੇਂ ਚੋਰੀ, ਠੱਗੀ, ਰਾਹਜ਼ਨੀ, ਮੰਗਣਾ, ਜੂਆ, ਵੇਸ਼ਵਾਗਿਰੀ ਆਦਿ।[19] ਗੁਰੂ ਸਾਹਿਬ ਇਨ੍ਹਾਂ ਨੂੰ 'ਕਿੱਤਿਆਂ' ਦੇ ਰੂਪ ਵਿਚ ਪ੍ਰਵਾਨ ਨਹੀਂ ਕਰਦੇ, ਬਲਕਿ ਅਜਿਹੇ ਪੇਸ਼ੇ ਸਮਾਜ; ਵਿਅਕਤੀ ਨੂੰ ਕਲੰਕਿਤ ਕਰਦੇ ਹਨ,

11. *ਗੁਰੂ ਗ੍ਰੰਥ ਸਾਹਿਬ*, ੨੪.
12. *ਉਹੀ*, ੧੬੬.
13. ਭਾਈ ਗੁਰਦਾਸ, *ਵਾਰ/ਪਉੜੀ* ੩੫/੨੨.
14. ਤਾਜੀ ਰਥ ਤੁਖਾਰ ਹਾਥੀ ਪਾਖਰੇ ॥ *ਉਹੀ*, ੧੪੧.
ਸਉਦਾਗਰ ਸਉਦਾਗਰੀ ਘੋੜੇ ਵਣਜ ਕਰਨਿ ਅਤਿ ਭਾਰੇ ॥ *ਭਾਈ ਗੁਰਦਾਸ* ੧੫/੮.
15. *ਗੁਰੂ ਗ੍ਰੰਥ ਸਾਹਿਬ*, ਪੰਨੇ ਆਦਿ; *ਭਾਈ ਗੁਰਦਾਸ* ੫/੫; ੮/੨੨, ੧੪/੧੨/ ੩੩/੪੧ ਆਦਿ।
16. ਵੇਖੋ: *ਵਾਰ/ਪਉੜੀ* ੮/੧੨; ੮/੧੫...
17. *ਗੁਰੂ ਗ੍ਰੰਥ ਸਾਹਿਬ*, ਪੰਨੇ ੧੫੯,੩੦੬,੩੯੪,੪੧੩,੭੯੨,੯੩੬,੧੦੦੨,੧੧੬੧,੧੨੧੨...
18. ਜਿਵੇਂ: ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜਾਇਆ॥ *ਉਹੀ*, ੧੦੭੪.
ਹੋਰ: ੭੧੮,੭੯੭,੯੬੨,੧੦20 ਆਦਿ ।
19. ਮੰਗਣ ਸੰਬੰਧੀ: ਲੋਕ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ॥



ਇਸ ਕਰਕੇ ਰਦਣ ਦੇ ਹਕਦਾਰ ਹਨ। ਇਸੇ ਪ੍ਰਸੰਗ ਵਿਚ ਹੀ 'ਚਾਕਰੀ' ਨੂੰ ਗੁਰਬਾਣੀ ਵਿਚ ਜਦੋਂ 'ਗੁਲਾਮੀ' ਦੇ ਅਰਥਾਂ ਵਿਚ ਵਰਤਿਆ ਗਿਆ ਹੈ ਤਾਂ ਪ੍ਰਵਾਨ ਨਹੀਂ ਕੀਤਾ ਹੈ, ਪਰ ਸੇਵਾ ਭਾਵ ਵਾਲੀ 'ਨੌਕਰੀ' ਨੂੰ ਜ਼ਰੂਰ ਪ੍ਰਵਾਨਿਆ ਗਿਆ ਹੈ:

*ਚਾਕਰੀ ਵਿਡਾਣੀ ਖਰੀ ਦੁਖਾਈ ਆਪੁ ਵੇਚਿ ਧਰਮੁ ਗਵਾਏ ॥*[20]

## ਸਰੂਪ

ਸੁਕ੍ਰਿਤ ਦੇ ਸਰੂਪ ਬਾਰੇ ਇਕ ਦਾਰਸ਼ਨਿਕ ਬਹਿਸ ਜਨਮ ਲੈਂਦੀ ਹੈ। ਇਸ ਬਹਿਸ ਦਾ ਕੇਂਦਰੀ ਤਤ ਸ਼ੁਭ; ਅਸ਼ੁਭ ਦਾ ਨਿਰਣਾ ਹੈ। ਦੂਜੇ ਸ਼ਬਦਾਂ ਵਿਚ ਇਹ ਕਿਵੇਂ ਨਿਰਣਾ ਕੀਤਾ ਜਾਵੇ ਕਿ ਆਹ ਕੰਮ ਚੰਗਾ ਹੈ ਤੇ ਆਹ ਕੰਮ ਮਾੜਾ ਹੈ? ਇਸ ਬਹਿਸ ਜਾਂ ਮਸਲੇ ਨੂੰ ਦਰਸ਼ਨ-ਸ਼ਾਸ਼ਤਰ (philosophy) ਦੀ ਇਕ ਸ਼ਾਖ ਵਜੋਂ ਪ੍ਰਵਾਣਿਤ ਨੀਤੀ-ਸ਼ਾਸ਼ਤਰ (ethics) ਅਧੀਨ ਅਧਿਐਨ-ਵਸਤੂ ਬਣਾਇਆ ਜਾਂਦਾ ਹੈ। ਇਸ ਸ਼ਾਸ਼ਤਰ ਦੇ ਅਧਿਐਨ-ਘੇਰੇ ਵਿਚ ਨੇਕੀ, ਬਦੀ, ਸ਼ੁਭ; ਅਸ਼ੁਭ, ਉਚਿਤ ਜਾਂ ਅਣੁਚਿਤ ਆਦਿ ਮਸਲਿਆਂ ਨੂੰ ਵਿਚਾਰਧੀਨ ਕੀਤਾ ਜਾਂਦਾ ਹੈ। ਪੰਜਾਬੀ ਵਿਚ ਅਸੀਂ ਇਸ ਪ੍ਰਥਾਇ 'ਸਦਾਚਾਰ' ਸ਼ਬਦ ਵਰਤਦੇ ਹਾਂ।

ਨੀਤੀ ਸ਼ਾਸ਼ਤਰ ਜਾਂ ਸਦਾਚਾਰ ਮਨੁਖੀ ਵਿਹਾਰ ਦੇ ਚੰਗੇ-ਮਾੜੇ ਵਿਹਾਰਾਂ ਦਾ ਮੁਲਾਂਕਣ ਕਰਕੇ ਮਨੁਖੀ ਆਚਾਰ 'ਤੇ ਬਲ ਦਿੰਦਾ ਹੈ। ਇਹ ਸੁਚਜੀ ਜੀਵਨ-ਜਾਚ ਨਾਲ ਸੰਬੰਧਿਤ ਚਰਿਤਰ-ਨਿਰਮਾਣ ਦੇ ਨਿਯਮਾਂ, ਸਿਧਾਂਤਾਂ ਦੇ ਵਿਹਾਰਾਂ ਨਾਲ ਤਲੁਅਕ ਰਖਦਾ ਹੈ, ਇਸ ਲਈ ਇਸਨੂੰ 'ਵਿਹਾਰ ਦਾ ਵਿਗਿਆਨ' (normative science of conduct) ਕਿਹਾ ਜਾਂਦਾ ਹੈ।[21] ਇਹ ਧਿਆਨ ਰਹੇ ਕਿ ਨੀਤੀ-ਸ਼ਾਸ਼ਤਰ ਵਿਹਾਰ ਦੀ ਤਥ-ਮੂਲਕ ਵਿਆਖਿਆ ਨਹੀਂ, ਕੀਮਤ-ਮੂਲਕ ਵਿਆਖਿਆ ਹੈ। ਕੀਮਤ ਜਾਂ ਮੁਲ (value) ਤੋਂ ਭਾਵ ਕੰਮ ਜਾਂ ਵਸਤੂ ਦੀ ਸਾਰਥਿਕਤਾ ਤੋਂ ਹੈ। 'ਸਾਰਥਕਤਾ' ਵਿਅਕਤੀ ਦੇ ਆਚਾਰ 'ਤੇ ਨਿਰਭਰ ਕਰਦੀ ਹੈ ਤੇ ਆਚਾਰ ਉਸਦੀ ਸੋਚ-ਸ਼ਕਤੀ ਤੇ ਉਪਜੀਵਕਾ ਉਤੇ, ਇਸ ਤਰ੍ਹਾਂ ਕੰਮ, ਉਸਦੀ ਕੀਮਤ ਤੇ (ਵਿਅਕਤੀ ਦੀ) 'ਉਪਜੀਵਕਾ' ਆਪਸ ਵਿਚ ਅੰਤਰ-ਸੰਬੰਧਿਤ ਸੰਕਲਪ ਹਨ। ਇਸੇ ਪ੍ਰਸੰਗ ਵਿਚ ਸਦਾਚਾਰਕ ਸੰਕਲਪਾਂ ਦੇ ਆਪਸੀ ਸੰਬੰਧ ਤੇ ਉਨ੍ਹਾਂ ਦਾ ਮੁਲਾਂਕਣ/ਵਿਸ਼ਲੇਸ਼ਣ ਨੀਤੀ-ਸ਼ਾਸ਼ਤਰ ਦਾ ਵਿਸ਼ਾ ਹੈ।[22]

ਸੁਕ੍ਰਿਤ, ਨੀਤੀ-ਸ਼ਾਸ਼ਤਰ ਦੀ ਦ੍ਰਿਸ਼ਟੀ ਤੋਂ ਇਕ ਸਰਵ-ਵਿਆਪਕ ਕੀਮਤ ਹੈ ਤੇ ਸਿੱਖ ਦਰਸ਼ਨ ਵਿਚ ਇਸਦਾ ਸੋਮਾ ਤੇ ਸਾਰਥਿਕਤਾ ਅਧਿਆਤਮਕਤਾ ਨਾਲ ਜੋੜ ਕੇ ਇਸਨੂੰ ਸਾਧਨਾ ਮਾਰਗ ਵਜੋਂ ਪ੍ਰਵਾਨ ਕੀਤਾ ਗਿਆ ਹੈ। ਇਸ ਤਰ੍ਹਾਂ ਸੁਕ੍ਰਿਤ ਦੇ ਸਰੂਪ-ਵਿਸ਼ਲੇਸ਼ਣ ਵਿਚ ਤਿੰਨ ਪਖ ਸ਼ਾਮਿਲ ਹੁੰਦੇ ਹਨ:

20. *ਉਹੀ*,
21. William Lille, *An Introduction to Ethics.* p.1.
22. *Encyclopaedia Britanica,* vol . 4, p.578.

**(ੳ) ਸੋਮਾ**
**(ਅ) ਨੈਤਿਕ ਕੀਮਤ/ਜੀਵਨ-ਜਾਚ**
**(ੲ) ਸਾਧਨਾ ਮਾਰਗ**

## (ੳ) ਸੋਮਾ

ਸੰਸਾਰ ਵਿਚ ਹਰੇਕ ਜੀਵ ਨੂੰ ਜਿਉਂਦੇ ਰਹਿਣ ਲਈ ਮਿਹਨਤ-ਮੁਸ਼ਕਤ ਕਰਨੀ ਪੈਂਦੀ ਹੈ। ਇਸ ਮਿਹਨਤ-ਮੁਸ਼ਕਤ ਦੇ ਆਧਾਰ 'ਤੇ ਹੀ ਮਨੁਖ ਦਾ ਦ੍ਰਿਸ਼ਟੀਕੋਣ ਬਣਦਾ ਹੈ। ਸੰਸਾਰ ਪ੍ਰਸਿਧ ਇਤਿਹਾਸਕਾਰ ਟਾਇਨਬੀ ਲਿਖਦਾ ਹੈ ਕਿ ਸੰਸਾਰ ਵਿਚ ਜਿੰਨੇ ਕਿੱਤੇ ਹਨ, ਉਨੇ ਹੀ ਜ਼ਾਵੀਏ (ਦ੍ਰਿਸ਼ਟੀਕੋਣ) ਹਨ।[23] ਇਸ ਤਰ੍ਹਾਂ ਕਿਸੇ ਕਿੱਤੇ ਪ੍ਰਤੀ ਜਿਹੋ-ਜਿਹੀ ਪਹੁੰਚ ਹੈ, ਉਹੋ ਜਿਹਾ ਸੁਭਾਅ ਵਿਕਸਿਤ ਹੁੰਦਾ ਹੈ; ਪਰ ਇਹ ਨਿਰਾ ਕਿੱਤੇ 'ਤੇ ਨਿਰਭਰ ਨਹੀਂ ਕਰਦਾ, ਮਨੁਖ ਦੇ ਬੁਨਿਆਦੀ ਸੁਭਾਅ ਦਾ ਸੰਸਕਾਰੀ ਹਿੱਸਾ ਵੀ ਹੁੰਦਾ ਹੈ, ਜਿਸਨੂੰ ਗੁਰਬਾਣੀ ਮੁਹਾਵਰੇ ਵਿਚ 'ਧੁਰੋਂ ਲਿਖਿਆ' ਕਿਹਾ ਜਾਂਦਾ ਹੈ। ਗੁਰਬਾਣੀ ਇਸਨੂੰ ਅਧਿਆਤਮਕ ਪ੍ਰਬੰਧ ਵਿਚ ਪੇਸ਼ ਕਰਕੇ ਕਿਰਤ ਦੀ ਬੁਨਿਆਦ ਦਿਬਤਾ ਨਾਲ ਸੰਬੰਧਿਤ ਕਰਦੀ ਹੈ। ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ "ਕਿਰਤੀ ਦਾ ਸੁਭਾ ਹੁੰਦਾ ਹੈ ਕਿ ਉਹ ਨਿਰਮਾਣ ਹੋ ਕੇ ਲਗਾ ਰਹਿੰਦਾ ਹੈ... ਉਹਦੇ ਕੰਮ ਵਿਚ ਬਰਕਤ ਪਾਉਣ ਵਾਲਾ ਕੋਈ ਹੋਰ ਹੁੰਦਾ ਹੈ। ਸੁਚੀ ਕਿਰਤ ਕਰਨ ਵਾਲੇ ਦਾ ਇਹ ਸਹਿਜ-ਸੁਭਾ ਅਨੁਭਵ ਹੈ ਕਿ ਮੇਰਾ ਕੰਮ ਤਾਂ 'ਕਰਨਾ' ਬਣਦਾ ਹੈ, ਫਲ ਦੇਣ ਵਾਲਾ ਕੋਈ ਹੋਰ ਹੈ।"[24]

ਸੋ ਕਿਰਤ ਦੇ ਸੋਮਿਆਂ ਵਿਚ ਦੋ ਮੁਖ ਸੋਮੇ ਸ਼ਾਮਿਲ ਹਨ:

**ਦਿਬਤਾ (divineness)**

**ਮਨੁਖੀ ਆਪਾ (self)**

**ਦਿਬਤਾ:** ਗੁਰੂ ਨਾਨਕ ਜੀ ਅਨੁਸਾਰ ਪਰਮਾਤਮਾ ਨੇ ਸਾਰੇ ਜਹਾਨ ਨੂੰ ਪੈਦਾ ਕਰਕੇ ਹਰ ਇਕ ਨੂੰ ਕੰਮ-ਕਾਜ 'ਤੇ ਲਾਇਆ ਹੋਇਆ ਹੈ:

*ਤੁਧੁ ਸੰਸਾਰੁ ਉਪਾਇਆ॥*
*ਸਿਰੇ ਸਿਰਿ ਧੰਧੇ ਲਾਇਆ ॥*[25]

ਪਰਮਾਤਮਾ ਨੇ ਬੇਅੰਤ ਕਰਮ-ਭੂਮੀਆਂ ਸਾਜ ਕੇ[26], ਦੁਨੀਆ ਨੂੰ ਧੰਦੇ ਲਾਇਆ ਅਤੇ ਕਿਰਤ ਦੇ ਦੁਹਾ ਸਿਰਿਆ[27]; ਭਾਵ ਚੰਗੇ ਜਾਂ ਮੰਦੇ ਕੰਮਾਂ ਦਾ ਕਰਤਾ/ਸਿਰਜਨਹਾਰ ਆਪ ਬਣਿਆ:

23. *A Study of History,* vol.10, pp.1-2.
24. *ਖੁੱਲੇ ਲੇਖ,* ਪੰਨਾ 112.
25. *ਗੁਰੂ ਗ੍ਰੰਥ ਸਾਹਿਬ,* ੭੧.
26. ਕੇਤੀਆ ਕਰਮ ਭੂਮੀ ਮੇਰ ਕੇਤੇ... ॥ *ਉਹੀ,* ੭.
27. ਦੁਹਾ ਸਿਰਿਆ ਕਾ ਖਸਮੁ ਆਪੁ ਅਵਰੁ ਨ ਦੂਜਾ ਥਾਉ ॥ *ਉਹੀ,* ੭੧.



*ਆਪਿ ਉਪਾਏ ਧੰਧੈ ਲਾਏ॥*
*ਲਖ ਚਉਰਾਸੀ ਰਿਜਕੁ ਆਪਿ ਅਪੜਾਏ ॥*[28]

ਜਿਵੇਂ-ਜਿਵੇਂ ਉਸਦਾ ਭਾਣਾ ਹੈ, ਤਿਵੇਂ-ਤਿਵੇਂ ਸਭ ਜੀਅ-ਜੰਤ ਧੰਦੇ ਲਾ ਕੇ[29] ਸੰਸਾਰ ਵਿਚ 'ਲਿਵ-ਧਾਤੁ' (ਚੰਗੇ-ਮੰਦੇ) ਦੇ ਦੋ ਰਾਹ ਆਪ ਚਲਾ ਦਿਤੇ ਹਨ ਤੇ ਜੀਵ ਇਸੇ 'ਹੁਕਮ' ਵਿਚ ਕਾਰ ਕਮਾਈ ਜਾ ਰਹੇ ਹਨ:

*ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥*[30]

ਖੋਟੇ-ਖਰੇ ਆਪ ਸਿਰਜ ਕੇ, ਉਨ੍ਹਾਂ ਦੀ ਕਿਰਤ ਅਨੁਸਾਰ 'ਨਿਆਉ' ਕਰਨ ਵਾਲਾ ਵੀ ਪਰਮਾਤਮਾ ਆਪ ਹੈ ਤੇ ਜੀਵ ਨੂੰ ਧੰਦੇ ਲਾਉਣ ਵਾਲਾ ਵੀ ਆਪ ਹੈ, ਇਸ ਤਰ੍ਹਾਂ ਜਿਵੇਂ ਉਸਨੇ ਜੀਵ ਨੂੰ ਲਾਇਆ ਹੈ, ਤਿਵੇਂ ਹੀ ਉਹ ਲਗਾ ਹੋਇਆ ਹੈ:

*ਖੋਟੇ ਖਰੇ ਤੁਧੁ ਆਪਿ ਉਪਾਏ ॥...*
*ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥*[31]
*ਜਿਤੁ ਕੋ ਲਾਇਆ ਤਿਤ ਹੀ ਲਾਗਾ ॥*[32]

ਸੋ ਮਨੁਖ ਆਉਂਦਾ ਜਾਂਦਾ ਰਹਿੰਦਾ ਹੈ ਤੇ 'ਧੁਰੋਂ' ਲਿਖੇ (ਹੁਕਮ) ਅਨੁਸਾਰ ਕੰਮ ਕਰਦਾ ਰਹਿੰਦਾ ਹੈ:

*ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ ॥*[33]
*ਕੁੰਟ ਚਾਰਿ ਦਹਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥*[34]

ਸੋ 'ਕਿਰਤ' ਦਾ ਮੂਲ ਸੋਮਾ ਪਰਮਾਤਮਾ ਹੈ। ਸੰਸਾਰ ਵਿਚ ਪੈਦਾ ਕੀਤੇ ਹਰ ਪ੍ਰਕਾਰ ਦੇ 'ਦੋਹੇ ਸਿਰੇ' ਇਕ ਪਰਮਾਤਮਾ ਨੇ ਹੀ ਪੈਦਾ ਕੀਤੇ ਹਨ। ਇਸ ਪਰਮਾਤਮਾ ਦੁਆਰਾ ਕਰਾਏ ਜਾ ਰਹੇ ਕਾਰਜ ਦਾ ਫਲ ਵੀ ਉਹ ਆਪ ਹੀ ਦਿੰਦਾ ਹੈ।[35] ਇਸ ਤਰ੍ਹਾਂ ਕੰਮ ਤੇ ਉਸਦੀ ਪ੍ਰਾਪਤੀ; ਉਸ ਤੋਂ ਬਣਿਆ ਸੁਭਾਅ.. ਇਸ ਦਾ ਸੋਮਾ ਦਿਬਤਾ ਹੈ।

28. *ਉਹੀ,* ੧੧੨.
29. ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ *ਉਹੀ,* ੧੦੩.
30. *ਉਹੀ,* ੮੭.
31. *ਉਹੀ,* ੧੧੯.
32. *ਉਹੀ,* ੨੩੯.
33. *ਉਹੀ,* ੬੬.
34. *ਉਹੀ,* ੨੫੩.
35. ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥
ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥ *ਉਹੀ,* ੨੫੧.

**ਮਨੁਖੀ ਆਪਾ:** ਕਿਰਤ ਦਾ ਦੂਸਰਾ ਮੂਲ ਸੋਮਾ ਮਨੁਖ ਦਾ ਆਪਣਾ ਸੁਭਾਅ ਹੈ। ਆਪਣਾ ਆਪਾ (self) ਹੈ। ਮਨੁਖ ਚੰਗੇ-ਮੰਦੇ ਕੰਮ ਕਰਨ ਦਾ ਆਪ ਜ਼ਿੰਮੇਵਾਰ ਹੈ ਤੇ ਇਨ੍ਹਾਂ ਕਰਮਾਂ (ਕੰਮਾਂ) ਦੇ ਆਧਾਰ 'ਤੇ ਹੀ ਉਹ ਫਲ (ਦੁਖ-ਸੁਖ) ਭੋਗਦਾ ਹੈ। ਗੁਰਬਾਣੀ ਵਿਚ 'ਕਿਰਤ' ਅਤੇ 'ਪੂਰਬ ਕਮਾਏ' ਸ਼ਬਦ/ਵਿਚਾਰ ਵਰਤ ਕੇ ਇਸ ਤਥ ਦੀ ਗੂਹਜ ਵਿਆਖਿਆ ਵਿਚ ਸੈਂਕੜੇ ਪ੍ਰਮਾਣ ਪ੍ਰਾਪਤ ਹੋ ਜਾਂਦੇ ਹਨ, ਜਿਵੇਂ :

*ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥*[36]
*ਕਿਰਤ ਕਰਮ ਨ ਮਿਟੈ ਨਾਨਕ...॥*[37]
*ਜਿਉ ਨਚਾਏ ਤਿਉ ਤਿਉ ਨਚਨਿ ਸਿਰਿ ਸਿਰਿ ਕਿਰਤੁ ਵਿਹਾਣੀਆ ॥*[38]
*ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥*[39]
*ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥*[40]

ਮਨੁਖ ਜਿਹੋ ਜਿਹਾ ਕਮਾਉਂਦਾ ਹੈ; ਬੀਜਦਾ ਹੈ, ਉਹੋ ਜਿਹਾ ਹੀ ਖਾਂਦਾ ਹੈ।[41] ਪਹਿਲਾਂ ਵਰਤਿਆ ਸ਼ਬਦ 'ਕਿਰਤ' ਵੀ ਇਹੋ ਅਰਥ ਦਸਦਾ ਹੈ। ਸੋ ਮਨੁਖ:

*...ਜੋ ਬੀਜੈ ਖਾਵੈ ਸੋਇ ॥* [42]

ਇਸ ਤਰ੍ਹਾਂ, ਮਨੁਖ ਦੇ ਕਰਮ (ਕੰਮ) ਅਧਾਰਿਤ ਹੀ ਉਸਦਾ ਸੁਭਾਅ ਬਣਦਾ ਹੈ।[43] ਚੰਗੇ ਕੰਮ ਕਰੇਗਾ ਤਾਂ ਚੰਗਾ ਸੁਭਾਅ ਬਣੇਗਾ, ਮਾੜੇ ਕਰੇਗਾ ਤਾਂ ਮਾੜਾ; ਬਿਖੁ ਬੀਜ ਕੇ ਅੰਮ੍ਰਿਤ ਦੀ ਪ੍ਰਾਪਤੀ ਦੀ ਆਸ ਕਰਨਾ, ਇਹ 'ਨਿਆਉ' ਜਾਇਜ਼ ਨਹੀਂ।[44] ਜੇ ਕੂੜੁ ਕਮਾਵੇਗਾ ਤਾਂ ਉਸਨੇ 'ਕੂੜਾ' ਹੀ ਪ੍ਰਾਪਤ ਕਰਨਾ ਹੈ।[45] ਇਸਦੇ ਉਲਟ ਜਿਹੜੇ ਸਚੁ ਵਣੰਜਦੇ ਹਨ, ਉਹ ਸਚੁ ਨੂੰ ਪ੍ਰਾਪਤ ਕਰ ਲੈਂਦੇ ਹਨ।[46]

36. *ਉਹੀ*, ੩੩੪.
37. *ਉਹੀ*, ੭੦੫.
38. *ਉਹੀ*, ੧੦੨੦. ਨੋਟ: ਗੁਰਬਾਣੀ ਵਿਚ ਇਹ ਸ਼ਬਦ ਉਕਤ ਅਰਥਾਂ ਵਿਚ ਲਗਪਗ 90 ਵਾਰ (ਕਿਰਤ/ਕਿਰਤੁ/ਕਿਰਤਿ) ਵਰਤਿਆ ਗਿਆ ਹੈ।
39. *ਉਹੀ*, ੨੭.
40. *ਉਹੀ*, ੪੯. ਨੋਟ: ਗੁਰਬਾਣੀ ਵਿਚ ਇਹ ਸ਼ਬਦ ਉਕਤ ਅਰਥਾਂ ਵਿਚ ਲਗਪਗ 50 ਵਾਰ (ਪੂਰਬ/ਪੂਰਬੁ/ਪੂਰਬਿ) ਵਰਤਿਆ ਗਿਆ ਹੈ।
41. ਜੈਸਾ ਬੀਜੈ ਸੋ ਲੁਣੇ ਜੋ ਖਟੇ ਸੋ ਖਾਏ॥ *ਉਹੀ*, ੭੩੦.
42. *ਉਹੀ*, ੪੦.
43. ਜੈਸਾ ਸੇਵੈ ਤੈਸੋ ਹੋਇ ॥ *ਉਹੀ*, ੨੨੩.
44. ਬੀਜੈ ਬਿਖੁ ਮੰਗੈ ਅੰਮ੍ਰਿਤ ਵੇਖਹੁ ਏਹੁ ਨਿਆਉ ॥ *ਉਹੀ*, ੪੭੪.
ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥ *ਉਹੀ*, ੧੩੭੯.
45. ਕੂੜਿ ਕਮਾਣੈ ਕੂੜੋ ਹੋਵੈ...॥ *ਉਹੀ*, ੪੧੪.
46. ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ ॥ *ਉਹੀ*, ੧੦੧੫.



ਇਸ ਤਰ੍ਹਾਂ ਸ੍ਵੈ-ਕਾਰ ਹੀ ਕਾਜ ਸਵਾਰਦੀ ਹੈ:

*ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥*[47]

ਸੋ ਕਿਰਤ ਦਾ ਦੂਸਰਾ ਸੋਮਾ ਮਨੁਖ ਹੈ ਤੇ ਇਹ ਜਿਸ ਤਰ੍ਹਾਂ ਦਾ ਕਮਾਉਂਦਾ ਹੈ, ਤਿਵੇਂ ਦਾ ਹੋ ਜਾਂਦਾ ਹੈ। ਤੀਸਰਾ ਸੋਮਾ ਸਮਾਜਿਕ ਵਾਤਾਵਰਣ ਵੀ ਪ੍ਰਭਾਵਿਤ ਕਰਦਾ ਹੈ, ਇਸੇ ਕਰਕੇ ਗੁਰਮਤਿ ਨੇ ਸਤਿਸੰਗਤ ਕਰਨ ਦੀ ਤਾਗੀਦ ਕੀਤੀ ਹੈ ਤਾਂ ਕਿ ਮਨੁਖ ਵਿਚ ਚੰਗੇ ਕੰਮ ਕਰਨ ਦੀਆਂ ਆਦਤਾਂ ਪੈਣ :

*ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥*
*ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥*
*ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥...*[48]

### (ਅ) ਨੈਤਿਕ ਕੀਮਤ/ਜੀਵਨ-ਜਾਚ

ਸਚੀ ਕਿਰਤ ਕਮਾਈ ਜਾਂ ਧਰਮ ਦੀ ਕਿਰਤ ਕਰਨਾ ਇਕ ਨੈਤਿਕ ਕੀਮਤ ਹੈ ਤੇ ਪਹਿਲਾਂ ਕੀਤੇ ਸੰਕੇਤ ਮੁਤਾਬਿਕ ਇਹ ਸਰਵ-ਵਿਆਪਕ ਕੀਮਤ ਹੈ। **ਸਮੇਂ, ਸਥਾਨ ਜਾਂ ਸਥਿਤੀ ਦੇ ਨਿਯਮ ਤਥਾ ਪ੍ਰਭਾਵ, ਕਿਰਤ ਦੀ ਕਿਸਮ ਉਤੇ ਪੈਂਦੇ ਹਨ, ਦ੍ਰਿਸ਼ਟੀ ਜਾਂ ਭਾਵਨਾ 'ਤੇ ਨਹੀਂ।** ਕਿਰਤ ਦੀ ਸਰਵ-ਵਿਆਪਕਤਾ ਦਾ ਆਧਾਰ ਇਸ ਤਥ ਵਿਚ ਵੀ ਹੈ ਕਿ ਸਭਿਆਚਾਰਕ ਢਾਂਚੇ ਵਿਚ ਕੰਮ ਨਾ ਕਰਨ ਵਾਲਾ ਜਾਂ ਤਾਂ ਰੋਗੀ ਹੈ, ਜਾਂ ਪਾਗਲ ਤੇ ਜਾਂ ਫਿਰ ਕੁਕਰਮੀ ਅਤੇ ਵਾਸਤਵ ਵਿਚ ਹੁੰਦਾ ਵੀ ਇਵੇਂ ਹੀ ਹੈ। ਇਥੇ (ਸਭਿਆਚਾਰਕ ਢਾਂਚੇ ਵਿਚ) ਹਰੇਕ ਮਨੁਖ ਲਈ ਕੰਮ ਕਰਨਾ ਜ਼ਰੂਰੀ ਹੁੰਦਾ ਹੈ। ਗੁਰੂ ਸਾਹਿਬ ਅਨੁਸਾਰ, ਕਿਰਤ ਵਿਹੂਣੇ 'ਨੰਗੇ ਭੁਖੇ', ਮਾਨਸਿਕ ਰੋਗੀ ਹੁੰਦੇ ਹਨ, ਕੰਮ-ਰਹਿਤ ਉਹ 'ਗਤਿ ਅਵਗਤਿ' ਦੀ ਸਾਰ ਨਹੀਂ ਜਾਣਦੇ।[49] ਮਨੁਖ ਦਾ ਵਿਅਕਤੀਤ੍ਵ ਕਿਉਂਕਿ ਉਸ ਦੁਆਰਾ ਕੀਤੇ ਕੰਮਾਂ ਰਾਹੀਂ ਉਸਰਦਾ ਹੈ,[50] ਇਸ ਲਈ ਮਨੁਖ ਦੇ ਮਨੁਖੀਪਣ ਦਾ ਅਨੁਮਾਨ ਉਸਦੀ ਕਿਰਤ ਤੋਂ ਲਗਾਇਆ ਜਾਂਦਾ ਹੈ।

ਸਿੱਖ ਧਰਮ ਨੇ ਉਕਤ ਪ੍ਰਸੰਗ ਵਿਚ ਇਸ ਨੂੰ (ਕਿਰਤ ਕਰਨ ਨੂੰ) ਸੁਚਜੀ ਜੀਵਨ-ਜਾਚ ਦੇ ਤੌਰ 'ਤੇ ਅਪਣਾਇਆ। ਇਸ ਪਖੋਂ ਇਹ ਧਰਮ ਹੋਰਾਂ ਧਰਮਾਂ ਦੇ ਮੁਕਾਬਲੇ ਨਿਵੇਕਲਾ ਮਹਤਵ ਗ੍ਰਹਿਣ ਕਰ ਗਿਆ ਹੈ। ਗੁਰੂ ਨਾਨਕ ਜੀ ਨੇ ਸਮਕਾਲੀ ਧਾਰਮਿਕ ਆਗੂਆਂ

47. *ਉਹੀ*, ੪੭੪.
48. *ਉਹੀ*, ੧੪੬.
49. ਇਕਿ ਨਾਗੇ ਭੂਖੇ ਭਵਹਿ ਭਵਾਏ ॥
ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥
ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥ *ਉਹੀ*, ੧੦੨੫.
50. ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥ *ਉਹੀ*, ੪੬੯.
ਜੇਹੇ ਕਰਮ ਕਮਾਇ ਤੇਹਾ ਹੋਇਸੀ ॥ *ਉਹੀ*, ੭੩੦.

ਦੀਆਂ ਮੰਗ ਖਾਣ ਵਾਲੀਆਂ ਪਰੰਪਰਕ ਲੀਹਾਂ ਨੂੰ ਤੋੜਦਿਆਂ ਕਿਰਤ ਦੇ ਮਹਤਵ ਨੂੰ ਅਪਣਾਉਣ ਵਾਲਾ ਨਵਾਂ ਜੀਵਨ-ਸਿਧਾਂਤ ਪੇਸ਼ ਕੀਤਾ।[51] ਡਾ. ਨਾਰੰਗ ਇਤਿਹਾਸਕ ਪ੍ਰਸੰਗ ਵਿਚ ਉਕਤ ਮਤਿ ਦੀ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਆਖਿਆ ਕਰਦਿਆਂ ਲਿਖਦਾ ਹੈ "ਬੁਧ, ਜੈਨ ਅਤੇ ਛੇਕੜਲੇ ਹਿੰਦੂ ਧਰਮ ਨੇ ਸਦਾ ਸੰਸਾਰ ਤਿਆਗ ਨੂੰ ਸਭ ਤੋਂ ਵਡਾ ਗੁਣ ਸਮਝਿਆ ਤੇ ਸੰਸਾਰਕ ਸੱਤਾ ਤੇ ਖੁਸ਼ਹਾਲੀ ਨੂੰ ਘ੍ਰਿਣਾ ਦੀਆਂ ਨਜ਼ਰਾਂ ਨਾਲ ਵੇਖਿਆ। ਇਸਨੂੰ ਕੁਝ ਲਾਜ਼ਮੀ ਗੁਨਾਹ ਦੇ ਤੌਰ ਤੇ ਅਪਣਾਇਆ ਗਿਆ। ਗੁਰੂ ਨਾਨਕ ਦੇਵ ਜੀ ਨੇ ਇਹ ਸਭ ਕੁਝ ਬਦਲ ਦਿਤਾ। ਉਨ੍ਹਾਂ ਨੇ ਸੰਸਾਰਕ ਕਾਰ-ਵਿਹਾਰਾਂ 'ਤੇ ਆਪਣੀ ਪਰਵਾਨਗੀ ਦੀ {ਬਾਣੀ ਤੇ ਅਮਲਾਂ ਰਾਹੀਂ} ਮੋਹਰ ਲਾ ਦਿਤੀ"।[52] ਇਹੀ ਗੁਰਮਤਿ ਦੇ ਨੈਤਿਕ ਜੀਵਨ-ਬਿਉਹਾਰ ਦਾ ਆਧਾਰ ਸੀ ਤੇ ਇਹ ਨੈਤਿਕਤਾ ਪੂਰੀ ਤਰ੍ਹਾਂ ਮਾਨਵ ਹਿਤਕਾਰੀ ਹੋ ਕੇ 'ਸਰਬਤ ਦੇ ਭਲੇ' ਤਕ ਗਈ, ਜਿਸਨੂੰ ਸਪਸ਼ਟ ਕਰਦੇ ਹੋਏ ਡਾ. ਜਗਬੀਰ ਸਿੰਘ ਲਿਖਦੇ ਹਨ, "ਸਿੱਖ ਨੈਤਿਕਤਾ ਪੂਰਨ ਰੂਪ ਵਿਚ ਮਾਨਵ ਹਿਤਕਾਰੀ ਹੋ ਨਿਬੜਦੀ ਹੈ। ਇਹ ਨੈਤਿਕਤਾ ਕਰਮਹੀਣ ਪਧਰ ਉਤੇ, ਮਾਨਵ-ਚਰਿਤਰ ਅਤੇ ਆਚਾਰ ਵਿਚ, ਸਦਭਾਵਨਾ ਵਾਲੇ ਨੈਤਿਕ ਗੁਣ ਧਾਰਨ ਕਰਨ ਦੀ ਪ੍ਰੇਰਣਾ ਜਗਾਉਂਦੀ ਹੈ। ਇਹੀ ਕਾਰਨ ਹੈ ਕਿ ਸਿੱਖ ਅਰਦਾਸ ਦੇ ਅੰਤਿਮ ਸ਼ਬਦ 'ਸਰਬਤ ਦੇ ਭਲੇ' ਦੀ ਕਾਮਨਾ ਕਰਨ ਵਾਲੇ ਹਨ"।[53] ਇਹ ਕਿਰਤਮਈ ਜੀਵਨ-ਜਾਚ ਦਰਵੇਸ਼ੀ ਜੀਵਨ ਹੈ, ਜਿਸ ਵਿਚ ਸੰਸਾਰ 'ਚ ਵਿਚਰਦਿਆਂ ਧਾਰਮਿਕਤਾ ਕਮਾਉਣੀ ਹੈ। ਭਾਈ ਵੀਰ ਸਿੰਘ ਇਸਨੂੰ 'ਗ੍ਰਿਹਿਸਤ ਸੰਨਿਆਸ' ਕਹਿੰਦੇ ਹਨ।[54]

ਗੁਰਮਤਿ ਦੁਆਰਾ ਦ੍ਰਿੜਾਈ ਉਕਤ ਨੈਤਿਕ ਜੀਵਨ-ਜਾਚ ਵਿਚ ਸੰਤੋਖੀ ਜੀਵਨ-ਬਿਉਹਾਰ ਦੀ ਉਚਤਾ ਦਰਸਾਅ ਕੇ ਫਜ਼ੂਲ ਦੇ ਧੰਦਿਆਂ , ਤ੍ਰਿਸ਼ਨਾਵਾਂ, ਭਟਕਣਾ, ਹਵਸ਼ ਤੇ ਕਾਹਲ ਨੂੰ ਨਕਾਰਿਆ ਹੈ। ਧੰਦਿਆਂ ਰਾਹੀਂ ਕੀਤੀ ਕਮਾਈ ਨਾਲ ਭਾਵੇਂ 'ਨਵਾਂ ਖੰਡਾਂ' (ਸਾਰੇ ਜਗਤ) ਵਿਚ ਮਹਿਮਾ ਫੈਲ ਜਾਵੇ, ਪਰ ਉਹ ਕਿਸੇ 'ਕੰਮ' ਨਹੀਂ। ਇਸਦੇ ਉਲਟ ਕੇਵਲ ਸੰਤੋਖੀ; ਸਬਰ ਵਾਲਾ ਜੀਵਨ-ਬਿਉਹਾਰ ਹੀ ਰੱਜ ਦਾ ਜੀਵਨ ਹੈ। ਮਨੁਖ ਦੀ ਤ੍ਰਿਸ਼ਨਾ; ਭੁਖ ਸੰਤੋਖ ਨਾਲ ਹੀ ਬੁਝਦੀ ਹੈ। ਸਹਿਜ ਸੰਤੋਖ ਦਾ ਸ਼ਿੰਗਾਰ ਕਰਕੇ; ਭਾਵ ਗੁਣ ਧਾਰਨ ਕਰਕੇ ਹੀ ਜੀਵਨ ਦਾ ਅਸਲ ਅਨੰਦ ਪ੍ਰਾਪਤ ਹੁੰਦਾ ਹੈ:

---

51. "He (Guru Nanak Ji) reproached his Hindu compatriots, who lived upon alms wrung from the people, and he taught the dignity of Labour".
James Hastings (ed.), *Encyclopaedia of Religion and Ethics,* vol.XI, p.507.
52. ਗੋਕਲ ਚੰਦ ਨਾਰੰਗ, *ਸਿਖ ਮਤਿ ਦਾ ਪਰਿਵਰਤਨ* (ਪੰਜਾਬੀ ਅਨੁ.), ਪੰਨਾ 93.
53. 'ਗੁਰਮਤਿ ਦੀ ਨੈਤਿਕਤਾ' , *ਸਿਖ ਫਲਸਫੇ ਦੀ ਰੂਪ-ਰੇਖਾ,* (ਸੰਪਾ.) ਪ੍ਰੋ. ਪ੍ਰੀਤਮ ਸਿੰਘ, ਪੰਨੇ 193-94.
54. "ਸ੍ਰੀ ਗੁਰੂ ਨਾਨਕ ਦੇਵ ਨੇ ਗ੍ਰਿਹਸਤੀ ਰਹਿਣਾ..ਗ੍ਰਿਹਸਤ ਵਿਚ ਰਹਿਣਾ ,ਪਰ ਲੰਪਟ ਨਾ ਹੋਣਾ, ਮਨ ਦੀ ਲਗਨ ਹਰ ਘੜੀ 'ਬੇਅੰਤ' ਵਲ ਰਖਣੀ... ਗੁਰੂ ਨਾਨਕ ਨੇ ਗ੍ਰਿਹਸਤ ਦੇ ਸੰਨਿਆਸ ਦਾ ਅਮਲੀ ਤ੍ਰੀਕਾ ਇਹ ਦਸਿਆ...।"
'ਸਭ ਤੋਂ ਵੱਡਾ ਸਤਿਗੁਰੂ ਨਾਨਕ', *ਭਾਈ ਵੀਰ ਸਿੰਘ ਰਚਨਾਵਲੀ*, ਜਿਲਦ ਚੌਥੀ, ਪੰਨੇ 911-12.



*ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥*
*ਸਹਜਿ ਸੰਤੋਖ ਸੀਗਾਰੀਆ ਮਿਠਾ ਬੋਲਣੀ ॥* [55]

ਜੀਵਨ ਦਾ ਅਸਲ ਰੱਜ; ਅਸਲ ਸੁਖ ਗੁਰੂ ਦੇ ਦੱਸੇ ਮਾਰਗ (ਗੁਰਮਤਿ ਚਾਨਣ) ਰਾਹੀਂ ਜੀਵਨ-ਵਿਹਾਰ ਵਿਚ ਸਚੁ ਦਾ ਵਖਰੁ, ਈਮਾਨਦਾਰੀ ਦਾ ਵਪਾਰ ਜਾਂ ਕਿਰਤ ਕਮਾਈ ਕਰਨ ਨਾਲ ਪ੍ਰਾਪਤ ਹੁੰਦਾ ਹੈ। ਜਿੰਨ੍ਹਾਂ ਦੀ ਪੂੰਜੀ ਸਚੀ ਨਹੀਂ, ਬੇਈਮਾਨੀ ਦੀ ਹੈ; ਹਰਾਮ ਦੀ ਹੈ, ਉਹ ਸੁਖ ਪ੍ਰਾਪਤ ਨਹੀਂ ਕਰ ਸਕਦੇ। ਖੋਟੇ ਵਣਜ ਕਮਾਉਣ ਵਾਲਿਆਂ ਦਾ ਮਨ-ਤਨ ਖੋਟਾ ਹੋ ਜਾਂਦਾ ਹੈ:

*ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥*
*ਖੋਟੇ ਵਣਜਿ ਵਣੰਜਿਆ ਮਨੁ ਤਨੁ ਖੋਟਾ ਹੋਇ ॥*[56]

ਠਗੀਆਂ-ਠੋਰੀਆਂ ਦੀ ਮਨਮੁਖੀ ਕਾਰ ਕਦੇ ਵੀ ਰਾਸ ਨਹੀਂ ਆਉਂਦੀ, ਇਹ ਇਸ ਤਰ੍ਹਾਂ ਹੈ ਜਿਵੇਂ ਛੁਟੜ (ਜੀਵ) ਇਸਤਰੀ ਮਿਥਿਆ ਸ਼ਿੰਗਾਰ ਕਰੇ।[57] ਇਸ ਵਿਚਾਰ ਜਾਂ ਉਪਦੇਸ਼ ਨੂੰ ਬਿਨ੍ਹਾਂ ਸਮਝਿਆਂ ਕੀਤੇ ਜਾਣ ਵਾਲੇ ਕੰਮ , ਮਨੁਖੀ ਜੀਵਨ-ਰੂਪੀ ਮਿਲੇ ਵਡੇ ਪਦਾਰਥਾਂ ਨੂੰ ਅਜ਼ਾਈਂ ਗਵਾ ਦਿੰਦੇ ਹਨ।[58] ਬੇਈਮਾਨੀਆਂ, ਠਗੀਆਂ ਦੇ ਪਾਪ ਕਮਾਉਣ ਵਾਲੇ ਪਾਪਾਂ ਵਿਚ ਹੀ ਗਲ ਸੜ ਜਾਂਦੇ ਹਨ।[59] ਇਹ 'ਬਿਖ ਕੀ ਕਾਰ' ਦਾ ਨਤੀਜਾ ਬਿਖ ਪ੍ਰਾਪਤੀ ਦੇ ਫਲ ਵਿਚ ਹੀ ਨਿਕਲਦਾ ਹੈ।[60]

ਸੰਸਾਰ ਦੀ ਮਾਇਆ 'ਕਠੀ ਕਰਨ ਕਰਨ ਲਈ ਮਨੁਖ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਦੇ ਹਨ। ਅਨੇਕ ਤਰ੍ਹਾਂ ਦੇ ਵਲ-ਛਲ ਰੂਪੀ ਬਹੁ-ਬਿਧਿ ਕਰਮਾਂ (ਕੰਮਾਂ) ਨਾਲ ਦੂਣੀ ਮੈਲ-ਇਕ ਪਾਪਾਂ ਦੀ ਤੇ ਇਕ ਹਉਮੈ ਦੀ[61]- ਲਗਾ ਲੈਂਦੇ ਹਨ,[62] ਪਰ ਗੁਰੂ ਸਾਹਿਬ ਕਹਿੰਦੇ 'ਕੂੜਿ ਕਪਟਿ' ਨਾਲ ਕਦੇ ਕੁਝ ਪ੍ਰਾਪਤ ਨਹੀਂ ਹੁੰਦਾ, ਜਿਹੋ ਜਿਹਾ ਬੀਜਿਆ ਜਾਵੇਗਾ ਤੇਹੋ ਜਿਹਾ ਹੀ ਪ੍ਰਾਪਤ ਹੋਵੇਗਾ।[63]

ਰੋਜ਼ਾਨਾ ਜੀਵਨ ਦੀਆਂ ਆਮ ਲੋੜਾਂ ਤੋਂ ਬਿਨ੍ਹਾਂ ਜਦੋਂ ਕਾਰਾਂ, ਕੋਠੀਆਂ, ਜ਼ਮੀਨਾਂ ਤੇ ਹੋਰ ਬੇਅੰਤ ਧਨ ਜੋੜਨਾ ਜਾਂ ਜੁੜਨਾ ਸ਼ੁਰੂ ਹੋ ਜਾਵੇ ਤਾਂ ਇਸ ਆਲ-ਜੰਜਾਲ ਵਿਚ ਹੀ ਜੀਵਨ ਖਪਿ ਜਾਂਦਾ ਹੈ, ਇਨ੍ਹਾਂ ਵਿਚੋਂ ਇਕ ਵੀ ਕੰਮ ਆਉਣ ਵਾਲੀ ਵਸਤੂ ਨਹੀਂ :

---

55. *ਸ੍ਰੀ ਗੁਰੂ ਗ੍ਰੰਥ ਸਾਹਿਬ,* ੧੭.
56. *ਉਹੀ,* ੨੨-੩
57. ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ *ਉਹੀ,* ੩੧.
58. ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥ *ਉਹੀ,* ੩੩.
59. ਪਾਪੋ ਪਾਪੁ ਕਾਮਵਦੇ ਪਾਪੇ ਪਚਹਿ ਪਚਾਇ ॥ *ਉਹੀ,* ੩੬.
60. ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥ *ਉਹੀ.* ੩੯.
61. ਪੂੰਜੀ ਪਾਪ ਲੋਭ ਕੀ ਕੀਤੁ॥ *ਉਹੀ,* ੧੫੩.
62. ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ *ਉਹੀ,* ੩੯.
63. ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥ *ਉਹੀ,* ੪੦.

*ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥*
*ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥*
*ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ॥*[64]

ਕਬਜ਼ਿਆਂ ਦੇ ਹਉਮੈ ਰੂਪ ਉਕਤ ਮਨਹਠਿ ਕਰਮ ਜਿਥੇ ਇਹ ਖੁਆਰ ਕਰਦੇ ਹਨ[65] ਉਥੇ ਜੇਕਰ ਇਹ ਇਮਾਨ; ਮਿਹਨਤ-ਕਮਾਈ ਦੀ ਗੁਰਮੁਖਿ ਕਾਰ[66] ਨਾਲ ਕਮਾਏ ਗਏ ਹੋਣ, ਤਾਂ ਇਹ ਪ੍ਰਵਾਨਿਤ ਹਨ :

*ਤਿਨ ਕੇ ਘਰ ਮੰਦਰ ਮਹਲ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥*
*ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥*[67]

ਮਨ ਦੇ ਪਿਛੇ ਚਲਣ ਵਾਲੇ ਮਨਹਠ ਕਰਮ ਤਾਂ ਕਰੀ ਜਾਂਦੇ ਹਨ, ਪਰ ਤਤ ਨਹੀਂ ਜਾਣਦੇ[68] ਕਿ ਆਖਰ ਜੋ ਉਹ ਕਰ ਰਹੇ ਹਨ, ਕਿਸ ਲਈ, ਕਿਉਂ ਕਰ ਰਹੇ ਹਨ? ਉਨ੍ਹਾਂ ਦੇ ਸਾਰੇ ਕੰਮਾਂ ਦਾ ਉਦੇਸ਼ ਰਾਜ ਮਿਲਖ ਸਿਕਦਾਰੀਆਂ ਦੇ ਝੂਠੇ ਰੰਗਾਂ ਦੀ ਰੰਗਤ[69] ਪ੍ਰਾਪਤ ਕਰਨਾ ਹੁੰਦਾ ਹੈ ਤੇ ਅਜਿਹੇ ਹਉਮੈ ਦੇ ਮਨਮੁਖੀ ਕਰਮ ਦੁਖ ਦੀ ਪ੍ਰਾਪਤੀ ਦਾ ਹੀ ਸਾਧਨ ਬਣਦੇ ਹਨ।[70]

ਮਨ ਤੇ ਕਰਮ ਵਿਚ ਖੋਟ ਰਖਣ ਵਾਲੇ, ਭਾਵੇਂ ਕਿੰਨਾ ਵੀ ਭਰਮ-ਭੁਲੇਖਾ ਸਿਰਜਣ ਜਾਂ ਇਹ ਸਮਝਣ ਕਿ ਉਨ੍ਹਾਂ ਦੀ ਕਮਾਈ ਵਡੀ ਹੈ, ਪਰ ਉਹ ਕੂੜ ਹੀ ਕਮਾ ਰਹੇ ਹੁੰਦੇ ਹਨ[71] ਤੇ ਹਰਾਮ ਦੀ ਬਿਸ਼ਟਾ 'ਕਠੀ ਕਰਨ ਵਾਲੇ ਗੰਦਗੀ ਦੇ ਕੀੜਿਆਂ ਤੋਂ ਵਧੇਰੀ ਅਹਿਮੀਅਤ ਨਹੀਂ ਰਖਦੇ।[72] ਪਰ ਸੰਸਾਰ ਦੀ ਰੀਤਿ ਉਲਟੀ ਹੈ, ਇਥੇ ਕੂੜ (ਝੂਠ) ਬੋਲਣ ਵਾਲੇ ਤੇ

64. *ਉਹੀ*, ੬੩.
65. ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥ *ਉਹੀ*, ੬੬.
66. ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟ ਹੋਇ ॥ *ਉਹੀ*, ੨੭.
67. *ਉਹੀ*, ੬੪੮.
68. ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥ *ਉਹੀ*, ੬੭.
69. ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥
ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥
ਰੰਗ ਤਮਾਸੇ ਬਹੁ ਬਿਧੀ... ॥ *ਉਹੀ*, ੭੦.
70. ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥ *ਉਹੀ*,੭੦.
ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਏ ॥ *ਉਹੀ*, ੮੭.
ਮਨਮੁਖ ਕਰਮ ਕਰੇ ਅਹੰਕਾਰੀ ॥ *ਉਹੀ*, ੧੩੦.
71. ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥
ਕੂੜੁ ਕਮਾਵਨਿ ਦੁਖੁ ਲਾਗੇ ਭਾਰਾ ॥ *ਉਹੀ*, ੧੧੬.
72. ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਵਾਣਿਆ ॥ *ਉਹੀ.*
ਹੋਰ ਵੇਖੋ: *ਉਹੀ*, ੩੬੨, ੬੦੧, ੧੧੭੪, ੧੩੪੭.



ਹਰਾਮ ਦਾ ਖਾਣ ਵਾਲੇ, ਉਲਟਾ ਦੂਜਿਆਂ ਨੂੰ ਉਪਦੇਸ਼ ਕਰਦੇ ਹਨ, ਅਜਿਹੇ 'ਆਗੂ' ਆਪ ਤਾਂ ਹੋਰਾਂ ਨੂੰ ਠਗਾਉਂਦੇ ਹੀ ਹਨ, ਖੁਦ ਵੀ ਠਗੇ ਜਾਂਦੇ ਹਨ:

*ਕੂੜੁ ਬੋਲਿ ਮੁਰਦਾਰੁ ਖਾਇ ॥*
*ਅਵਰੀ ਨੋ ਸਮਝਾਵਣਿ ਜਾਇ ॥*
*ਮੁਠਾ ਆਪਿ ਮੁਹਾਏ ਸਾਥੈ ॥*
*ਨਾਨਕ ਐਸਾ ਆਗੂ ਜਾਪੈ ॥*[73]

ਇਸ ਸੰਸਾਰ ਦੇ ਵਿਹਾਰ ਵਿਚ ਜੇ ਕਪੜੇ ਨੂੰ ਲਹੂ ਲਗ ਜਾਵੇ ਤਾਂ ਉਸਨੂੰ ਮੈਲਾ ਸਮਝਿਆ ਜਾਂਦਾ ਹੈ, ਪਰ ਜਿਹੜੇ ਠਗੀਆਂ-ਠੋਰੀਆਂ ਕਰਕੇ, ਗਰੀਬਾਂ ਦਾ ਰਤੁ ਪੀਂਦੇ ਹਨ, ਉਹ ਭਲਾ ਪਲੀਤ ਹੋਣੋ ਕਿਵੇਂ ਰਹਿ ਸਕਦੇ ਹਨ ? ਅਸਲ ਵਿਚ ਮੈਲੇ ਜਾਂ ਪਲੀਤ ਉਹੋ ਲੋਕ ਹਨ ਜੋ ਦੂਸਰਿਆਂ ਦੀ ਕਮਾਈ ਹੜਪਦੇ ਹਨ।[74] ਪਰਾਇਆ ਹਕ ਖਾਣਾ ਇਸ ਤਰ੍ਹਾਂ ਹੈ ਜਿਵੇਂ ਹਿੰਦੂਆਂ ਦੇ ਧਾਰਮਿਕ ਕਾਇਦੇ ਉਸਨੂੰ ਗਊ ਖਾਣ ਤੋਂ ਰੋਕਦੇ ਹਨ, ਪਰ ਉਹ ਗਊ ਖਾਂਦੇ ਤੇ ਮੁਸਲਮਾਨਾਂ ਦੇ ਕਾਇਦੇ-ਕਾਨੂੰਨ ਉਸਨੂੰ ਸੂਰ ਹਰਾਮ ਕਰਦੇ ਹਨ, ਪਰ ਉਹ ਸੂਰ ਖਾਂਦੇ ਹਨ:[75]

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*[76]

ਕਈ ਤਰ੍ਹਾਂ ਦੇ ਅਨਰਥ ਕਰਕੇ 'ਕਠੀ ਕੀਤੀ ਮਾਇਆ ਆਖਰ ਉਸਦੇ (ਮਨੁਖ ਦੇ) ਹਥ ਵਿਚ ਨਹੀਂ ਰਹਿੰਦੀ, ਪਰਮਾਤਮਾ ਉਸ ਤੋਂ ਖੋਹ ਕੇ ਕਿਸੇ ਹੋਰ ਨੂੰ ਦੇ ਦਿੰਦਾ ਹੈ, ਭਾਵ ਇਕ ਸਾਰੀ ਉਮਰ ਵਲ-ਛਲ ਕਰਕੇ ਮਾਇਆ 'ਕੱਠੀ ਕਰਦੇ ਰਹਿੰਦੇ ਹਨ, ਵਰਤਦਾ ਕੋਈ ਹੋਰ ਹੈ। ਫਿਰ ਕੀ ਫਾਇਦਾ ਹੋਇਆ ਦੇਹੀ ਤੇ ਮਨ ਨੂੰ ਦੁਖ ਦੇਣ ਦਾ, ਜਦੋਂ ਕਿ 'ਕਾਚੀ ਗਗਰੀਆ'(ਦੇਹੀ) ਤਾਂ ਛਿਣਾਂ-ਪਲਾਂ ਦੀ ਹੀ ਖੇਡ ਹੈ ?[77] ਭਾਵੇਂ ਪੁਠੇ-ਸਿਧੇ ਤਰੀਕਿਆਂ ਦੇ ਲਖਾਂ ਕਰਮ ਕਮਾਏ ਜਾਣ, ਤ੍ਰਿਸ਼ਨਾ ਨੂੰ 'ਬੰਧ' (ਰੋਕ) ਨਹੀਂ ਪੈਂਦੀ।[78] ਅਸਲ ਵਿਚ ਰਾਜ ਮਾਲ ਸਭ 'ਜੰਜਾਲ' ਹਨ, ਇਹ ਕਿਸੇ ਕੰਮ ਵਿਚ ਨਹੀਂ ਗਿਣੇ ਜਾਂਦੇ।[79]

ਸੰਸਾਰ ਵਿਚ ਮਨੁਖ ਥੋੜੇ ਸਮੇਂ ਲਈ ਆਇਆ ਹੈ, ਪਰ ਪਕਾ ਡੇਰਾ ਸਮਝ ਕੇ ਇਥੇ ਕਬਜ਼ੇ ਸ਼ੁਰੂ ਕਰ ਦਿੰਦਾ ਹੈ ਤੇ ਕਬਜ਼ਿਆਂ ਲਈ ਇਮਾਨ ਦੀ ਕਿਰਤ ਤਾਂ ਸਾਥ ਨਹੀਂ ਦਿੰਦੀ,

73. *ਉਹੀ*, ੧੪੦.
74. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ *ਉਹੀ*, ੧੪੦.
75. ਉਕਤ ਉਪਦੇਸ਼ ਸਿੱਖ ਲਈ ਵੀ ਹੈ।
76. *ਗੁਰੂ ਗ੍ਰੰਥ ਸਾਹਿਬ*, ੧੪੧.
77. ਕਾਚ ਗਗਰੀਆ ਅੰਭ ਮਝਰੀਆ ॥ *ਉਹੀ. ੩੯੨.*
78. ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥ *ਉਹੀ*, ੩੯੬.
79. ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ ॥ *ਉਹੀ*, ੩੯੮.

ਫਿਰ ਕੂੜ ਕਮਾਉਣ ਲਗ ਜਾਂਦਾ ਹੈ।[80] ਪਰਮਾਤਮਾ ਦੀ ਦ੍ਰਿਸ਼ਟੀ ਵਿਚ ਅਜਿਹੇ ਖੋਟਿਆਂ ਨੂੰ ਕੋਈ ਥਾਂ ਪ੍ਰਾਪਤ ਨਹੀਂ।[81] ਸੰਸਾਰ ਵਿਚ ਰਹਿੰਦਿਆਂ ਉਸਨੇ ਦੁਖੁ ਖਾਧਾ; 'ਕਠਾ ਕੀਤਾ, ਭੋਗਿਆ ਤੇ ਦੁਖ-ਰੂਪੀ ਹੀ ਤਰਕੀ ਕੀਤੀ।[82] ਇਸ ਤਰ੍ਹਾਂ ਕੂੜੀ ਰਾਸਿ ਦੇ ਕੂੜੇ ਵਾਪਾਰ ਨਾਲ,[83] ਕੂੜ ਕਮਾਉਂਦਾ ਮਨੁਖ ਕੂੜ-ਰੂਪ ਹੀ ਬਣ ਗਿਆ।[84]

ਝੂਠੀ ਕਿਰਤ ਕਮਾਈ ਦੇ ਅੰਧੇ ਧੰਦਿਆਂ ਵਿਚ ਮਾਇਆ ਦੇ ਅਨੇਕ 'ਪਾਪ' ਕਰਦਿਆਂ[85] ਮਨੁਖ ਤਨੁ ਮਨੁ ਕਰਕੇ ਅੰਧਾ ਹੋ ਜਾਂਦਾ ਹੈ।[86] ਇਕ ਰਾਤ ਦਾ ਪ੍ਰਹੁਣਾ ਇਥੇ ਲੰਮੀ ਆਸ ਬੰਨਦਾ ਹੈ ਤੇ 'ਤਰਵਰ ਦੀ ਛਾਂ' ਸਮਾਨ ਧਨ, ਮਹਿਲ ਉਸਾਰਦਾ ਹੈ।[87] ਇਨ੍ਹਾਂ ਧੰਦਿਆਂ ਵਿਚ ਹੀ ਉਸਦੀ ਕਉਡੀ-ਕਉਡੀ ਕਰਕੇ ਅਨੇਕਾਂ ਜੁਗਤਾਂ (ਵਲ-ਛਲ) ਨਾਲ ਧਨ ਜੋੜਦਿਆਂ ਜੀਵਨ ਰੂਪ ਰਾਤ ਗੁਜ਼ਰ ਗਈ।[88] ਇਸ 'ਦੂਜੇ ਭਾਇ' ਵਿਚ ਰਤਾ ਅਗਿਆਨੀ ਜਗਤ ਦਿਨ ਰਾਤ ਕਮਾਈ ਜਾਂਦਾ ਹੈ ।[89] ਅਗਿਆਨ ਦੇ ਅੰਧ ਵਿਚ ਜਗਤ ਨੂੰ ਇਹ ਸਮਝ ਨਹੀਂ ਪੈਂਦੀ ਕਿ 'ਚੋਰੀ ਦੇ ਮਾਲ' ਦਾ ਮੁਲ ਦੋ ਗੰਢਿਆਂ (ਤੁਛ) ਜਿੰਨਾ ਹੁੰਦਾ ਹੈ[90] ਤੇ 'ਖੋਟਾ' ਕਦੇ 'ਕੰਮ' ਨਹੀਂ ਆਉਂਦਾ।[91] ਪਰ ਮਾਇਆਧਾਰੀ ਸਾਕਤ ਅੰਧ ਕੂਪ ਵਿਚ ਐਨੇ ਗਿਰੇ ਹੋਏ ਹਨ ਕਿ ਜ਼ੋਰ ਲਾ-ਲਾ ਕੇ ਹਰਾਮ ਦੀ ਬਿਖੁ ਸੰਚਦੇ ਰਹਿੰਦੇ ਹਨ[92] ਤੇ ਇਨ੍ਹਾਂ ਧੰਦਿਆਂ ਵਿਚ ਹੀ ਆਰਜਾ ਵਿਹਾ ਦਿੰਦੇ ਹਨ।[93] ਮੂੜ ਮਨੁਖ ਝੂਠੇ ਧੰਦੇ ਵਿਚ ਰਵ ਕੇ[94] ਮਨ ਰੂਪੀ ਭਾਂਡਾ ਅਤਿ ਮਲੀਨ ਕਰ ਲੈਂਦਾ ਹੈ, ਜਿਹੜਾ ਨਾਟਕ-ਚੇਟਕ ਦੇ 'ਕੁਕਾਜਾ'[95] ਨਾਲ ਧੋਇਆਂ ਸ਼ੁਧ ਨਹੀਂ ਹੁੰਦਾ।[96]

80. ਕੂੜ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ...
ਧੰਧਾ ਪਿਟਿਹੁ ਭਾਈਹੋ ਤੁਮੁ ਕੂੜੁ ਕਮਾਵਹੁ ॥ *ਉਹੀ*, ੪੧੮.
81. ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥ *ਉਹੀ*, ੪੨੧.
82. ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ ॥ *ਉਹੀ*, ੪੪੨.
83. ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ *ਉਹੀ*, ੪੭੧.
84. ਕੂੜਿ ਕਮਾਣੈ ਕੂੜੋ ਹੋਵੈ ...॥ *ਉਹੀ*, ੪੭੪.
85. ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥ *ਉਹੀ*, ੭੦੫.
86. ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ *ਉਹੀ*, ੧੨੮੭.
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ *ਉਹੀ*, ੧੨੮੯.
87. ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ॥
ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ ॥ *ਉਹੀ*, ੨੧੨.
88. ਧੰਧਾ ਕਰਤ ਬਿਹਾਨੀ ਅਉਧਹਿ...॥ਕਉਡੀ ਕਉਡੀ ਜੋਰਤ ਕਪਟੇ ਅਨਿਕ ਜੁਗਤਿ...॥ *ਉਹੀ*, ੫੦੧.
89. ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥ *ਉਹੀ*, ੫੯੩.
90. ਚੋਰੁ ਸੁਆਲਿਉ ਚੋਰੁ ਸਿਆਣਾ ॥
ਖੋਟੇ ਕਾ ਮੁਲੁ ਏਕੁ ਦੁਗਾਣਾ ॥ *ਉਹੀ*, ੬੬੨.
91. ਖੋਟਾ ਕਾਮਿ ਨ ਆਵੈ ਵੇਖੁ ॥ *ਉਹੀ*.
92. ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥ *ਉਹੀ*, ੬੯੮.
93. ਆਰਜਾ ਗਈ ਵਿਹਾਇ ਧੰਧੈ ਧਾਇਆ ॥ *ਉਹੀ*, ੭੦੭.
94. ਝੂਠੈ ਧੰਧੈ ਰਚਿਉ ਮੂੜਾ ॥ *ਉਹੀ*, ੭੪੪.
95. ਨਾਟਕ ਚੇਟਕ ਕੀਏ ਕੁਕਾਜਾ ॥ *ਬਚਿਤ੍ਰ ਨਾਟਕ*, ਅਧਿ. ੫ ਬੰਦ ੧੪.
96. ਭਾਂਡਾ ਮਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ *ਗੁਰੂ ਗ੍ਰੰਥ ਸਾਹਿਬ*, ੭੨੯.



ਸਾਧਾਰਨ ਮਨੁਖ ਕੇਵਲ ਲੋਕ ਦਿਖਾਵੇ ਲਈ ਹੀ ਅੰਧ ਕਮਾਉਂਦੇ ਰਹਿੰਦੇ ਹਨ।[97] ਉਹ ਪਰਦਰਬ ਲਈ ਦੇਹੀ ਨੂੰ ਤਰ੍ਹਾਂ-ਤਰ੍ਹਾਂ ਦੇ ਕਸ਼ਟ ਦਿੰਦੇ ਹਨ, ਪਰ ਪਰਾਇਆ ਮਾਲ ਨਾ ਉਨ੍ਹਾਂ ਦੇ ਕੰਮ ਆਉਂਦਾ ਹੈ ਤੇ ਨਾ ਹੀ ਉਨ੍ਹਾਂ ਲੋਕਾਂ ਦੇ,ਜਿੰਨ੍ਹਾਂ ਨੂੰ ਦਿਖਾਉਣ ਖਾਤਰ ਉਹ 'ਟੇਢੀ ਚਾਲ'[98] ਚਲਦੇ ਹਨ।[99] ਕਉਡੀ-ਕਉਡੀ ਖਾਤਰ ਖਾਕ ਛਾਣਦਾ ਅਨਿਕ ਪ੍ਰਕਾਰ ਦੇ 'ਧੋਹ' ਛਲ ਕਰਦਾ,[100] ਇਹ ਮਨੁਖ ਨਾਨਾ ਪ੍ਰਕਾਰੀ[101] ਜੰਜਾਲਾਂ ਦੇ ਵੇੜਿਆਂ ਵਿਚ ਫਸ ਕੇ ਪਾਪਾਂ ਵਿਚ ਗਲ ਜਾਂਦਾ ਹੈ।[102] ਲੋਕਾਂ ਵਿਚ ਵਡਾ ਹੋਣ ਲਈ ਹਉਮੈ ਵਧਾਉਂਦਾ ਹੈ ਤੇ ਇਸੇ ਹਉਮੈ ਵਿਚ 'ਧਨੁ ਕਾਚਾ ਬਿਖੁ ਛਾਰ'[103] 'ਕਠਾ ਕਰਕੇ ਖਪ ਜਾਂਦਾ ਹੈ।[104] ਇਸ ਤਰ੍ਹਾਂ ਕੂੜ ਬੋਲਦਿਆਂ ਤੇ ਬਿਖ ਖਾਂਦਿਆਂ ਦਿਨ ਧੰਦਿਆਂ ਤੇ ਰਾਤ ਨੀਂਦ ਵਿਚ ਗੁਜ਼ਰ ਜਾਂਦੀ ਹੈ।[105] ਵਲਵੰਚ[106] ਕਰਕੇ ਵਧਾਏ ਧੰਦੇ ਮਨ ਨੂੰ ਵਿਕਾਰਾਂ ਦੀ ਗੂੜੀ ਜ਼ੰਗਾਲ (ਮਨੂਰ) ਲਾ ਦਿੰਦੇ ਹਨ ਤੇ ਇਸ ਤਰ੍ਹਾਂ ਜੂਠਾ ਹੋਇਆ ਮਨ ਜੂਠ (ਹਰਾਮ ਦੀ ਕਮਾਈ) ਹੀ ਕਮਾਉਂਦਾ ਰਹਿੰਦਾ ਹੈ।[107]

ਪਰਾਇਆ ਮਾਲ ਹਿਰਣਾ (ਚੁਰਾਉਣਾ) ਬਹੁਤੇ ਵਿਘਨਾਂ ਦਾ ਕਾਰਨ ਹੈ, ਇਹ ਪਸ਼ੂਆਂ ਵਰਗਾ ਕੰਮ ਹੈ, ਜਿਸ ਵਿਚ ਆਪਣੇ (ਇਮਾਨ) ਪਰਾਏ (ਹਰਾਮ) ਦੀ ਸੋਝੀ ਨਹੀਂ।[108] ਮੰਦੇ ਅਮਲਾਂ ਨਾਲ ਖੜ੍ਹੇ ਕੀਤੇ 'ਕੋਠੇ ਮੰਡਪ ਮਾੜੀਆ' ਸਭ ਕੂੜ ਦਾ ਸਉਦਾ ਹਨ[109],ਇਨ੍ਹਾਂ ਨਾਲ ਕਿਸੇ ਤਤ ਦੀ ਪ੍ਰਾਪਤੀ ਨਹੀਂ ਹੁੰਦੀ । ਜਿਨ੍ਹਾਂ ਨੂੰ ਜੀਵਨ ਦਾ ਸਚ ਪਤਾ ਹੈ ਉਹ ਬਹੁਤੇ ਵਿਸਤਾਰਾਂ ਵਿਚ ਨਹੀਂ ਪੈਂਦੇ।[110] ਵਲਛਲ [111] ਕਰਕੇ ਕੀਤੇ ਵਿਕਰਮ [112] ਦੀ ਖੋਟੀ

97. ਲੋਕ ਪਚਾਰਾ ਅੰਧੁ ਕਮਾਇ ॥ *ਉਹੀ*, ੮੮੮.
98. ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ *ਉਹੀ*, ੧੧੨੪.
99. ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥
ਤੇਰੈ ਕਾਜਿ ਨ ਅਵਰਾ ਜੋਗ ॥ *ਉਹੀ*, ੮੮੯.
100. ਧਰਤ ਧੋਹ ਅਨਿਕ ਛਲ ਜਾਨੈ॥
ਕਉਡੀ ਕਉਡੀ ਕਉ ਖਾਕੁ ਸਿਰਿ ਛਾਨੈ॥ *ਉਹੀ*, ੮੯੯.
101. ਨਾਨਾ ਝੂਠਿ ਲਾਇ ਮਨੁ ਤੋਖਿਓ...॥ *ਉਹੀ*, ੭੧੨.
102. ਮਨੁ ਜੰਜਾਲੀ ਵੇੜਿਆ...ਪਾਪੇ ਪਚਹਿ ਪਚਾਹਿ ॥ *ਉਹੀ*, ੯੩੫.
103. *ਉਹੀ*, ੯੩੭.
104. ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ॥ *ਉਹੀ*.
105. ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ॥
ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥ *ਉਹੀ*, ੯੪੮; ਹੋਰ: *ਉਹੀ*, ੧੦੬੭,੧੨੪੮.
106. ਵਲਵੰਚ ਕਰਿ ਉਦਰੁ ਭਰਹਿ ...॥ *ਉਹੀ*, ੪੬੧.
ਵਲਵੰਚ ਕਰਿ ਉਪਾਵ ਮਾਇਆ ਹਿਰਿ ਆਣਿਆ ॥ *ਉਹੀ*, ੧੨੪੮.
107. ਧੰਧੈ ਧਾਵਤ ਮਨੁ ਭਇਆ ਮਨੂਰਾ ॥...
ਮਨ ਕੀ ਜੂਠੀ ਜੂਠ ਕਮਾਵੈ ॥ *ਉਹੀ*, ੧੦੪੭.
108. ਪਰਦਰਬ ਹਿਰਣੰ ਬਹੁ ਵਿਘਨ ਕਰਣੰ...॥ਕਰਮ ਕਰਤ ਸਿ ਸੂਕਰਹ ॥ *ਉਹੀ*, ੧੩੬੦.
109. ਫਰੀਦਾ ਕੋਠੇ ਮੰਡਪ ਮਾੜੀਆ...ਕੂੜਾ ਸਉਦਾ ਕਰਿ ਗਏ ...॥ *ਉਹੀ*, ੧੩੮੦.
110. ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ *ਉਹੀ*, ੭੮੭.
111. *ਉਹੀ*, ੮੫.
112. *ਉਹੀ*, ੧੦੫.

ਰਾਸਿ[113] ਨਾਲ 'ਕਠਾ ਕੀਤਾ ਕੂੜ[114], ਬਿਖ[115] ਤੇ ਬਿਸ਼ਟਾ[116] ਖਾਣ ; ਹੰਢਾਉਣ ਦੇ ਤੁਲ ਹੈ । ਇਸ ਦੂਜੀ ਕਾਰੈ[117] ਦੀ ਛਾਰ[118], ਜਮ ਕਾ ਪੰਥਿ[119] ਹੈ । ਇਹ ਬਾਵੈ ਮਾਰਗ[120] ਦੀ ਬਿਪਰੀਤਿ[121] ਦੇ ਦੁਹਕਰਮ[122] ਝੂਠੇ ਧਨ[123] ਦੇ ਆਨ ਕਾਰਜਿ[124] ਹਨ, ਜਿਹੜੇ ਤਾਤਿ ਪਰਾਈ[125] ਨਾਲ ਹੋਰ ਬਾਦਿ[126], ਪਰਪੰਚ[127] ਦੀ ਵਿਡਾਣੀ ਚਾਕਰੀ[128] ਵਲ ਲਾ ਕੇ ਸ੍ਰੇਸ਼ਟ ਮਨੁਖੀ ਜਨਮ ਨੂੰ ਅਵੇ ਤਵੇ ਕੀ ਚਾਕਰੀ [129] ਵਿਚ ਹੀ ਉਲਝਾਈ ਰਖਦੇ ਹਨ। ਠਗੀਆਂ-ਚੋਰੀਆਂ ਦੇ ਨੀਚ ਬਿਉਹਾਰ[130],ਕੂੜੀ ਠਗੀ[131] ਮਨੁਖ ਦੇ ਆਪਣੇ ਆਪ ਨਾਲ ਕੀਤੇ ਧੋਹ[132], ਕਪਟ[133] ਹਨ, ਜਿਨ੍ਹਾਂ ਰਾਹੀਂ ਮਨੁਖ ਜੰਜਾਲਾਂ[134] ਦੀ ਅਵਗਣ ਪੰਡ[135] ਸਿਰ 'ਤੇ ਬੰਨ ਲੈਂਦਾ ਤੇ ਅਨਰਥ[136] ਕਰਕੇ ਵਿਹਾਝੀ ਮਾਇਆ[137] (ਮਾਲ) ਨਾਲ ਆਪਣੇ ਪਰਿਵਾਰ ਨੂੰ ਵੀ ਗਾਲ ਲੈਂਦਾ ਹੈ।

ਕੂੜੇ ਲੋਭ[138] ਖਾਤਰ ਕੁਮਾਰਗ[139] 'ਤੇ ਪੈ ਕੇ ਕੀਤੇ ਮਲ ਕਰਮ[140] ਭਾਵੇਂ ਸੰਸਾਰ ਤੋਂ ਗੁਝੇ ਕਮਾਇ[141] ਜਾਂਦੇ ਹਨ , ਪਰ ਬੁਰੀ ਘਾਲ [142] ਦੇ ਧ੍ਰਿਗ ਕਰਮ[143] ਸੰਸਾਰ ਵਿਚ ਪ੍ਰਗਟ ਹੋ ਹੀ ਜਾਂਦੇ ਹਨ। ਅਸਲ ਕੂੜਾ ਲਾਲਚ[144] ਹੀ ਮਨੁਖ ਨੂੰ ਆਨ ਬਿਉਹਾਰਾਂ[145] ਦੇ ਵਲਵੰਚ[146] ਵਿਚ ਫਸਾਉਂਦਾ ਹੈ, ਪਰ ਇਹ ਊਣੇ ਕਰਮ[147] ਨਿਹਫਲ[148] ਜਾਂਦੇ ਹਨ। ਮਾਇਆ ਦਾ ਬਿਉਹਾਰ[149] ਕਈ ਤਰ੍ਹਾਂ ਦੇ ਏਹੜ ਤੇਹੜ[150], ਕਪਟਾਂ[151] ਦਾ ਪਾਪ ਕਰਮ[152] ਹੈ, ਜਿਸ ਦੇ ਛਲੇ ਛਿਦ੍ਰੇ[153] ਪਤਿਤ ਕਰਮ[154] ਵੇਦੀਨਾ[155] ਦੀ ਦੂਜੀ ਕਾਰ[156] ਹਨ। ਅਵਰ ਕਾਜ[157] ਅਜਿਹੀ ਬਿਖੈ ਠਗਉਰੀ[158] ਹੈ, ਜਿਹੜੀ ਆਨ ਰਸਾਂ-ਕਸਾਂ[159] ਵਿਚ ਫਸਾ ਕੇ ਮਨੁਖ ਨੂੰ ਕੂਰਾ ਰੋਗ[160] ਲਾ ਦਿੰਦੀ ਹੈ ਤੇ ਇਹੋ ਝੂਠੇ ਖੇਲ[161] ਦੇ ਚੋਗ ਚੁਗਦਾ ਉਹ ਫੋਕਟ ਕਰਮਾਂ[162] ਦੇ ਮਹਾਜਾਲ[163] ਦੀ ਘੂਮਨ ਘੇਰ[164] ਬੀਜੀ ਕਾਰ[165] ਵਿਚ ਜੀਵਨ ਬਰਬਾਦ ਕਰ ਦਿੰਦਾ ਹੈ।

---

113. *ਉਹੀ*, ੧੧੬.
114. *ਉਹੀ*, ੧੧੬,੧੨੩.
115. *ਉਹੀ*, ੧੨੦,੧੩੪.
116. *ਉਹੀ*, ੧੧੬.
117. *ਉਹੀ*, ੧੪੪.
118. *ਉਹੀ*, ੧੪੧.
119. *ਉਹੀ*, ੩੨੦.
120. *ਉਹੀ*, ੧੮੫.
121. *ਉਹੀ*, ੧੯੫.
122. *ਉਹੀ*, ੧੯੪.
123. *ਉਹੀ*, ੧੯੭.
124. *ਉਹੀ*, ੧੯੫.
125. *ਉਹੀ*, ੨੧੫.
126. *ਉਹੀ*, ੨੧੮.
127. *ਉਹੀ*, ੨੨੫.
128. *ਉਹੀ*, ੨੪੬,੫੮੬.
129. ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥ *ਉਹੀ*, ੪੨੦.
130. *ਉਹੀ*, ੨੭੭.
131. *ਉਹੀ*, ੩੦੩.
132. *ਉਹੀ*, ੩੨੧.
133. *ਉਹੀ*, ੪੩੭.
134. *ਉਹੀ*, ੪੩੯.
135. *ਉਹੀ*, ੨੩,੭੬.
136. *ਉਹੀ*, ੪੯੭,੩੩੧,੭੦੬.
137. *ਉਹੀ*, ੩੯੧.
138. *ਉਹੀ*, ੪੫੯.
139. *ਉਹੀ*, ੪੪੧.
140. *ਉਹੀ*, ੪੫੮.
141. *ਉਹੀ*, ੪੬੦.
142. *ਉਹੀ*, ੪੭੪.
143. *ਉਹੀ*, ੪੮੯.
144. *ਉਹੀ*, ੫੧੨.
145. *ਉਹੀ*, ੫੦੧.
146. *ਉਹੀ*, ੫੪੬.
147. *ਉਹੀ*, ੫੪੭.
148. *ਉਹੀ*, ੭੨੩.
149. *ਉਹੀ*, ੬੪੭.
150. *ਉਹੀ*, ੬੪੬.
151. *ਉਹੀ*, ੬੫੨,੬੬੦.
152. *ਉਹੀ*, ੬੮੦.
153. *ਉਹੀ*, ੭੦੮.
154. *ਉਹੀ*, ੬੯੨.
155. *ਉਹੀ*, ੭੯੦.
156. *ਉਹੀ*, ੭੯੧.
157. *ਉਹੀ*, ੮੨੨.
158. *ਉਹੀ*, ੯੦੦.
159. *ਉਹੀ*, ੮੫੮.
160. *ਉਹੀ*, ੯੦੧.
161. *ਉਹੀ*, ੯੩੫,੯੯੦.
162. *ਉਹੀ*, ੧੦੦੧.
163. *ਉਹੀ*, ੧੦੦੯.
164. *ਉਹੀ*, ੧੦੧੨.
165. *ਉਹੀ*, ੧੦੬੯,੧੩੪੩.



ਮਿਥ ਬਿਉਹਾਰ[166] ਦੇ ਮੰਦੇ ਅਮਲ[167] ਅਜਿਹੀ ਗੁਣਹੀਨ[168] ਰਾਸ ਬਿਗਾਨੀ[169] ਹਨ ਕਿ ਇਸੇ ਚਿਕੜ[170] ਦੇ ਛਪੜਿ ਵਿਚ[171], ਪਾਪੀ ਕਰਮ ਕਰਨ ਵਾਲੇ ਫਿਰ ਹਾਏ-ਹਾਏ ਕਰਦੇ ਹਨ। ਇਸੇ ਕਰਕੇ ਗੁਰਮਤਿ ਨੇ ਅਣਚਾਰੀ ਕੇ ਧਾਨੁ[172] ਨੂੰ ਸਖ਼ਤੀ ਨਾਲ ਰਦਿਆ ਹੈ।

ਹਰਾਮ ਜਾਂ ਵਲ-ਛਲ ਕਰਕੇ ਖਾਧਾ ਜਾਂ ਹੰਢਾਇਆ ਜਾਂਦਾ ਮਾਲ ਜਿਥੇ ਜੀਵਨ, ਪਰਿਵਾਰ ਜਾਂ ਸਮਾਜ ਨੂੰ ਦੂਸ਼ਿਤ ਕਰਦਾ ਹੈ , ਉਥੇ ਸੰਸਾਰ ਵਿਚ, ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ, ਕੁਕ੍ਰਿਤ ਕਰਮ ਕਰਨ ਵਾਲੇ ਨੂੰ ਅਸੁਰ ਕਿਹਾ ਜਾਂਦਾ ਹੈ।[173] ਗੁਰੂ ਸਾਹਿਬ ਇਥੇ ਧਿਆਨ ਰਹੇ 'ਅਸੁਰ' ਕਿਸੇ ਮਿਥਕ ਸੰਕਲਪ ਨੂੰ ਮੰਨਣ ਦੀ ਥਾਂ 'ਕੁਕ੍ਰਿਤ' ਕੰਮ ਕਰਨ ਵਾਲੇ ਪ੍ਰਤੀ ਵਰਤ ਰਹੇ ਹਨ। ਭਾਈ ਗੁਰਦਾਸ ਜੀ ਵਲ-ਛਲ ਕਰਕੇ ਕਮਾਈ ਕਰਨ ਵਾਲੇ ਨੂੰ ਕ੍ਰਿਤਘਨ[174] ਜਾਂ ਲੂਣਹਰਾਮੀ[175] ਸ਼ਬਦ ਨਾਲ ਸੰਬੋਧਿਤ ਹੁੰਦੇ ਹਨ। ਝੂਠੇ ਕੰਮਾਂ ਪ੍ਰਤੀ ਉਹ 'ਦੁਕ੍ਰਿਤ' ਸ਼ਬਦ ਵੀ ਵਰਤਦੇ ਹਨ।[176] ਭਾਈ ਸਾਹਿਬ ਅਨੁਸਾਰ ਸਚ ਤੇ ਕੂੜ ਦਾ ਆਧਾਰ ਮਨੁਖ ਦੇ ਕੰਮ ਹੀ ਹਨ।[177] ਸਾਧ-ਅਸਾਧ ਦੀ ਪਛਾਣ ਦਾ ਆਧਾਰ ਵੀ ਕੰਮ ਹੀ ਹੈ ।[178] ਪਰਾਏ ਮਾਲ (ਧਨ) ਦੇ ਔਗੁਣ ਦਸਦੇ ਹੋਏ ਭਾਈ ਸਾਹਿਬ ਲਿਖਦੇ ਹਨ ਕਿ ਜਿਵੇਂ ਰਤਾ ਕੁ ਜ਼ਹਿਰ,ਵਰ੍ਹਿਆਂ ਦੀ ਪਾਲੀ ਦੇਹ ਨੂੰ ਨਸ਼ਟ ਕਰ ਦਿੰਦੀ ਹੈ; ਦੁਧ, ਰਤਾ ਕੁ ਕਾਂਜੀ ਬਰਬਾਦ ਕਰ ਦਿੰਦੀ ਹੈ; ਰਤਾ ਕੁ ਅੱਗ ਦੀ ਚੰਗਿਆੜੀ ਕਰੋੜਾਂ ਪੰਡਾਂ ਭਾਰ ਰੂੰ ਨੂੰ ਸੁਆਹ ਕਰ ਦਿੰਦੀ ਹੈ, ਤਿਵੇਂ ਪਰਾਇਆ ਮਾਲ (ਤੇ ਤਨ) ਗ੍ਰਹਿਣ ਕਰਨ ਨਾਲ ਸ਼ੁਭ ਕਰਮ, ਸ਼ਾਂਤੀ ਤੇ ਪ੍ਰਸੰਨਤਾ ਉਡ-ਪੁਡ ਜਾਂਦੀ ਹੈ:

*ਜੈਸੇ ਬਿਖ ਤਨਕ ਕੀ ਖਾਤ ਮਰਿ ਜਾਤ ਤਾਤ,*
*ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ॥...*
*ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ,*
*ਹਰੈ ਨਿਧਿ ਸੁਕ੍ਰਿਤ ਸਹਜ ਹਰਖਨ ਕੀ ॥*[179]

ਭਾਈ ਨੰਦ ਲਾਲ ਜੀ 'ਛਲ ਕਾ ਵਾਪਾਰ' ਕਰਨ ਵਾਲੇ ਨੂੰ ਹਜ਼ਾਰਾਂ ਨਰਕਾਂ ਭੋਗਣ ਦੀ ਸਜ਼ਾ ਅਖਤਿਆਰ ਕਰਦੇ ਹਨ।[180] ਭਾਈ ਦਯਾ ਸਿੰਘ ਨੇ *ਰਹਿਤਨਾਮੇ* ਵਿਚ ਜੀਵਨ-ਮੁਕਤਿ ਵਿਅਕਤੀ ਦੀ ਪਰਿਭਾਸ਼ਾ ਵਿਚ 'ਪਰਾਏ-ਧਨ' ਦੇ ਕਰਮ (ਕੰਮ) ਨਾ ਕਰਨ ਵਾਲੇ

---

166. *ਉਹੀ*, ੧੩੬੪.
167. *ਉਹੀ*, ੧੩੮੦.
168. *ਉਹੀ*, ੬੩੮,੧੩੯੧.
169. *ਉਹੀ*, ੧੩੬੯.
170. *ਉਹੀ*, ੧੩੮੦.
171. *ਉਹੀ*, ੧੩੮੦.
172. *ਉਹੀ*, ੧੪੧੩.
173. ਕੁਕ੍ਰਿਤ ਕਰਮ ਜੇ ਜਗ ਮੈ ਕਰਹੀ ॥
ਨਾਮ ਅਸੁਰ ਤਿਨਕੋ ਸਭ ਧਰ ਹੀ ॥ *ਬਚਿਤ੍ਰ ਨਾਟਕ*, ਅਧਿ. ੨ ਬੰਦ ੧੫.
174. *ਕਬਿਤ* ੫੨੧.
175. *ਵਾਰ/ਪਉੜੀ* ੩੫/੧੧.
176. *ਉਹੀ*, ੩੧/੧੩.
177. *ਉਹੀ*, ੩੦/੮.
178. *ਉਹੀ*, ੩੫/੧੭; *ਕਬਿਤ* ੫੯੬.
179. *ਕਬਿਤ* ੫੦੬.
180. ਗੋਲਕ ਰਾਖੇ ਨਾਹਿ ਜੋ ਛਲ ਕਾ ਕਰੇ ਵਪਾਰ ॥
ਕਹੈ ਗੋਬਿੰਦ ਸਿੰਘ ਲਾਲ ਜੀ ਭੋਗੇ ਨਰਕ ਹਜ਼ਾਰ ॥ *ਤਨਖਾਹਨਾਮਾ*, ਬੰਦ ੩੭.

ਦਾ ਵਿਸ਼ੇਸ਼ ਤੇ ਪਹਿਲਾ ਲਛਣ ਸਵੀਕਾਰਿਆ ਹੈ।[181] *ਰਹਿਤਨਾਮਾ ਹਜ਼ੂਰੀ* ਵਿਚ ਭਾਈ ਚਉਪਾ ਸਿੰਘ ਨੇ ਮਾਇਆ ਛਲ ਕਰਕੇ ਖਾਣ ਵਾਲੇ 'ਸਿੱਖ' ਨਾਲ ਨਾ ਵਰਤਣ ਦਾ ਉਪਦੇਸ਼ ਦੇ ਕੇ ਉਸਨੂੰ ਤਨਖਾਹੀਆ ਕਰਾਰ ਦਿਤਾ ਹੈ।[182]

ਉਪਰੋਕਤ ਜੀਵਨ-ਜਾਚ ਨੂੰ ਰਦ ਕੇ ਗੁਰਮਤਿ ਨੇ ਸੁਚਜੇ ਜੀਵਨ ਬਿਉਹਾਰ ਵਿਚ ਸਚੀ ਜਾਂ ਧਰਮ ਦੀ ਕਿਰਤ ਨੂੰ ਵਿਸ਼ੇਸ਼ ਥਾਂ ਦਿਤੀ ਹੈ। ਵਲ-ਛਲ ਦੇ ਵਾਪਾਰ ਦੀ ਥਾਂ ਦਸਾਂ ਨਹੁੰਆਂ ਦੀ ਇਮਾਨਦਾਰਾਨਾ ਕਿਰਤ ਨੂੰ ਜ਼ਰੂਰੀ ਕਰਾਰ ਦੇ ਕੇ, ਇਸ ਨੂੰ ਸਾਧਨਾ ਮਾਰਗ ਵਜੋਂ ਪ੍ਰੀਭਾਸ਼ਿਤ ਕੀਤਾ ਹੈ ।[183]

ਧਰਤੀ ਧਰਮਸਾਲ[184], ਜਿਹੜੀ ਧਰਮ ਕਮਾਉਣ ਵਾਲੀ ਇਕ ਥਾਂ ਹੈ, ਉਤੇ ਕੀਤੇ ਹੋਏ ਕੰਮਾਂ ਦੀ ਪ੍ਰਕਿਰਤੀ ਅਨੁਸਾਰ ਹੀ ਜੀਵਨ ਦਾ ਲੇਖਾ ਜੋਖਾ ਹੋਣਾ ਹੈ[185], ਇਸ ਲਈ ਜ਼ਰੂਰੀ ਹੈ ਕਿ ਮਨੁਖ ਧਰਮ ਦੀ ਕਿਰਤ ਕਰਦਾ ਹੋਇਆ ਆਪਣਾ ਜੀਵਨ ਵੀ ਸੁਖੀ ਬਣਾਵੇ ਤੇ ਸਮਾਜ ਨੂੰ ਵੀ ਸੁਖ ਦੇਵੇ । ਜੇ ਕੰਮ ਚੰਗੇ ਜਾਂ ਸਚੇ ਹੋਣਗੇ ਤਾਂ ਹੀ 'ਸਚੁ' ਪ੍ਰਾਪਤ ਹੋਵੇਗਾ[186] ਤੇ ਤਨ-ਮਨ ਸੁਚਾ ਹੋ ਜਾਵੇਗਾ।[187] ਬਿਨ੍ਹਾਂ ਅਜਿਹੇ ਗੁਣਾਂ ਤੋਂ ਕੁਝ ਵੀ ਕੰਮ ਆਉਣ ਵਾਲਾ ਨਹੀਂ ।[188] ਮਨੁਖੀ ਜੀਵਨ-ਬਿਉਹਾਰ ਵਿਚ ਹਮੇਸ਼ਾਂ ਸਚ ਨੂੰ ਪਰਖ ਦਾ ਆਧਾਰ ਬਣਾ, ਬਚਨਾਂ ਦਾ ਪੂਰਾ ਹੋਣ ਨਾਲ ਹੀ ਜੀਵਨ ਦਾ ਆਨੰਦ ਬਣਦਾ ਹੈ।[189] ਗੁਰੂ ਸਾਹਿਬ ਵਾਪਾਰੀ ਲੋਕਾਂ ਨੂੰ ਅਧਿਆਤਮਕ ਪ੍ਰਸੰਗ ਵਿਚ ਅਸਲੀ ਵਣਜ ਕਰਨ ਦਾ ਸੁਨੇਹਾ ਦਿੰਦੇ ਉਪਦੇਸ਼ਦੇ ਹਨ ਕਿ ਜੀਵਨ ਨਾਲ ਨਿਭਣ ਵਾਲੀ ਵਸਤੂ 'ਸਚੁ' ਦਾ ਸਉਦਾ ਕਰੋ[190], ਕਿਉਂਕਿ ਜਿਨ੍ਹਾਂ ਦੀ ਰਾਸਿ ਸਚੁ ਨਹੀਂ,[191] ਵਣਜਿ ਖੋਟਾ ਹੈ[192], ਉਨ੍ਹਾਂ ਤੋਂ ਜੀਵਨ ਦਾ ਤਤ (ਸੁਖ, ਅਨੰਦ) ਖੁਸ ਜਾਂਦਾ ਹੈ।[193]

ਜਿਨ੍ਹਾਂ ਦੇ ਭਾਗਾਂ ਵਿਚ ਪੁੰਨ (ਨੇਕੀ) ਹੈ, ਉਹ ਸਚੋ ਸਚੁ ਹੀ ਕਮਾਉਂਦੇ ਹਨ, [194] ਉਨ੍ਹਾਂ

---

181. *ਰਹਿਤਨਾਮੇ*, (ਸੰਪਾ.) ਪ੍ਰੋ. ਪਿਆਰਾ ਸਿੰਘ ਪਦਮ, ਪੰਨਾ ੬੯.

182. *ਉਹੀ.*

183. 'ਸਾਧਨਾ ਮਾਰਗ' ਦਾ ਵਿਵਰਣ ਸੰਬੰਧਿਤ ਪ੍ਰਕਰਣ ਵਿਚ ਆਵੇਗਾ ।

184. ਰਾਤੀ ਰੁਤੀ... ਧਰਤੀ ਥਾਪਿ ਰਖੀ ਧਰਮਸਾਲ ॥ *ਗੁਰੂ ਗ੍ਰੰਥ ਸਾਹਿਬ, ੭.*

185. ਕਰਮੀ ਕਰਮੀ ਹੋਇ ਵੀਚਾਰੁ ॥ *ਉਹੀ.*

186. ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ *ਉਹੀ*, ੧੮.

187. ਤਨੁ ਸੂਚਾ ਸੋ ਆਖੀਐ ... ॥ *ਉਹੀ*, ੧੯.

188. ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥ *ਉਹੀ*, ੨੦.

189. ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ *ਉਹੀ.*

190. ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ *ਉਹੀ*, ੨੨.

191. ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ *ਉਹੀ*, ੨੨-੩.

192. ਖੋਟੇ ਵਣਜਿ ਵਣੰਜਿਐ... ॥ *ਉਹੀ*, ੨੩.

193. ਸੂਖ ਸਹਜ ਅਨੰਦ ਮੰਗਲ ਰਸ ਜੀਵਨ ਕਾ ਮੂਲੁ ਬਾਧਿਓ ॥ *ਉਹੀ*, ੫੩੦.

194. ਪੋਤੈ ਜਿਨ ਕੈ ਪੁੰਨੁ ਹੈ.. ਸਾਚੋ ਸਾਚੁ ਕਮਾਵਣਾ...॥ *ਉਹੀ*, ੩੦.



ਦੀ ਕਿਰਤ ਵਿਚ ਈਮਾਨ ਹੁੰਦਾ ਹੈ। ਸਚ ਨਾਲ ਪਿਆਰ ਕਰਨ ਵਾਲੇ 'ਸਚੀ ਕਾਰ' ਕਮਾਉਂਦੇ ਹੋਏ[195] ਜੀਵਨ ਦਾ ਰਸ ਮਾਣਦੇ ਹਨ।[196]

ਮਨਮੁਖਾਂ ਦੇ ਉਲਟ ਜਿਨ੍ਹਾਂ (ਗੁਰਮੁਖਾਂ) ਨੇ ਸਚੁ ਕੀ ਕੀਮਤ ਪਛਾਣੀ ਹੈ,[197] ਉਨ੍ਹਾਂ ਦਾ ਖਟਣਾ-ਕਮਾਉਣਾ ਇਮਾਨ ਭਰਿਆ ਹੈ ।[198] ਗੁਰਬਾਣੀ ਅਨੁਸਾਰ ਮਨੁਖ ਇਥੇ (ਜੀਵਨ ਵਿਚ) ਲਾਹਾ ਲੈਣ ਆਇਆ ਹੈ, ਪਰ ਕੁਫਕੜਿਆਂ (ਫਜ਼ੂਲ ਕੰਮਾਂ) ਵਿਚ ਲਗ ਕੇ ਉਸਦੀ ਆਰਜਾ ਖਤਮ ਹੁੰਦੀ ਜਾ ਰਹੀ ਹੈ,[199] ਇਸ ਲਈ 'ਧੰਧਾ ਸਭੁ ਜਲਾਇ ਕੈ'[200],ਇਮਾਨ ਦੀ ਕਿਰਤ ਦਾ ਖਾਣਾ; ਪੀਣਾ; ਪੈਨਣਾ[201] ਆਦਿ 'ਗੁਰ ਮਿਲਿ' ਚਜੁ ਆਚਾਰ[202] ਦੀ 'ਕਰਣੀ ਸਾਰੀ'[203] (ਸ਼੍ਰੇਸ਼ਟ ਕਰਣੀ) ਦਾ ਜੀਵਨ-ਬਿਉਹਾਰ ਬਨਾਉਣਾ ਚਾਹੀਦਾ ਹੈ ।

ਜਿੰਨ੍ਹਾਂ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਹੈ ਜਾਂ ਜਿਨ੍ਹਾਂ ਦੇ ਭੁਖ ਵਸੀ ਹੈ ਉਹ ਹਲ਼ਕੇ ਕੁੱਤਿਆਂ ਵਾਂਗ ਲੋਕਾਂ ਦੀ ਕਿਰਤ ਕਮਾਈ 'ਤੇ ਡਾਕੇ ਮਾਰਦੇ ਹਨ ਤੇ ਇਮਾਨ/ਹਰਾਮ ਦੀ ਉਨ੍ਹਾਂ ਨੂੰ ਕੋਈ ਸਮਝ ਨਹੀਂ, ਉਹ ਸਭ 'ਭਖੁ ਅਭਖੁ' ਛਕ ਜਾਂਦੇ ਹਨ[204] ,ਪਰ ਆਖਰ ਉਹ ਕਮਾਏ ਹੋਏ ਲਖਾਂ-ਕਰੋੜਾਂ ਇਥੇ ਹੀ ਛਡ ਜਾਂਦੇ ਹਨ।[205] ਮਨੁਖ ਲਈ ਸੰਸਾਰ ਵਿਚ ਸਭ ਕੰਮਾਂ 'ਚੋਂ ਸ਼੍ਰੇਸ਼ਟ ਕੰਮ ਸਤ; ਸੰਤੋਖ; ਦਇਆ ਕਮਾਉਣਾ ਹੈ।[206] ਸਾਰਾ ਸੰਸਾਰ 'ਦੁਕ੍ਰਿਤ ਸੁਕ੍ਰਿਤ' (ਮੰਦੇ-ਚੰਗੇ) ਕੰਮਾਂ ਦੇ ਆਧਾਰ 'ਤੇ ਵੀ ਵੰਡਿਆ ਹੋਇਆ ਹੈ।[207] ਉਨ੍ਹਾਂ ਦੇ ਤਨਾਂ 'ਤੇ ਮੈਲ ਨਹੀਂ ਲਗਦੀ, ਭਾਵ ਸਰੀਰਕ ਤੌਰ 'ਤੇ ਵੀ ਉਹੀ ਲੋਕ ਰਿਸ਼ਟ-ਪੁਸ਼ਟ ਤੇ ਮੈਲ ਰਹਿਤ ਹੁੰਦੇ ਹਨ, ਜਿਨ੍ਹਾਂ ਦੀ 'ਓਤਾਕੁ' (ਬੈਠਕ; ਉਠਣ-ਬੈਠਣੀ) ਸਚੇ

---

195. ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥ *ਉਹੀ*, ੩੪.

196. ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥
ਜਿਹਵਾ ਸੂਚੀ ਹਰਿਰਸ ਸਾਰਾ ॥ *ਉਹੀ*, ੨੨੪.

197. ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ॥ *ਉਹੀ*, ੩੭.

198. ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ *ਉਹੀ*, ੩੫.

199. ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ *ਉਹੀ*, ੪੩.

200. *ਉਹੀ*, ੪੩.

201. ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥ *ਉਹੀ*, ੪੪.
ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥ *ਉਹੀ*, ੫੩.

202. *ਉਹੀ*, ੫੦.

203. ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰੁ ॥ *ਉਹੀ*, ੫੧.
ਹਿਰਦੈ ਸਚੁ ਏਹ ਕਰਣੀ ਸਾਰੁ॥ *ਉਹੀ*, ੧੩੪੩.

204. ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ *ਉਹੀ*, ੫੦.

205. ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥ *ਉਹੀ.*

206. ਸਤੁ ਸੰਤੋਖ ਦਇਆ ਕਮਾਵੈ ਏਹ ਕਰਣੀ ਸਾਰੁ ॥ *ਉਹੀ*, ੫੧.

207. ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥ *ਉਹੀ.*

ਥਾਂ ਹੁੰਦੀ ਹੈ।[208] ਸਚ ਦੇ ਵਖਰ ਵਿਚ ਲਾਭ ਹੀ ਲਾਭ ਹੈ।[209]

ਉਪਰੋਂ ਭਾਵੇਂ ਕੋਈ ਵੇਸ ਹੋਵੇ, ਪਰ ਜਿਨ੍ਹਾਂ ਦੇ ਮਨਾਂ ਵਿਚ 'ਜੂਠ' ਹੈ; ਹਰਾਮ ਦੀ ਖਾਧ ਖਾਧੀ ਹੈ, ਉਨ੍ਹਾਂ ਦਾ ਤਨ-ਮਨ ਜੂਠਾ ਹੋ ਜਾਂਦਾ ਹੈ ਤੇ ਕਿਸੇ ਕੀਮਤ 'ਤੇ ਵੀ ਉਹ ਸੁਚੇ ਨਹੀਂ ਬਣਦੇ।[210] ਸਚੁ ਦੀ ਵੀਚਾਰ ਨਾ ਬੁਝਣ ਵਾਲੇ ਅਜਿਹੇ ਜੂਠੇ ਲੋਕ 'ਅਨ ਕਉ' ਤਾਂ ਤਰ੍ਹਾਂ-ਤਰ੍ਹਾਂ ਦੀਆਂ ਮਤਾਂ ਦਿੰਦੇ ਰਹਿੰਦੇ ਹਨ, ਪਰ ਖੁਦ ਉਹ ਮਾਇਆ ਦਾ ਵਾਪਾਰ ਹੀ ਕਰਦੇ ਹਨ ।[211] ਅਜਿਹੇ ਲੋਕਾਂ ਦੇ ਜਪ, ਤਪ, ਤੀਰਥ, ਪੁੰਨ, ਦਾਨ ਸਭ ਫਜ਼ੂਲ ਹਨ, ਜਿੰਨ੍ਹਾਂ ਦੀ ਕਿਰਤ ਦਾ ਆਧਾਰ 'ਸਚੁ' ਨਹੀਂ ।[212] ਅਸਲ ਸਚੇ ਨਾਲ ਰਚ ਕੇ ਹੀ ਸਚ ਪ੍ਰਾਪਤ ਹੁੰਦਾ ਹੈ ।[213]

ਜਿਹੜੇ ਗੁਰਮੁਖਿ ਗੁਰਮਤਿ ਦੇ ਚਾਨਣ ਵਿਚ ਕਾਰ ਕਮਾਉਂਦੇ ਹਨ, ਉਨ੍ਹਾਂ ਦਾ ਦੀਰਘ ਰੋਗ (ਹਉਮੈ) ਕਟ ਜਾਂਦਾ ਹੈ ਤੇ ਕਾਮ, ਕ੍ਰੋਧ... ਵਿਕਾਰਾਂ ਤੋਂ ਪਾਕ ਹੋ ਕੇ ਉਹ ਨਿਰਮਲ ਹੋ ਜਾਂਦੇ ਹਨ।[214] ਮਨੁਖ ਇਕ ਵਪਾਰੀ ਦੀ ਤਰ੍ਹਾਂ ਇਥੇ ਸਚ ਦਾ ਵਣਜ ਕਰਨ ਆਇਆ ਹੈ, ਜਿਹੜਾ 'ਕਾਰ ਕਮਾਵਹਿ ਸਚ ਕੀ' ਉਹ ਜੀਵਨ ਦਾ, ਵਾਹਿਗੁਰੂ ਦੀ ਰਜ਼ਾ ਅਨੁਸਾਰ ਲਾਹਾ ਲੈ ਜਾਂਦਾ ਹੈ।[215]

ਜੀਵਨ ਦੇ ਸਚੇ ਆਚਾਰ (ਜੀਵਨ-ਜਾਚ) ਨੂੰ ਗੁਰਮਤਿ ਨੇ ਸਭ ਤੋਂ ਉਪਰ ਦਰਜਾ ਦੇ ਕੇ[216] ਇਹ ਤਥ ਸੂਰਜ ਵਤ ਰੌਸ਼ਨ ਕਰ ਦਿਤਾ ਹੈ ਕਿ ਸੁਖ ਜੀਵਨ ਤਿਸ ਨੂੰ ਆਖਿਆ ਜਾਵੇਗਾ, ਜਿਨ੍ਹਾਂ ਦਾ ਆਚਾਰ ਗੁਰਮਤਿ ਅਨੁਸਾਰੀ ਹੋਵੇਗਾ[217] ਤੇ ਗੁਰਮਤਿ ਅਨੁਸਾਰ ਜੀਵਨ ਦੀ ਇਕ ਵਡੀ ਸ਼ਰਤ ਸਾਚੀ ਕਾਰ ਕਮਾਉਣੀ ਹੈ।[218]

ਸੰਸਾਰੀ ਲੋਕ ਬਹੁਤਾ ਧਨ, ਮਾਲ ਇਸ ਕਰਕੇ ਇਕਠਾ ਕਰਦੇ ਹਨ, ਤਾਂ ਕਿ ਸੁਖ ਦੀ

---

208. ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ *ਉਹੀ*, ੫੫.
209. ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥ *ਉਹੀ*.
210. ਮਨਿ ਜੂਠੈ ਤਨਿ ਜੂਠ ਹੈ... ਕਿਉ ਕਰਿ ਸੂਚਾ ਹੋਇ ॥ *ਉਹੀ*, ੫੫-੬.
211. ਅਨਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ *ਉਹੀ*, ੫੬.
212. ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥ *ਉਹੀ*, ੫੬.
213. ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ *ਉਹੀ*, ੫੬-੭.
214. ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥
...ਹਉਮੈ ਦੁਖੁ ਜਲਿ ਜਾਉ ॥...
ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ *ਉਹੀ*, ੫੮.
215. ਵਾਪਾਰੀ ਵਣਜਾਰਿਆ... ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥ *ਉਹੀ*, ੫੯.
216. ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ *ਉਹੀ*, ੬੨.
217. ਸੁਖ ਜੀਵਨੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ ॥ *ਉਹੀ*, ੬੩.
ਮਨ ਰੇ ਗੁਰ ਕੀ ਕਾਰ ਕਮਾਇ ॥ *ਉਹੀ*, ੬੬.
218. ਸਹਜੇ ਹਰਿਨਾਮੁ ਮਨਿ ਵਸਿਆ ਸਚੀਕਾਰ ਕਮਾਇ ॥ *ਉਹੀ*, ੬੮.



ਪ੍ਰਾਪਤੀ ਕੀਤੀ ਜਾਵੇ, ਅਜਿਹਾ ਕਰਨ ਲਈ ਉਹ ਕਈ ਤਰ੍ਹਾਂ ਦੇ 'ਪਾਪ' (ਵਲ-ਛਲ, ਠਗੀਆਂ) ਕਰਦੇ ਹਨ, ਕਿਉਂਕਿ ਪਾਪਾਂ ਬਾਝੋਂ ਤਾਂ ਮਾਇਆ 'ਕਠੀ ਹੋ ਹੀ ਨਹੀਂ ਸਕਦੀ।[219] ਪਰ ਗੁਰਮਤਿ ਨੇ ਧਨਾਢਿ ਉਸ 'ਆਚਾਰਵੰਤ ਸੁਹਾਗਣ' ਨੂੰ ਮੰਨਿਆ ਹੈ, ਜਿਸਦੀ ਨਿਰਮਲ ਰੀਤਿ ਹੈ, ਸਚਾ ਕਰਮ ਕਮਾਉਂਦੀ ਹੈ।[220] ਪਾਪਾਂ ਦੀ ਕਮਾਈ ਸੁਖ ਨਹੀਂ ਦੇ ਸਕਦੀ, ਜੇ ਧਰਮ ਦਾ ਵਾਪਾਰ ਨਾ ਕੀਤਾ ਜਾਵੇ[221] ਤਾਂ ਪ੍ਰਾਪਤ ਅਸਲ ਵਿਚ ਕੁਝ ਵੀ ਨਹੀਂ ਹੁੰਦਾ, ਸਿਰਫ ਮਾਲ ਇਕਠਾ ਹੋ ਜਾਂਦਾ ਹੈ। ਸਚੀ ਗੱਲ ਇਹ ਹੈ ਕਿ ਸਚੁ 'ਪਛਾਣਨ' ਨਾਲ ਹੀ ਸਚੁ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ[222] ਤੇ ਗੁਰਮਤਿ ਦੇ ਚਾਨਣ ਵਿਚ ਸਚੇ ਗੁਣਾਂ ਦੇ ਭੰਡਾਰੇ ਭਰਨ ਨਾਲ ਹੀ 'ਸੁਖ' ਪ੍ਰਾਪਤ ਕੀਤਾ ਜਾ ਸਕਦਾ ਹੈ।[223]

ਪਹਰਿਆਂ ਵਿਚ[224] ਮਨੁਖੀ ਜੀਵਨ ਦੇ ਚਾਰ ਪਹਿਰਾਂ ਨੂੰ ਰਾਤ ਦੇ ਚਾਰ ਪਹਿਰਾਂ ਨਾਲ ਤੁਲਨਾਉਂਦਿਆਂ ਗੁਰੂ ਸਾਹਿਬ ਦਸਦੇ ਹਨ ਕਿ ਤੀਜਾ-ਚੌਥਾ ਪਹਿਰ ਅਜਿਹਾ ਹੈ ਜਿਸ ਵਿਚ ਮਨੁਖ ,ਧਨ, ਪਦਾਰਥਾਂ ਨੂੰ ਧੋਖੇ ਧੜੀਆਂ ਦੇ ਨਾਲ 'ਕਠਾ ਕਰਕੇ 'ਬਿਖੁ ਵਿਹਾਝਦਾ'[225] ਤੁਰ ਜਾਂਦਾ ਹੈ।[226]

ਆਮ ਮਨੁਖ ਲਈ ਪ੍ਰੋੜ੍ਹ ਅਵਸਥਾ ਘਰ-ਪਰਿਵਾਰਾਂ ਦੀਆਂ ਜ਼ਿੰਮੇਵਾਰੀਆਂ, ਫਿਕਰਾਂ ਦੀ ਅਵਸਥਾ ਹੈ। ਇਸ ਅਵਸਥਾ ਵਿਚ ਮਨੁਖ ਦਾ ਕੀਮਤੀ ਸਮਾਂ ਵਿਅਰਥ ਦੇ ਨਿਰਾਰਥਕ ਧੰਦਿਆਂ , ਸੋਚਾਂ-ਫਿਕਰਾਂ ਵਿਚ ਹੀ ਬੀਤ ਜਾਂਦਾ ਹੈ। ਇਹੋ ਵਕਤ ਹੈ, ਜਦੋਂ ਉਮਰ ਦੇ ਲਿਹਾਜ ਨਾਲ ਮਨੁਖ ਨੇ ਗੰਭੀਰ ਹੋਣਾ ਹੁੰਦਾ ਹੈ, ਪਰ ਗਾਫ਼ਲ ਪ੍ਰਾਣੀ ਇਹ ਸਮਾਂ ਵੀ 'ਹਉਮੈ' ਕਰਮ ਕਮਾਵਦਾ ਹੀ ਗੁਜ਼ਾਰਦਾ ਹੈ।[227] ਅਸਲ ਇਹ ਸਰੀਰ, ਇਹ ਸਮਾਂ ਤਦ ਹੀ ਸਫ਼ਲ ਹੈ ਜੇ ਸਾਰੀਆਂ ਇੰਦਰੀਆਂ ਸਚੁ ਕਮਾਉਣ।[228] ਤਤ ਇਹ ਹੈ ਕਿ ਮਨੁਖ ਉਹੀ ਸ਼੍ਰੇਸ਼ਠ (ਪ੍ਰਧਾਨ) ਹੈ ਜਿਹੜਾ ਆਚਾਰਵੰਤ ਹੈ।[229] ਆਚਾਰਵੰਤੀ ਉਦਮ ਕਰਦਿਆਂ ਮਨ ਨਿਰਮਲ ਹੁੰਦਾ ਹੈ ।[230] ਝੂਠੀ ਕਾਰ ਨਾਲ ਝੂਠਾ ਮੰਗਣ ਵਾਲਿਆਂ ਨੂੰ ਤਾਂ ਮਰਿਆਂ ਬਰਾਬਰ ਸਮਝਣਾ ਚਾਹੀਦਾ ਹੈ।[231] ਪਰਮਾਤਮਾ ਦੇ ਦਰ (ਕਸਵਟੀ) 'ਤੇ ਹੋਣ ਵਾਲੇ 'ਲੇਖੇ' ਵਿਚ ਸਚੁ

---

219. ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ *ਉਹੀ*, ੪੧੭.
220. ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥ *ਉਹੀ*, ੭੦.
221. ਧਰਮੁ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੇ ਮਿਤੁ ॥ *ਉਹੀ*, ੭੫.
222. ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥ *ਉਹੀ*, ੮੪.
223. ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ *ਉਹੀ*, ੮੫-੬.
224. *ਉਹੀ*, ੭੪.
225. ਤੀਜੈ ਪਹਰੈ...ਬਿਖੁ ਸੰਚੈ ਅੰਧੁ ਅਗਿਆਨੁ ॥ *ਉਹੀ*, ੭੭.
226. 'ਮਾਝ ਕੀ ਵਾਰ' (ਪੰਨਾ ੧੩੭) ਤੇ 'ਤੁਖਾਰੀ ਰਾਗੁ ਦੇ ਦੂਸਰੇ ਛੰਤ' (ਪੰਨਾ ੧੧੧੦) ਉਤੇ ਵੀ ਜੀਵਨ ਦੀਆਂ ਉਕਤ ਅਵਸਥਾਵਾਂ ਦਾ ਨਵੇਂ ਤਰੀਕੇ ਨਾਲ ਵਰਣਨ ਹੈ ।
227. ਵਿਚਿ ਹਉਮੈ ਕਰਮ ਕਮਾਵਦੇ...॥ *ਗੁਰੂ ਗ੍ਰੰਥ ਸਾਹਿਬ*, ੮੨.
228. ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥ *ਉਹੀ*, ੯੫.
229. ਅਚਾਰਵੰਤਿ ਸਾਈ ਪਰਧਾਨੇ ॥ *ਉਹੀ*, ੯੭.
230. ਉਦਮੁ ਕਰਤ ਮਨੁ ਨਿਰਮਲੁ ਹੋਆ ॥ *ਉਹੀ*, ੯੯.
231. ਝੂਠਾ ਮੰਗਣੁ ਜੇ ਕੋਈ ਮਾਗੈ ॥ ਤਿਸ ਕਉ ਮਰਤੇ ਘੜੀ ਨ ਲਾਗੈ ॥ *ਉਹੀ*, ੧੦੯.

ਕਮਾਉਣ ਵਾਲੇ ਹੀ ਛੁਟਦੇ (ਮੁਕਤ ਹੁੰਦੇ) ਹਨ।[232] ਜਿਹੜੇ 'ਸਚ' ਨਾਲ ਲਗੇ ਹੋਏ ਹਨ, ਉਨ੍ਹਾਂ ਦੀ ਦਿਨ ਰਾਤ (ਹਮੇਸ਼ਾਂ) ਸ਼ੋਭਾ ਹੁੰਦੀ ਹੈ।[233] ਜਿਨਾਂ ਦੇ ਪਲੇ ਸਚੁ ਹੈ ਉਹ ਸਚੁ ਕਮਾਉਂਦੇ, ਬੋਲਦੇ ਤੇ ਤੋਲਦੇ ਹਨ,[234] ਭਾਵ ਜਿਨ੍ਹਾਂ ਦੀ ਕਿਰਤ ਸਚੀ ਹੈ, ਉਨ੍ਹਾਂ ਦਾ ਸਾਰਾ ਜੀਵਨ-ਬਿਉਹਾਰ ਹੀ ਸਚਾ ਹੈ।[235]

ਮਨੁਖ ਨੂੰ ਮਨੁਖੀ-ਜੀਵਨ ਇਕ ਵਾਰ ਮਿਲਿਆ ਅਜਿਹਾ ਸੁਨਹਿਰੀ ਮੌਕਾ ਹੈ, ਜਿਸਦੀ ਵਾਰੀ ਫਿਰ ਪ੍ਰਾਪਤ ਨਹੀਂ ਹੁੰਦੀ। ਇਸ ਲਈ 'ਇਥੇ' ਵੀ ਤੇ 'ਉਥੇ' ਵੀ ,ਸਚਾ ਕੰਮ ਕੀਤਾ ਹੀ ਸਥਿਰ ਰਹਿੰਦਾ ਹੈ।[236] ਲਬੁ ਲੋਭ...ਦੀ ਕੂੜਿ ਕਮਾਈ ਤਾਂ ਸੁਆਹ ਦੇ ਸਮਾਨ ਹੈ।[237] ਮਨੁਖ 'ਸੋਨਾ ਰੂਪਾ' ਚਾਹੁੰਦਾ ਹੈ ਤੇ ਪਾਪ ਕਰਕੇ ਕਮਾ ਵੀ ਲਿਆਉਂਦਾ ਹੈ,[238] ਪਰ ਮਨੁਖ ਇਹ ਨਹੀਂ ਸੋਚਦਾ ਕਿ ਇਸ ਦਾ ਫਾਇਦਾ ਕੀ ਹੈ? ਸਿਵਾਏ ਚਿੰਤਾ ਤੋਂ ? ਮਾਇਆ , ਚਿੰਤਾ, ਰੋਗਾਂ ਤੋਂ ਮੁਕਤ ਹੋ ਕੇ 'ਕੁਸ਼ਲ' ਹੋਣ ਦਾ ਸਹੀ ਤਰੀਕਾ ਹਉਮੈ ਕਾਰ ਤਿਆਗਣੀ ਹੈ।[239] ਜਦੋਂ ਕਿਰਤ ਸਚੀ ਹੋਵੇ ਤਾਂ ਗੁਰੂ ਸਾਰੇ ਭੈ ਨਾਸ਼ ਕਰ ਦਿੰਦਾ ਹੈ।[240] ਸੰਤੋਖਮਈ ਜੀਵਨ ਨਾਲ ਵੈਸੇ ਹੀ ਭੈ ਖਤਮ ਹੋ ਜਾਂਦਾ ਹੈ।[241] ਇਸ ਲਈ ਜਿਹੜੀ ਵਸਤੂ ਸਥਿਰ ਹੋਵੇ, ਬਿਨਸੇ ਨਾ, ਉਹੀ ਸੰਚਿਤ ਕਰਨੀ ਚਾਹੀਦੀ ਹੈ।[242] ਫਜ਼ੂਲ ਚੀਜਾਂ ਲਈ ਘਾਲਣਾ ਘਾਲਦੇ ਤਾਂ ਹਜ਼ਾਰਾਂ ਥਕ ਗਏ ਹਨ।[243] ਸੋ ਭਲੀ ਕਰਨੀ ਹੀ ਸੋਭਾ ਦੇਣ ਵਾਲੀ ਤੇ ਧਨਵੰਤ ਬਣਾਉਣ ਵਾਲੀ ਹੈ।[244]

ਭਲੀ ਸੁਕਰਣੀ ਨਾਲ ਜਦੋਂ ਗੁਣਾਂ ਦਾ ਸੰਗ੍ਰਹਿ ਹੁੰਦਾ ਜਾਵੇਗਾ ਤਾਂ ਅਉਗਣ ਆਪਣੇ ਆਪ ਖਤਮ ਹੁੰਦੇ ਜਾਣਗੇ[245] ਤੇ ਗੁਰ ਕੀ ਕਾਰ(ਧਰਮ ਦੀ ਕਾਰ) ਕਮਾਉਣ ਨਾਲ ਜਿਉਂਦਿਆਂ ਹੀ ਲਾਹਾ ਮਿਲਦਾ ਜਾਵੇਗਾ।[246]

ਗੁਰੂ ਸਾਹਿਬ ਅਨੁਸਾਰ ਧਰਮ ਦੀ ਕਿਰਤ ਜਾਂ ਖਰੀ ਕਿਰਤ ਕੋਈ ਰੀਤ ਨਹੀਂ; ਜਿਹੜੀ

---

232. ਸਭਨਾ ਕਾ ਦਰਿ ਲੇਖਾ ... ॥ *ਉਹੀ*, ੧੦੯.
233. ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ॥ *ਉਹੀ*, ੧੧੦.
234. ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥ *ਉਹੀ*, ੧੧੨.
235. ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥ *ਉਹੀ*, ੧੧੫.
236. ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ॥ *ਉਹੀ*, ੧੫੪.
237. ਲਬੁ ਲੋਭੁ ਮੁਚੁ ਕੂੜੁ ਕਮਾਵਹਿ...ਜਿਉ ਧਰ ਉਪਰਿ ਛਾਰੋ ॥ *ਉਹੀ.*
238. ਕਾਮਣਿ ਲੋੜੈ ਸੁਇਨਾ ਰੁਪਾ... ॥ *ਉਹੀ*, ੧੫੫.
239. ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥... ਹਉਮੈ ਮਾਰ ਸਮਾਇਆ ॥ *ਉਹੀ*, ੧੭੫-੭੬.
240. ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ *ਉਹੀ*, ੨੨੬.
241. ਸਾਚਿ ਸੰਤੋਖੇ ਭਰਮੁ ਚੁਕਾਇਆ ॥ *ਉਹੀ*, ੨੨੮.
242. ਐਸੀ ਸੰਚਿ ਜੁ ਬਿਨਸਤ ਨਾਹੀ ॥ *ਉਹੀ*, ੨੫੩.
243. ਥਾਕੇ ਬਹੁ ਬਿਧਿ ਘਾਲਤੇ...॥ *ਉਹੀ*, ੨੫੭.
244. ਭਲੀ ਸੁਕਰਨੀ ਸੋਭਾ ਧਨਵੰਤ ॥ *ਉਹੀ*, ੨੯੦.
245. ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਇ ॥ *ਉਹੀ*, ੩੬੧.
246. ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥ *ਉਹੀ*, ੪੨੧.



ਕਿ ਦਿਨ ਵਿਚ ਇਕ ਵਾਰ[247] ਕੀਤੀ ਜਾਵੇ ,ਇਹ ਤਾਂ ਹਮੇਸ਼ਾਂ ਰਹਿਣ ਤੇ ਵਰਤਣ ਵਾਲਾ ਸਉਦਾ ਹੈ,[248] ਜਿਸ ਰਾਹੀਂ ਮਨ ਸਤ , ਸੰਤੋਖ ਜਿਹੇ ਗੁਣ ਪ੍ਰਾਪਤ ਕਰਕੇ ਸੰਜਮ ਵਿਚ ਆਉਂਦਾ ਹੈ।[249] ਅਸਲ ਵਿਚ ਸਚੀ ਕਾਰ ਕਮਾ ਹੀ ਉਹ ਸਕਦੇ ਹਨ,ਜਿਨ੍ਹਾਂ ਦੇ ਮਨ ਵਿਚ ਸਚ ਵਸਿਆ ਹੈ,[250] ਉਸ ਤਰ੍ਹਾਂ ਕਾਨੂੰਨ ਜਾਂ ਪਾਬੰਦੀਆਂ ਕਿਸੇ ਨੂੰ ਇਹ ਰਾਹ ਨਹੀਂ ਤੋਰ ਸਕਦੀਆਂ। ਸੋ ਤਤ ਇਹ ਹੈ ਕਿ ਜੇ ਸਰਬ ਸੁਖ ਲੋੜੀਂਦੇ ਹਨ ਤਾਂ ਸਚੁ ਕਮਾਇਆ ਜਾਵੇ:

*ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥*[251]

ਉਕਤ ਵਿਚਾਰਾਂ ਦੇ ਵਿਵਰਣ ਤੋਂ ਸਪਸ਼ਟ ਹੁੰਦਾ ਹੈ ਕਿ ਕਰਮ ਭੂਮੀ ਵਿਚ ਜਿਹੋ ਜਿਹਾ ਕਮਾਇਆ ਜਾਵੇਗਾ ਤਿਹੋ ਜਿਹਾ ਫਲ ਪ੍ਰਾਪਤ ਹੋਵੇਗਾ। ਕਿਰਤ ਕਮਾਈ ਧਰਮ ਦੀ ; ਦਸਾਂ ਨਹੁੰਆਂ ਦੀ ਹੋਵੇਗੀ ਤਾਂ ਸੁਖ, ਸਹਿਜ, ਅਨੰਦ ਪ੍ਰਾਪਤ ਹੋਵੇਗਾ, ਪਰ ਜੇਕਰ ਇਹ ਬੇਈਮਾਨੀ ਦੀ ਹੋਵੇਗੀ ਤਾਂ ਦੁਖ ਪ੍ਰਾਪਤ ਹੋਵੇਗਾ[252], ਜਿਹਾ ਕਿ ਸੰਸਾਰ ਵਿਚ ਅਸੀਂ ਨਿਤ ਵਰਤਦਾ ਵੇਖਦੇ ਹਾਂ। ਵਡੇ-ਵਡੇ ਅਲੀਸ਼ਾਨ ਮਹਿਲਾਂ ਮਾੜੀਆਂ,ਕੰਪਨੀਆਂ ਵਾਲੇ,ਉਚੀ ਤੋਂ ਉਚੀ ਵਿਦਿਆ ਪ੍ਰਾਪਤ ਕਰਕੇ ਤੇ ਇਥੇ ਤਕ ਕੇ (ਬਾਹਰੋਂ) ਧਾਰਮਿਕ ਕੰਮ ਕਾਰਜਾਂ ਵਿਚ ਰੁਝੇ ਹੋਏ ਮਨੁਖ, ਕਿਰਤ ਵਿਚ ਇਮਾਨ ਨਾ ਕਰਕੇ ਦੁਖ ਪਾਉਂਦੇ ਹਨ। ਸੋ ਜ਼ਰੂਰੀ ਹੈ ਕਿ ਅਸਲ ਸੁਖ ਲੈਣ ਲਈ 'ਕਿਰਤ' ਨੂੰ ਧਰਮ ਆਧਾਰਿਤ ਕੀਤਾ ਜਾਵੇ।

### (ੲ) ਸਾਧਨ ਮਾਰਗ

ਮਨੁਖ ਦੀ ਆਚੰਭਿਤ ਪ੍ਰਕਿਰਤੀ ਕਾਰਨ ਸੈਂਕੜੇ ਵਿਚਾਰ ਤੇ ਸਵਾਲ ਇਸ ਦੇ ਅਸਤਿਤਵ ਨਾਲ ਜੁੜੇ ਹੋਏ ਹਨ। ਤਿੰਨ ਬੁਨਿਆਦੀ ਸਵਾਲਾਂ-ਮਨੁਖ ਕੀ ਹੈ; ਜੀਵਨ ਮਨੋਰਥ ਕੀ ਹੈ ਤੇ ਜੀਵਨ-ਮਨੋਰਥ ਨੂੰ ਪ੍ਰਾਪਤ ਕਰਨ ਦਾ ਤਰੀਕਾ-ਵਿਚੋਂ ਤੀਜਾ ਸਵਾਲ ਸਾਧਨਾ ਮਾਰਗ ਨਾਲ ਸੰਬੰਧਿਤ ਹੈ । ਦਰਸ਼ਨ (philosophy) ਵਿਚ ਇਸ ਵਿਚਾਰ ਨੂੰ ਮਨੁਖ ਦੀ ਸੰਪੂਰਨਤਾ ਨਾਲ ਜੋੜਿਆ ਗਿਆ ਹੈ। ਸੰਸਾਰ ਦੇ ਹਰ ਸੰਸਥਾਗਤ ਧਰਮ ਤੇ ਦਰਸ਼ਨ-ਪ੍ਰਣਾਲੀ ਨੇ ਆਪੋ-ਆਪਣੇ ਤਰੀਕੇ ਨਾਲ ਇਸ ਮਸਲੇ ਉਪਰ ਵਿਚਾਰ ਕੀਤੀ ਹੈ। ਗੁਰਬਾਣੀ ਵਿਚਲੀ ਤਤ-ਵਸਤੂ ਨਾਲ ਜੀਵਨ-ਮਨੋਰਥ ਤੇ ਇਸ ਦੇ ਸਾਧਨਾ-ਮਾਰਗ ਨੂੰ ਗੰਭੀਰਤਾ ਨਾਲ ਜੋੜਿਆ ਗਿਆ ਹੈ, ਜਿਹਾ ਕਿ ਅਸੀਂ ਪਹਿਲੇ ਅਧਿਆਇ ਵਿਚ ਵੇਖ ਆਏ ਹਾਂ।

---

247. ਭਾਵ ਪਹਿਲਾਂ ਸਉਦਾ ਖਰਾ ਦੇ ਦਿਤਾ, ਫਿਰ ਸਾਰਾ ਦਿਨ ਠਗੀਆਂ ਜਾਂ ਪਹਿਲਾ 'ਪੂਜਾ' ਪਿਛੋਂ 'ਠਗੀ'।
248. ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ ॥ *ਗੁਰੂ ਗ੍ਰੰਥ ਸਾਹਿਬ*, ੪੨੧.
249. ਸਤੁ ਸੰਤੋਖ ਇਹ ਸੰਜਮੀ...॥ *ਉਹੀ*, ੪੨੭.
250. ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥ *ਉਹੀ*, ੪੨੮.
251. *ਉਹੀ*, ੩੨੨.
252. ਲਬੁ ਲੋਭੁ ਜੇ ਕੂੜੁ ਕਮਾਵੈ॥ ਆਪਣਾ ਕੀਤਾ ਆਪੇ ਪਾਵੈ॥ *ਉਹੀ*, ੧੪੧੧.

ਗੁਰਬਾਣੀ ਦੇ ਅਧਿਆਤਮਕ ਸਰੋਕਾਰਾਂ ਦਾ ਸੰਦਰਭ ਸਮਾਜਕਤਾ ਨੂੰ ਬਰਾਬਰ ਮਾਣਤਾ ਦਿੰਦਾ ਹੈ। ਇਸ ਕਰਕੇ ਮਨੁਖ ਦੇ ਆਦਰਸ਼ ਪ੍ਰਾਪਤੀ ਦਾ ਨਿਸ਼ਾਨਾ ਜਿਥੇ ਵਿਅਕਤੀਗਤ ਹੈ, ਉਥੇ ਸਮਾਜਿਕ ਵੀ ਹੈ ਤੇ ਇਸੇ ਸੰਦਰਭ ਵਿਚ ਸਾਧਨਾ-ਮਾਰਗ ਦੇ ਤਤਾਂ ਵਿਚ ਜਿਥੇ ਵਿਅਕਤੀਗਤ ਤਤਾਂ ਤੇ ਆਚਰਣਤਾ ਨੂੰ ਪਹਿਲ ਹੈ, ਉਥੇ ਸਮਾਜਿਕਤਾ ਵੀ ਸ਼ਾਮਿਲ ਹੈ। ਸਚੀ ਕਿਰਤ ਦਾ ਪ੍ਰਸੰਗ ਵਿਅਕਤੀਗਤ ਤੇ ਸਮਾਜਿਕ, ਦੋਨੋਂ ਪਰਿਪੇਖ ਰਖਦਾ ਹੈ।

ਗੁਰਮਤਿ ਅਨੁਸਾਰ ਮਨੁਖੀ ਜੀਵਨ ਦਾ ਮਨੋਰਥ ਵਿਚੇ ਗ੍ਰਹਿਸਥ ਉਦਾਸ ਰਹਿ ਕੇ ਆਪਣੇ ਅਸਲੇ ਪਰਮਾਤਮਾ ਨੂੰ ਪ੍ਰਾਪਤ ਕਰਨਾ ਹੈ ਤੇ ਫਿਰ ਨਾਲ ਸਮਾਜਕ ਕਲਿਆਣ ਕਰਨਾ ਹੈ:

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*[253]

*ਮਿਲ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*[259]

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*[255]

ਜੋਤਿ ਸਰੂਪ ਆਪੇ ਦੀ ਪਛਾਣ ਜਾਂ ਆਦਰਸ਼ ਪ੍ਰਾਪਤੀ ਲਈ ਵਾਹਿਗੁਰੂ/ਗੁਰੂ ਦੀ ਮਿਹਰ, ਨਾਮ, ਸੇਵਾ ਆਦਿ ਪ੍ਰਮੁਖ ਸਾਧਨਾ ਤਤ ਹਨ,[256] ਪਰ ਗੁਰਮਤਿ ਅਨੁਸਾਰ ਜਿਨਾ ਮਰਜੀ ਨਾਮ ਸਿਮਰਨ, ਭਗਤੀ,ਸੇਵਾ, ਪ੍ਰੇਮ ਆਦਿ ਕੀਤਾ ਜਾਵੇ,ਜੇ ਮਨੁਖ ਦੀ ਕਰਣੀ ਦਰੁਸਤ ਨਹੀਂ ,ਕਿਰਤ-ਕਮਾਈ ਵਿਚ ਕਿਤੇ ਖੋਟ ਹੈ ਉਹ ਮਨੁਖ ਆਪਣੇ ਪਰਮ ਲਕਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸ ਪ੍ਰਸੰਗ ਵਿਚ ਹਕ; ਸਚ ਦੀ ਜਗਤ ਵਿਚ ਕੀਤੀ ਜਾ ਰਹੀ ਕਮਾਈ ਵੀ ਨਾਮ ਹੈ:

*ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੜੀਏ*
*ਹਰਿ ਕੀਰਤਿ ਹਰਿ ਮਨਿ ਧਾਰੇ ਰਾਮ॥*[257]

ਪ੍ਰਭੂ ਦਰ ਦੀ ਪ੍ਰਾਪਤੀ ਲਈ ਮਨੁਖ ਦੀ ਯੋਗਤਾ ਉਸਦੇ ਕਰਮ (ਕੰਮ) ਹਨ, ਵਿਚਾਰ (ਯੋਗਤਾ) ਕੰਮ 'ਤੇ ਆਧਾਰਿਤ ਹੈ।[258] ਜੇ ਕਰਮ (ਕੰਮ) ਚੰਗੇ/ਸਚੇ ਹਨ ਤਾਂ ਹੀ ਸਚ ਦੀ ਪ੍ਰਾਪਤੀ ਹੋਵੇਗੀ:

253. *ਉਹੀ*, ੧੨.
254. *ਉਹੀ*, ੧੭੬.
255. *ਉਹੀ*, ੨੯੨.
256. ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥ *ਉਹੀ*, ੧੧੮੪.
ਗੁਰ ਮਿਲਿ ਨਾਨਕ ਪਾਰਬ੍ਰਹਮ ਪਛਾਣਾ॥ *ਉਹੀ*, ੫੨.
ਅਨਦਿਨੁ ਨਾਮਿ ਰਤੇ ਸਚੁ ਪਾਇਆ ਆਪੇ ਮੇਲਿ ਮਿਲਾਈ ਹੇ॥ *ਉਹੀ*, ੧੦੪੭.
257. *ਉਹੀ*, ੫੩੯.
258. ਕਰਮੀ ਕਰਮੀ ਹੋਇ ਵੀਚਾਰੁ ॥ *ਉਹੀ*, ੧੩.



*ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥*[259]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ 'ਵਸਤੁ' (ਤਤ; ਜੀਵਨ-ਮੂਲ) ਦੀ ਪਛਾਣ (ਪ੍ਰਾਪਤੀ) ਤਾਂ ਹੀ ਹੋਵੇਗੀ ਜੇ 'ਸਉਦਾ' (ਵਣਜ-ਬਿਉਹਾਰ) ਸਚਾ ਹੈ।[260] ਸਚੀ, ਇਮਾਨ ਦੀ ਕਰਣੀ ਨਾਲ ਹੀ ਆਤਮਕ ਪ੍ਰਾਪਤੀ ਹੋ ਸਕਦੀ ਹੈ।[261] ਕੂੜਿ ਕਪਟਿ ਨਾਲ ਕਿਸੇ ਨੇ ਹਾਲੇ ਤਕ ਆਤਮਿਕ ਤਰਕੀ ਨਹੀਂ ਕੀਤੀ।[262]

ਮਨੁਖੀ ਜੀਵਨ ਦੀ ਆਤਮਿਕ ਉਨਤੀ ਨਾ ਤਾਂ 'ਕਹਿਣ ਕਹਾਵਣ' ਨਾਲ ਹੁੰਦੀ ਹੈ ਤੇ ਨਾ ਹੀ ਪੁਸਤਕਾਂ ਦੇ ਢੇਰ ਪੜ੍ਹਨ ਨਾਲ,[263] ਜੀਵਨ ਦਾ ਸਾਰ ਤਾਂ ਕਰਣੀ ਉਪਰ ਨਿਬੜਨਾ ਹੈ।[264] ਇਸੇ ਕਰਕੇ 'ਪੋਥੀ ਪੁਰਾਣ' ਜੇ 'ਕਮਾਏ' ਜਾਣ ਤਾਂ ਹੀ ਉਨ੍ਹਾਂ ਦਾ ਕੋਈ ਲਾਭ ਹੈ।[265] ਇਸ ਸਰੀਰ ਰੂਪ ਧਰਤੀ ਵਿਚ ਕਰਮ ਰਾਹੀਂ (ਸਚੇ ਕੰਮ ਰਾਹੀਂ) ਜੋ ਬੀਜਿਆ ਜਾਵੇਗਾ, ਉਹੀ ਖਾਧਾ, ਭਾਵ ਪ੍ਰਾਪਤ ਹੋਵੇਗਾ।

ਗੁਰਬਾਣੀ ਵਿਚ ਕਰਮ ਸ਼ਬਦ ਕਈ ਅਰਥਾਂ ਵਿਚ ਪ੍ਰਾਪਤ ਹੈ,[266] ਜਿਨ੍ਹਾਂ ਵਿਚ ਇਕ ਅਰਥ ਕੰਮ ਜਾਂ ਕਿਰਤ ਵੀ ਹੈ।[267] ਇਸ ਪ੍ਰਸੰਗ ਵਿਚ ਬਾਣੀ ਵਿਚ ਅਨੇਕਾਂ ਵਾਰ 'ਕਰਮ' ਰਾਹੀਂ 'ਪ੍ਰਾਪਤੀ' ਦਸਦਿਆਂ ਸਪਸ਼ਟ ਕੀਤਾ ਹੈ ਕਿ ਵਿਹਲੇ ਬਹਿ ਕੇ ਖਾਣ ਵਾਲਾ ਜਿਵੇਂ ਢਿਡ ਨਹੀਂ ਭਰ ਸਕਦਾ, ਤਿਵੇਂ ਉਦਮ, ਮਿਹਨਤ ਬਿਨ੍ਹਾਂ ਨਾਮ ਵੀ ਨਹੀਂ ਜਪਿਆ ਜਾ ਸਕਦਾ ਤੇ ਕਿਰਤ ਵੀ ਨਹੀਂ ਹੋ ਸਕਦੀ। ਇਸ ਤਰ੍ਹਾਂ ਕਰਮ (ਕਿਰਤ) ਜੀਵਨ ਮਨੋਰਥ ਦੀ ਪ੍ਰਾਪਤੀ ਵਿਚ ਸਹਾਇਕ ਸਾਧਨ ਬਣਦਾ ਹੈ;

*ਗੁਰਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥*[268]

ਆਗੈ (ਆਤਮਿਕ ਅਵਸਥਾ ਵਿਚ) ਦੇਹੀ ਜਾਂ ਜਾਤਿ ਨਹੀਂ ਜਾਂਦੀ, ਪ੍ਰਾਪਤੀ ਤਾਂ ਸਚੁ ਕਮਾਈ ਨਾਲ ਹੀ ਹੋਣੀ ਹੈ:

*ਦੇਹੀ ਜਾਤਿ ਨ ਆਗੈ ਜਾਏ ॥*
*ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥*[269]

259. *ਉਹੀ*, ੧੯.
260. ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥ *ਉਹੀ*, ੧੮.
261. ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ *ਉਹੀ.*
262. ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥ *ਉਹੀ*, ੪੦.
263. ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥ *ਉਹੀ*, ੫੯.
264. ਕਰਣੀ ਉਪਰਿ ਹੋਵਗਿ ਸਾਰ ॥ *ਉਹੀ*, ੧੧੬੯ .
265. ਪੋਥੀ ਪੁਰਾਣ ਕਮਾਈਐ... ਸਚੁ ਬੂਝਣੁ ਆਣਿ ਜਲਾਈਐ ॥ *ਉਹੀ*, ੨੫.
266. ਡਾ.ਗੁਰਚਰਨ ਸਿੰਘ, (ਸੰਪਾ.) *ਸ੍ਰੀ ਗੁਰੂ ਗ੍ਰੰਥ ਕੋਸ਼*, ਭਾਗ ਪਹਿਲਾ, ਪੰਨੇ 606-07.
ਲਗਪਗ 11 ਅਰਥਾਂ ਵਿਚ ਆਇਆ ਹੈ।
267. *ਉਹੀ*, 606-07.
268. *ਗੁਰੂ ਗ੍ਰੰਥ ਸਾਹਿਬ*, ੪੨.
269. *ਉਹੀ*, ੧੧੨.

ਗੁਰੂ ਦੇ ਸ਼ਬਦ ਦਾ ਸਾਰ (ਤਤ, ਨਿਚੋੜ) ਵੀ ਇਹੀ ਹੈ ਕਿ ਜੇ ਕਰਣੀ ਸਚੁ ਹੈ ਤਾਂ ਹੀ ਅਕਾਲਪੁਰਖ ਦੀ ਮਿਹਰ ਦਾ ਪਾਤਰ ਬਣਿਆ ਜਾ ਸਕਦਾ ਹੈ।[270] ਗੁਰ ਪੀਰ ਦੀ ਗਵਾਹੀ (ਮਿਹਰ) ਵੀ ਉਨ੍ਹਾਂ ਨਾਲ ਹੀ ਹੈ ਜਿਹੜੇ ਮੁਰਦਾਰ (ਬੇਈਮਾਨ ਦੀ ਕਮਾਈ) ਨਹੀਂ ਖਾਂਦੇ, ਸੋ ਗਲਾਂ ਨਾਲ ਭਿਸਤਿ (ਪਰਮਾਤਮਾ ਦੀ ਹਦੂਰੀ) ਪ੍ਰਾਪਤ ਨਹੀਂ ਹੁੰਦੀ, ਸੰਸਾਰੀ ਝਮੇਲਿਆਂ ਤੋਂ ਸਚੁ ਕਮਾ ਕੇ ਹੀ ਛੁਟਿਆ ਜਾ ਸਕਦਾ ਹੈ:

*ਹਕੁ ਪਰਾਇਆ ਨਾਨਕਾ...*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ ॥*
*ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥*[271]

ਸਦੀਵੀ ਰਹਿਣ ਵਾਲੇ ਪਰਮਾਤਮਾ ਦੇ ਦੀਬਾਣਿ (ਹਜ਼ੂਰੀ) ਵਿਚ ਕੂੜਿ ਦੀ ਸੋਇ ਨਹੀਂ ਜਾਂਦੀ, ਉਥੇ ਖੋਟੇ ਬਾਹਰ ਕਢ ਦਿਤੇ ਜਾਂਦੇ ਹਨ ਤੇ ਖਰੇ ਮਿਲਾ ਲਏ ਜਾਂਦੇ ਹਨ।[272] ਉਥੇ ਸ਼ੁਭ ਕਰਮ ਕਰਨ ਵਾਲਿਆਂ ਦੇ ਹੀ ਮਿਹਰ ਦਾ ਨੀਸਾਨੁ ਪੈਂਦਾ ਹੈ।[273] ਸਾਰ ਇਹ ਹੈ ਕਿ ਆਤਮਿਕ ਜੀਵਨ ਦੀ ਪ੍ਰਾਪਤੀ ਲਈ ਕਰਮਾਂ ਦੇ (ਸਚੁ/ਝੂਠ ਅਨੁਸਾਰ) ਉਪਰ ਨਿਬੇੜਾ ਹੋਵੇਗਾ:

*ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥*[274]

ਸੋ ਸਪਸ਼ਟ ਹੈ ਕਿ ਕਰਮਾਂ ਦੀ ਪ੍ਰਕਿਰਤੀ ਅਨੁਸਾਰ ਪ੍ਰਾਪਤੀ ਹੋਣੀ ਹੈ। ਸਚੇ ਤੇ ਇਮਾਨ ਭਰੇ ਕੰਮ ਆਤਮਿਕ ਜੀਵਨ ਦੀ ਪ੍ਰਾਪਤੀ ਵਿਚ ਸਾਧਨ ਹਨ, ਬਿਨ੍ਹਾਂ ਚੰਗੀਆਂ 'ਕਰਤੂਤਾਂ' ਤੋਂ ਮੁਕਤੀ ਸੰਭਵ ਨਹੀਂ।[275] ਸਚੀ ਕਮਾਈ ਦੇ ਸਾਹਮਣੇ/ਬਰਾਬਰ ਜਪੁ, ਤਪੁ, ਸੰਜਮ ਦੇ ਧਾਰਮਿਕ ਕਰਮ-ਕਾਂਡ ਆਤਮਿਕ ਜੀਵਨ ਤੋਂ 'ਉਰੈ' ਹੀ ਰਹਿ ਜਾਂਦੇ ਹਨ।[276] ਰਹਿਣੀ ਹੋਰ ਪ੍ਰਕਾਰ ਦੀ ਤੇ ਕਮਾਉਣਾ ਹੋਰ ਪ੍ਰਕਾਰ ਦਾ,[277] ਇਹ ਆਤਮਿਕ ਪ੍ਰਾਪਤੀ ਦੇ ਰਾਹ ਵਿਚ ਸੁਖਾਂਦਾ ਨਹੀਂ। ਇਸ ਰਾਹ ਦੇ ਪਾਂਧੀ ਲਈ ਤਾਂ ਸਚ ਕਰਣੀ ਤੇ ਸਚੀ ਰਹਿਤ ਜ਼ਰੂਰੀ ਲਛਣ ਹੈ।[278] ਦਰਗਾਹ (ਹਜ਼ੂਰੀ) ਵਿਚ ਸਾਚੇ ਵਣਜ ਬਿਉਹਾਰ ਦੀ ਖੇਪ ਹੀ ਨਿਭਦੀ ਹੈ।[279] ਸੋ ਜੇਹਾ ਕਮਾਏ ਤੇਹਾ ਹੀ ਹੋਣਾ ਹੈ,[280] ਜੇ ਗੁਰ ਕੀ ਕਾਰ ਕਮਾਈ ਜਾਵੇ ਤਾਂ 'ਮਹਲੁ' ਦੀ ਪਛਾਣੁ ਹੋ

[270]. ਸਚੁ ਕਰਣੀ ਸਬਦੁ ਹੈ ਸਾਰੁ॥
ਪੂਰੇ ਗੁਰਿ ਪਾਈਐ ਮੋਖ ਦੁਆਰੁ॥ *ਉਹੀ*, ੧੧੪.

[271]. *ਉਹੀ*, ੧੪੧.

[272]. ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ *ਉਹੀ*, ੧੪੬.

[273]. ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥ *ਉਹੀ*, ੧੫੦.

[274]. *ਉਹੀ*, ੧੫੭.

[275]. ਬਿਨੁ ਕਰਤੂਤੀ ਮੁਕਤਿ ਨ ਪਾਈਐ ॥ *ਉਹੀ*, ੨੦੧.

[276]. ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥ *ਉਹੀ*, ੨੧੬.

[277]. ਰਹਤ ਅਵਰ ਕਛੁ ਅਵਰ ਕਮਾਵਤ ॥ *ਉਹੀ*, ੨੬੯.

[278]. ਸਚੁ ਕਰਣੀ ਸਚੁ ਤਾ ਕੀ ਰਹਤ ॥ *ਉਹੀ*, ੨੮੩.

[279]. ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ ਖੇਪ ਤੁਮਾਰੀ ॥ *ਉਹੀ*, ੨੯੩.

[280]. ਤੇਹਾ ਹੋਵੈ ਜੇਹੇ ਕਰਮ ਕਮਾਇ ॥ *ਉਹੀ*, ੩੬੨.
ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਉਹੀ,੬੬੨.



ਜਾਂਦੀ ਹੈ।[281] ਮਾਇਆ ਮੋਹ ਦਾ ਖੋਟਾ ਵਾਪਾਰ ਇਸ ਰਾਹ ਵਿਚ ਰੋੜਾ ਹੈ,[282] ਸਚੇ ਹਰਿਨਾਮ ਦੇ ਵਾਪਾਰੀ ਉਂਝ ਵਿਰਲੇ ਹਨ, ਪਰ ਸਚੇ ਦੇ 'ਦਰਬਾਰਾ' ਵਿਚ ਖੋਟੇ ਖਰੇ ਦੀ ਪਰਖ ਹੁੰਦੀ ਹੈ, ਜਿਥੇ ਖਰੇ ਸਚੁ ਵਿਚ ਸਮਾਅ ਜਾਂਦੇ ਹਨ :

*ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ॥* [283]

## ਆਦਰਸ਼ ਤੇ ਮਨੋਰਥ

ਕਿਰਤ ਦਾ ਆਦਰਸ਼ ਰੂਪ ਕਿਹੜਾ ਹੈ? ਗੁਰਬਾਣੀ ਅਨੁਸਾਰ ਜੋ ਕੰਮ ਪਰਮਾਤਮਾ ਨੂੰ ਚੰਗਾ ਲਗੇ; ਗੁਰੂ ਨੂੰ ਭਾਵੇ, ਉਹ ਚੰਗਾ; ਆਦਰਸ਼ ਹੈ। ਪਰਮਾਤਮਾ ਨੂੰ ਹਮੇਸ਼ਾਂ ਚੰਗਾ ਕੰਮ/ਚੰਗੀ ਕਿਰਤ ਤੇ ਨਾਮ ਭਾਉਂਦਾ ਹੈ। ਉਸ ਨੂੰ ਸਤੁ, ਸੰਤੋਖ, ਦਇਆ, ਧਰਮ ਜਿਹੇ ਗੁਣ ਚੰਗੇ ਲਗਦੇ ਹਨ। ਇਸੇ ਤਰ੍ਹਾਂ ਮਾਇਆ,ਹਉਮੈ ਆਦਿ ਕਰਮ ਉਸ ਨੂੰ ਚੰਗੇ ਨਹੀਂ ਲਗਦੇ। ਇਸੇ ਤਰ੍ਹਾਂ ਸਤਿਗੁਰੂ ਨੂੰ ਵੀ ਸਚੁ,ਸੰਜਮ ਦੀ ਕਰਣੀ ਚੰਗੀ ਲਗਦੀ ਹੈ। ਜਤੁ, ਸਤੁ, ਸੰਜਮ ਕਮਾਉਣ ਵਾਲੇ ਪੂਰੇ ਸ਼ਾਹ, ਧਨਵੰਤ, ਵਡਭਾਗੀ ਹਨ ਤੇ ਸਤਿਗੁਰੂ ਹਮੇਸ਼ਾਂ ਉਨਾਂ ਨੂੰ ਸੁਕਾਰ ਕਮਾਉਣ ਨੂੰ ਕਹਿੰਦੇ ਹਨ।[284]

ਕਿਰਤ ਦੀ ਸੰਪੂਰਨਤਾ ਨਾਮ ਦੇ ਵਣਜ ਕਰਕੇ ਹੋਵੇਗੀ। ਵਪਾਰੀ ਉਹੀ ਪੂਰਾ ਹੈ ਜਿਹੜਾ ਹਰਿ ਧਨ ਦਾ ਵਣਜ ਕਰਦਾ ਹੈ।[285] ਮਨੁਖ ਇਥੇ ਅੰਤਿਮ ਰੂਪ ਵਿਚ ਨਾਮ ਵਿਹਾਝਣ ਆਇਆ ਹੈ।[286] ਸਿਮਰਨ ਬਿਨ੍ਹਾਂ ਬਾਕੀ ਕੰਮ ਹੇਚ ਹਨ।[287] ਇਸ ਲਈ ਸਦੀਵੀ ਰਹਿਣ ਵਾਲੇ ਪਦਾਰਥ(ਨਾਮ) ਹੀ ਕਮਾਉਣੇ/ਸੰਚਣੇ ਚਾਹੀਦੇ ਹਨ। ਭਗਤ ਜਨਾ ਦਾ ਜੀਵਨ-ਬਿਉਹਾਰ ਹੀ ਨਾਮ ਹੈ।[288] ਸੋ ਉਤਮ ਕਿਰਤ, ਸ਼ਬਦ ਦੀ ਥਾਹ(ਨਾਮ) ਵਿਚ ਜਾਣਾ ਹੈ।[289] ਸਭ ਤੇ ਉਚੀ ਤੇ ਪਵਿਤਰ ਕਰਨੀ ਇਹ ਹੈ ਕਿ ਨਾਮ ਨੂੰ ਦਿਨ ਰਾਤ ਜਪਿਆ ਜਾਵੇ।[290] ਇਸ ਤਰ੍ਹਾਂ, ਕਿਰਤ ਦਾ ਸਾਰ; ਆਦਰਸ਼ ਰੂਪ ਸਤਿਗੁਰ ਨੂੰ ਧਿਆਉਣਾ ਹੈ।[291]

[281]. ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥ *ਉਹੀ*, ੪੨੦.

[282]. ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ *ਉਹੀ*, ੫੭੦.

[283]. *ਉਹੀ*.

[284]. ਸੋ ਧਨਵੰਤਾ ਸੋ ਵਡ ਸਾਹਾ...॥ *ਉਹੀ*, ੧੩੦.
ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿਰਾਸਿ ॥ *ਉਹੀ*, ੨੫੦.
ਸਤਿਗੁਰੁ ਆਖੈ ਕਾਰ ਸੁਕਾਰ ਕਮਾਈਐ ॥ *ਉਹੀ*, ੧੯੫.
ਗੁਰਿ ਕਹਿਆ ਸਾ ਕਾਰ ਕਮਾਵਹੁ ॥ *ਉਹੀ*, ੮੩੨.

[285]. ਹਰਿ ਧਨ ਕੋ ਵਾਪਾਰੀ ਪੂਰਾ ॥ *ਉਹੀ*, ੧੯੪.

[286]. ਜਾ ਕਉ ਆਏ ਸੋਈ ਵਿਹਾਝਹੁ...॥ *ਉਹੀ*, ੨੦੫.

[287]. ਬਿਨੁ ਸਿਮਰਨ ਧ੍ਰਿਗੁ ਕਰਮ ਕਰਾਨ॥ *ਉਹੀ*, ੨੩੯.

[288]. ਭਗਤ ਜਨਾ ਕੀ ਬਰਤਨਿ ਨਾਮੁ ॥ *ਉਹੀ*, ੨੬੪.

[289]. ਸਾਚਿ ਵਸਿਐ ਸਾਚੀ ਸਭ ਕਾਰ ॥
ਊਤਮ ਕਰਣੀ ਸਬਦ ਬੀਚਾਰ ॥ *ਉਹੀ*, ੧੫੮.

[290]. ਜਪਿ ਜਨ ਸਦਾ ਸਦਾ ਦਿਨੁ ਰੈਣੀ ॥
ਸਭ ਤੇ ਊਚ ਨਿਰਮਲ ਇਹ ਕਰਣੀ ॥ *ਉਹੀ*, ੨੮੩.

[291]. ਸਤਿਗੁਰੁ ਸੇਵੇ ਕਰਣੀ ਸਾਰੀ ॥ *ਉਹੀ*, ੪੧੨.

ਉਪਰੋਕਤ ਵਿਚਾਰਾਂ ਤੋਂ ਕਿਰਤ ਦਾ ਆਦਰਸ਼ ਰੂਪ **ਨਾਮ ਦੀ ਕਿਰਤ** ਕਰਨਾ ਸਪਸ਼ਟ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਦਸਾਂ ਨਹੁੰਆਂ ਦੀ ਕਿਰਤ, ਕਿਰਤ ਦੇ ਆਦਰਸ਼ ਰੂਪ ਤਕ ਪਹੁੰਚਾਉਂਦੀ ਹੈ। ਇਸ ਲਈ ਧਰਮ ਦੀ ਕਿਰਤ ਵੀ ਜ਼ਰੂਰੀ ਹੈ ਤੇ ਨਾਮ ਦੀ (ਅਸਲ) ਕਿਰਤ ਵੀ ਜ਼ਰੂਰੀ ਹੈ। ਕੇਵਲ ਨਾਮ ਜਪਣ ਨਾਲ ਆਦਰਸ਼ ਪ੍ਰਾਪਤ ਨਹੀਂ ਹੁੰਦਾ, ਜੇ ਧਰਮ ਦੀ ਸਚੀ ਕਿਰਤ ਨਹੀਂ,[292] ਇਸੇ ਤਰ੍ਹਾਂ ਕੇਵਲ ਕਿਰਤ ਹੀ ਕਰੀ ਜਾਣਾ,ਧੰਦਾ ਬਣ ਜਾਵੇਗਾ, ਜੇ ਉਸ ਵਿਚ ਨਾਮ ਸ਼ਾਮਿਲ ਨਹੀਂ। ਇਸ ਲਈ ਗੁਰੂ ਨਾਨਕ ਜੀ ਦਾ ਬਚਨ ਹੈ ਕਿ ਪਹਿਲਾਂ ਉਦਮ, ਸਚ, ਈਮਾਨ ਨਾਲ ਸਰੀਰ ਰੂਪ ਧਰਤੀ ਨੂੰ'ਸਾਧ'ਲਿਆ ਜਾਵੇ, ਫਿਰ ਹੀ ਸਚੇ ਨਾਮ ਦੇ ਦਾਣੇ (ਪ੍ਰਗਟਾ) ਪੈਦਾ ਹੋਣਗੇ।[293]

ਕਿਰਸਾਨ ਦੇ ਬਿੰਬ ਰਾਹੀਂ ਗੁਰੂ ਸਾਹਿਬ ਇਸ ਸਰੀਰ ਰੂਪ ਧਰਤੀ ਵਿਚ ਨਾਮ ਦਾ ਜਲ ਸਿੰਜਣ ਨੂੰ ਕਹਿੰਦੇ ਹਨ। ਇਸ ਤਰ੍ਹਾਂ ਈਮਾਨ ਦੇ ਕੰਮ ਨਾਲ ਨਾਮ ਪ੍ਰਾਪਤੀ ਹੋਵੇਗੀ।[294]

ਲਿਵ ਧਾਤੁ ਦੇ ਦੋ ਰਾਹਾਂ ਵਿਚੋਂ ਈਮਾਨ ਦੇ ਰਾਹ ਵੀ ਤਦ ਹੀ ਤੁਰਿਆ ਜਾਵੇਗਾ ਜੇ ਹੁਕਮ ਦੀ ਕਾਰ ਕਮਾਈ ਜਾਵੇ।[295] ਕੰਮ ਉਹੀ ਸੁਹੇਲੇ ਹੋਣਗੇ ਜੋ ਪ੍ਰਭੂ ਨੂੰ ਮੁਖ ਰਖ ਕੇ ਕੀਤੇ ਜਾਣਗੇ।[296] ਨਾਮ ਬਿਨ੍ਹਾਂ[297] ਜਿੰਨਾ ਵੀ ਪਹਿਨਣਾ ਖਾਣਾ ਜਾਂ ਜਿੰਨੇ ਵੀ ਕੰਮ ਕੀਤੇ ਜਾਣਗੇ[298], ਸਭ ਨਿਸਫਲ ਹੀ ਹੋਣਗੇ।[299] ਹਰਿ ਨਾਮ ਬਿਨ੍ਹਾਂ ਜਗਤ ਦਾ ਹਰ ਕੰਮ , ਧੰਦਾ ਹੋਵੇਗਾ ,ਕਿਰਤ ਨਹੀਂ।[300] **ਇਸ ਤਰ੍ਹਾਂ ਸਚੀ ਕਮਾਈ ਤੇ ਨਾਮ, ਕਿਰਤ ਦਾ ਆਦਰਸ਼ ਰੂਪ ਹੈ। ਅਸਲ ਵਿਚ 'ਧੰਧਾ', 'ਕਿਰਤ'ਬਣਦਾ ਹੀ ਉਸ ਸਮੇਂ ਹੈ, ਜਦੋਂ ਇਸ ਵਿਚ 'ਨਾਮ' ਸ਼ਾਮਿਲ ਹੋ ਜਾਵੇ।** ਇਸ ਆਦਰਸ਼ ਰੂਪ ਦੇ ਅਮਲ ਹੀ ਜੀਵਨ ਨੂੰ ਸਫਲ ਬਣਾਉਂਦੇ ਹਨ। ਕਿਰਤ ਨੂੰ ਕੇਵਲ 'ਕਮਾਈ' ਜਾਣ ਨਾਲ ਬਣਿਆ 'ਧੰਧਾ' ਮਾਇਆ 'ਕੱਠੀ ਕਰਨਾ ਹੈ ਤੇ ਇਹ ਚਿੰਤਾ ਲਾਉਂਦਾ ਹੈ, ਜਦਕਿ ਵਿਹਲੜ ਭੁਖਾ ਮਰਦਾ ਹੈ; ਪਰ ਜੋ 'ਕਿਰਤ' ਵਿਚ ਨਾਮ ਸ਼ਾਮਿਲ ਕਰ ਲੈਂਦਾ ਹੈ ਉਹ ਦੋਹਾਂ ਵਿਵਸਥਾ ਤੋਂ ਮੁਕਤ ਹੋ ਜਾਂਦਾ ਹੈ।[301] ਬਿਨ੍ਹਾਂ ਨਾਮ ਤੋਂ 'ਕਰਮ' ਕਰਦਾ ਹੋਇਆ 'ਬੰਧਨ' ਵਿਚ ਪੈਂਦਾ ਹੈ, ਕਿਉਂਕਿ ਧੰਦੇ ਬੰਧਨ ਹੀ ਹਨ[302], ਜੇ ਕਰੇ ਤਾਂ ਬੰਧਨ; ਜੇ ਨਹੀਂ ਕਰਦਾ ਤਾਂ ਵਿਹਲੜ

292. ਸੁਕ੍ਰਿਤ ਕਰਣੀ ਸਾਰ ਜਪਮਾਲੀ ॥ *ਉਹੀ*, ੧੩੩੪.
293. ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥ *ਉਹੀ*, ੧੯.
294. ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥ *ਉਹੀ*, ੨੪.
295. ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ *ਉਹੀ*, ੮੭.
296. ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥ *ਉਹੀ*, ੯੭.
297. ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥ *ਉਹੀ*, ੭੬੧.
298. ਨਾਮ ਬਿਨਾ ਜੇਤਾ ਬਿਉਹਾਰ ॥ *ਉਹੀ*, ੨੪੦.
299. ਨਾਮ ਬਿਨਾ ਜੋ ਪਹਿਰੈ ਖਾਇ ॥ *ਉਹੀ*.
300. ਹਰਿ ਕੇ ਨਾਮ ਬਿਨਾ ਜਗੁ ਧੰਧਾ ॥ *ਉਹੀ*, ੩੫੮.
301. ਜਿਸੁ ਗ੍ਰਿਹਿ ਬਹੁਤੁ...ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ *ਉਹੀ*, ੧੦੧੯.
302. ਜਿਨੀ ਨਾਮੁ ਵਿਸਾਰਿਆ ...॥ ਧੰਧਾ ਮਾਇਆ ਮੋਹਣੀ ...॥ *ਉਹੀ*, ੧੪੧੩.



ਹੋਣ ਦੀ ਲੋਕ ਨਿੰਦਾ ਕਰਦੇ ਹਨ।[303] ਇਸ ਲਈ ਨਾ 'ਧੰਧਾ' ਤੇ ਨਾ 'ਵਿਹਲੜ', ਦੋਹਾਂ ਅਵਸਥਾਵਾਂ ਤੋਂ ਮੁਕਤ ਹੋ ਕੇ ਸਹਜੇ ਖਟਣ; ਕਮਾਉਣ ਨਾਲ ਕੋਈ ਤੋੜਾ ਨਹੀਂ ਆਉਂਦਾ।[304] ਇਸੇ ਜੀਵਨ-ਬਿਉਹਾਰ ਨੂੰ 'ਆਸਾ ਵਿਚ ਨਿਰਾਸਾ' ਕਿਹਾ ਗਿਆ ਹੈ।[305] ਸੋ ਹਰਿਭਜਨ, ਕਿਰਤ ਦਾ ਇਕ ਜਰੂਰੀ ਤੇ ਪੂਰਨ ਕਾਮਾ ਹੈ:

*ਬਿਨੁ ਹਰਿਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ॥*[306]
*ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤੁ ਹਉਮੈ ਹੋਇ ਖੁਆਰੁ॥*[307]

ਨਾਮ ਬਿਨ੍ਹਾ ਕੀਤੀ ਕਿਰਤ, ਕਦੇ ਵੀ 'ਹਉਮੈ ਕਾਰ' ਵਿਚ ਬਦਲ ਸਕਦੀ ਹੈ ਤੇ ਹਉਮੈ ਕਰਮ, ਮਨੁਖ ਨੂੰ ਰੱਬ ਦੇ ਦੁਆਰ ਤਕ ਨਹੀਂ ਲਿਜਾ ਸਕਦੇ,[308] ਕਿਉਂਕਿ ਸਾਰੀ ਕਿਰਤ ਕਮਾਈ ਦਾ ਸੋਮਾ ਵੀ ਤਾਂ ਉਹ ਆਪ ਹੀ ਹੈ,[309] ਇਸ ਲਈ **ਨਾਮੀ-ਕਿਰਤ, ਕਿਰਤ ਦਾ ਆਦਰਸ਼ ਰੂਪ ਹੈ।**

ਜਿਥੇ ਗੁਰਬਾਣੀ ਵਿਚ 'ਮਨ ਬਚ ਕ੍ਰਮ'[310] ਜਾਂ 'ਮਨਿ ਤਨਿ'[311] ਕਰਕੇ ਨਾਮ /ਕਿਰਤ ਜਪਣ/ਕਰਨ ਦਾ ਸੰਦਰਭ ਪ੍ਰਾਪਤ ਹੈ,ਉਸ ਦਾ ਸਾਰ ਭਾਵ ਇਹੀ ਨਿਕਲਦਾ ਹੈ ਕਿ ਮਨ ਕਰਕੇ ਨਾਮ ਤੇ ਤਨ ਕਰਕੇ ਸਚੀ ਕਿਰਤ ਕੀਤੀ ਜਾਵੇ,ਤਾਂ ਹੀ ਆਤਮਿਕ ਜੀਵਨ ਦੀ ਪ੍ਰਾਪਤ ਹੋਵੇਗੀ। ਕਬੀਰ ਸਾਹਿਬ ਅਨੁਸਾਰ:

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*[312]

ਸੋ ਇਸ ਤਰ੍ਹਾਂ ਅਜਿਹੀ ਸੁਕ੍ਰਿਤ ਦੀ ਘਾਲ ਕਰਕੇ ਫਿਰ ਆਤਮਿਕ ਰਾਹ ਦੀ ਪਛਾਣ (ਪ੍ਰਾਪਤੀ) ਹੋ ਜਾਂਦੀ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*[313]

303. ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ॥ *ਉਹੀ*, ੧੦੧੯.
304. ਸਹਜੇ ਸਚੁ ਧਨੁ ਖਟਿਆ ਥੋੜਾ ਕਦੇ ਨ ਹੋਇ॥ *ਉਹੀ*, ੧੦੯੨.
305. ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥
ਆਸਾ ਮਹਿ ਨਿਰਾਸੁ ਬੁਝਾਇਆ॥ *ਉਹੀ*, ੧੫੪.
306. *ਉਹੀ*, ੧੨੨੨.
307. *ਉਹੀ*, ੧੩੧੪.
308. ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮਰਾਇ ਕੈ ਜਾਹੀ॥ *ਉਹੀ*, ੧੪੧੮.
309. ਤੁਧੁ ਸੰਸਾਰ ਉਪਾਇਆ॥ ਸਿਰੇ ਸਿਰਿ ਧੰਧੇ ਲਾਇਆ॥ *ਉਹੀ*, ੭੧.
310. ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ॥ *ਉਹੀ*, ੨੦੦.
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਫਲ ਪਾਵਹੇ॥ *ਉਹੀ*, ੨੪੮.
311. ਮਨੁ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ॥ *ਉਹੀ*, ੩੨.
312. *ਉਹੀ*, ੧੩੧੬.
313. *ਉਹੀ*, ੧੨੪੫.

ਕਿਰਤ ਦੇ ਆਦਰਸ਼ ਰੂਪ 'ਕਿਰਤ ਤੇ ਨਾਮ' ਨੂੰ ਅਪਣਾਉਣ ਵਾਲੇ, ਗੁਰਮਤਿ ਅਨੁਸਾਰ ਸੰਸਾਰ ਵਿਚ ਕੋਈ ਥੋੜੇ; ਵਿਰਲੇ ਹੀ ਹਨ।[314] ਜਿਨ੍ਹਾਂ ਇਸ ਆਦਰਸ਼ ਰੂਪ ਨੂੰ ਆਪਣਾ ਲਿਆ ਹੈ,ਉਨ੍ਹਾਂ ਪ੍ਰਥਾਇ ਗੁਰਬਾਣੀ ਮੁਖ ਰੂਪ ਵਿਚ 'ਗੁਰਮੁਖਿ' ਸ਼ਬਦ ਵਰਤਦੀ ਹੈ। ਬਾਣੀ ਅਨੁਸਾਰ ਗੁਰਮੁਖਿ ਦੀ ਕਾਰ ਅਜਿਹੀ ਹੁੰਦੀ ਹੈ, ਜਿਸ ਨਾਲ ਸਚੁ ਹਿਰਦੇ ਘਟਿ ਵਿਚ ਪ੍ਰਗਟ ਹੋ ਜਾਂਦਾ ਹੈ।[315] ਗੁਰਮੁਖਿ, ਕਰਮ (ਕਿਰਤ) ਅਜਿਹਾ ਕਰਦਾ ਹੈ ਜਿਸ ਨਾਲ ਹਰਿ ਪ੍ਰਤੀ ਬੈਰਾਗ ਉਪਜਦਾ ਹੈ।[316] ਗੁਰਮੁਖਿ ਸਚੀ ਕਿਰਤ ਰਾਹੀਂ ਨਾਮ ਦੀ ਪਛਾਣ ਕਰ ਲੈਂਦਾ ਹੈ।[317] ਜਾਗੇ ਹੋਏ ਗੁਰਮੁਖਾਂ (ਗਿਆਨੀਆਂ) ਦਾ ਧਨ ਨਾਮ ਹੁੰਦਾ ਹੈ ਤੇ ਉਨ੍ਹਾਂ ਦਾ ਕਿਰਤ-ਬਿਉਹਾਰ ਨਾ ਤਾਂ ਵਿਹਲੇ ਰਹਿਣ ਵਾਲਾ ਹੁੰਦਾ ਹੈ ਤੇ ਨਾ ਹੀ ਧੰਦਿਆਂ ਵਿਚ ਉਲਝਣ ਵਾਲਾ, ਉਹ ਸਹਿਜ ਵਾਪਾਰ ਕਰਦੇ ਹਨ[318] ਤੇ ਹਮੇਸ਼ਾਂ ਸਚੁ ਕਮਾਉਂਦੇ ਹਨ।[319] ਗੁਰੂ ਅਮਰਦਾਸ ਜੀ ਅਨੁਸਾਰ ਗੁਰਮੁਖਿ ਇਕ ਅਜਿਹੀ ਉਚ ਅਵਸਥਾ (ਚਉਥੀ ਪਉੜੀ) ਹੈ, ਜਿਥੇ ਸਚਾ ਸੇਵਿਆ ਜਾਂਦਾ ਹੈ ਤੇ ਸਚੀ ਹੀ ਕਿਰਤ ਕਮਾਈ ਜਾਂਦੀ ਹੈ ।[320]

ਗੁਰਮੁਖਿ ਸਚੁ ਦੀ ਕਾਰ ਕਮਾਉਂਦੇ ਹੋਏ, ਸਚੁ ਵਿਚ ਸਮਾਅ ਜਾਂਦੇ ਹਨ; ਉਹ ਸਚੁ ਹੀ ਵਣੰਜਦੇ ਤੇ ਸਚ ਹੀ ਵਿਹਾਝਦੇ ਹਨ।[321] ਕੂੜ ਅਤੇ ਸਚੁ ਦੇ ਦੋ ਰਾਹਾਂ ਵਿਚੋਂ ਗੁਰਮੁਖਿ ਸਚੁ ਦਾ ਰਾਹ ਅਖਤਿਆਰ ਕਰਦੇ ਹਨ।[322] ਗੁਰਮੁਖਿ ਹੀ ਸਹੀ ਸ਼ਾਹ; ਭਗਵੰਤ ਹਨ, ਜਿਹੜੇ ਜੀਵਨ-ਬਿਉਹਾਰ ਵਿਚ ਇਮਾਨ ਦੀ ਕਮਾਈ ਸੰਪਦੇ(ਇਕਠੀ ਕਰਦੇ) ਹਨ।[323] ਪਰਮਾਤਮਾ ਆਪਣੇ ਅਜਿਹੇ(ਗੁਰਮੁਖਿ) ਸੇਵਕ ਦੀ ਕਿਰਤ ਵਿਚ ਆਪ ਸ਼ਾਮਿਲ ਹੁੰਦਾ ਹੈ।[324] ਸਚੀ, ਇਮਾਨ ਵਾਲੀ ਕਿਰਤ ਹੋਣ ਕਾਰਨ ਗੁਰਮੁਖਾਂ ਦੀ ਕਿਰਤ ਘਾਲਿ ਥਾਇ ਪੈਂਦੀ ਹੈ।[325] ਗੁਰਮੁਖਿ ਜਿਹੜਾ ਵੀ ਵਾਪਾਰ ਜਾਂ ਖੇਤੀ ਕਰਦੇ ਹਨ ਜਾਂ ਜਿਹੜਾ ਵੀ ਕੰਮ ਕਰਦੇ ਹਨ ਉਹ ਭਲਾ ਹੀ ਹੁੰਦਾ ਹੈ ਕਿਉਂਕਿ ਉਹ 'ਸਹਿਜੇ' ਕੀਤਾ ਗਿਆ ਹੁੰਦਾ ਹੈ।[326] ਗੁਰਮੁਖਾਂ ਦੀ ਕਿਰਤ ਦਾ ਸਾਰ(ਤਤੁ) ਸਚੁ ਹੀ ਹੁੰਦਾ ਹੈ,

314. ... ਕੋ ਵਿਰਲਾ ਗੁਰਮਤਿ ਚਲੈ ਜੀਉ ॥ *ਉਹੀ*, ੯੪.
ਇਹੁ ਵਾਪਾਰੁ ਵਿਰਲਾ ਵਪਾਰੈ॥ *ਉਹੀ*, ੨੯੩.
315. ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ *ਉਹੀ*, ੨੭.
316. ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥ *ਉਹੀ*, ੨੯.
317. ਗੁਰਮੁਖਿ ਨਾਮੁ ਪਛਾਣੀਐ... ॥ *ਉਹੀ*, ੩੮.
318. ਗਿਆਨੀਆ ਦਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ *ਉਹੀ*, ੬੮.
319. ਨਾਨਕ ਗੁਰਮੁਖਿ ਸਚੁ ਕਮਾਵੈ॥ *ਉਹੀ*, ੮੭.
ਆਪੇ ਲਾਇ... ਗੁਰਮੁਖਿ ਸਚੁ ਕਮਾਵਣਿਆ ॥ *ਉਹੀ*, ੧੧੦.
320. ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥ *ਉਹੀ*, ੧੧੩.
321. ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥ *ਉਹੀ*, ੧੧੭.
322. ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥ *ਉਹੀ*, ੧੪੨.
323. ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ *ਉਹੀ*, ੨੫੦.
324. ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥ *ਉਹੀ*, ੪੦੩.
325. ਗੁਰਸਿਖਾ ਕੀ ਘਾਲਿ ਥਾਇ ਪਈ... ॥ *ਉਹੀ*, ੪੫੦.
326. ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥ *ਉਹੀ*, ੫੬੮.



ਇਸ ਕਰਕੇ ਉਨ੍ਹਾਂ ਦੀ ਚਾਲ ਸੰਸਾਰ ਨਾਲੋਂ ਵਖਰੀ ਤੇ ਨਿਰਮਲ ਹੁੰਦੀ ਹੈ।[327] ਗੁਰਮੁਖਿ ਵਣਜ ਰਾਹੀਂ ਆਪਣਾ (ਆਤਮਿਕ) ਘਰ ਪਛਾਣ ਲੈਂਦਾ ਹੈ।[328]

ਗੁਰਮੁਖਿ ਦੀ ਸ੍ਰੇਸ਼ਟ ਕਰਣੀ ਵਿਚ ਸਚੁ, ਸੰਜਮ, ਦਇਆ ਜਿਹੇ ਗੁਣ ਸ਼ਾਮਿਲ ਹਨ।[329] ਉਹ ਕਾਰ ਭਾਵੇਂ 'ਇਥੇ' ਕਮਾਉਂਦਾ ਹੈ, ਪਰ ਲਿਵ ਉਸਦੀ 'ਉਥੇ' ਲਗੀ ਹੁੰਦੀ ਹੈ।[330] ਇਸ ਤਰ੍ਹਾਂ ਜਿਨ੍ਹਾਂ ਦਾ ਸੰਸਾਰੀ ਸਉਦਾ ਹਰੇਕ ਪਖੋਂ ਈਮਾਨਦਾਰਨਾ ਹੈ; ਸਚਾ ਹੈ, ਉਨ੍ਹਾਂ ਦਾ ਹਰ ਪ੍ਰਕਾਰ ਦਾ ਪਾਸਾਰ ਸਚਾ ਹੈ।[331]

ਉਕਤ ਤੋਂ ਸਪਸ਼ਟ ਹੈ ਕਿ ਸਚੀ ਕਿਰਤ ਦਾ ਮਨੋਰਥ ਇਕ ਸਚਿਆਰ ਗੁਰਮੁਖਿ ਪੈਦਾ ਕਰਨਾ ਹੈ; ਦੂਜੇ ਸ਼ਬਦਾਂ ਵਿਚ ਗੁਰਮੁਖਿ ਦੇ ਪ੍ਰਮੁਖ ਲਛਣਾਂ ਵਿਚ, ਇਕ ਅਹਿਮ ਲਛਣ ਹੈ ਕਿ ਉਸਦੀ ਕਿਰਤ ਕਮਾਈ ਈਮਾਨ ਭਰੀ ਸਚੀ ਹੁੰਦੀ ਹੈ। ਗੁਰਮਤਿ ਦੁਆਰਾ ਸਾਜੇ ਆਦਰਸ਼ ਮਨੁਖ , ਗੁਰਮੁਖਿ ਜਾਂ ਸਿੱਖ ਦੀ ਇਹ ਪਹਿਚਾਣ ਹੈ। 'ਗਉੜੀ ਕੀ ਵਾਰ' ਵਿਚ ਚੌਥੇ ਪਾਤਸ਼ਾਹ ਨਾਮ-ਕਿਰਤ ਨਾਲ ਭਰਪੂਰ ਸਿੱਖ ਦੇ ਲਛਣਾਂ ਵਿਚ ਸਵੇਰ ਤੋਂ ਸ਼ਾਮ ਤਕ ਦਾ ਪੂਰਾ ਜੀਵਨ-ਬਿਉਹਾਰ ਦਸਦੇ ਹੋਏ ਨਾਮ ਤੇ ਕਿਰਤ ਕਮਾਈ ਹੀ ਵਿਸ਼ੇਸ਼ ਸ਼ਾਮਿਲ ਕਰਦੇ ਹਨ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥...*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ* ਹਰਿਨਾਮੁ ਧਿਆਵੈ ॥*[332] {*ਕੰਮ ਕਾਰ ਕਰਦਿਆਂ}

ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰਸਿਖ ਦੀ ਨਿਤ ਕ੍ਰਿਆ ਦਸਦੇ ਹੋਏ ਉਕਤ ਵਿਚਾਰ ਨੂੰ ਇਸ ਤਰ੍ਹਾਂ ਵਿਆਖਿਆਉਂਦੇ ਹਨ:

*ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।*
*ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।*
*ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।*
*ਸੰਕਾ ਮਨਹੁ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।*
*ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।*
*ਗੁਰਸਿਖਾਂ ਨੂੰ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।*
*ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ।*
*ਗੁਰਮੁਖ ਗਾਡੀ ਰਾਹੁ ਚਲੰਦਾ ॥*[333]

327. ਭਗਤਾ ਕੀ ਚਾਲ ਸਚੀ ਅਤਿ ਨਿਰਮਲ... ਜਿਨੀ ਸਚੋ ਸਚੁ ਕਮਾਇਆ ॥ *ਉਹੀ*, ੭੬੮.
328. ਬੂਝੈ ਕਰਮੁ ਸੁ ਸਬਦੁ ਪਛਾਣੈ ॥ *ਉਹੀ*, ੧੦੪੦.
329. ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ *ਉਹੀ*, ੧੦੫੯.
330. ਗੁਰਮੁਖਿ ਕਾਰ ਕਰਹੁ ਲਿਵ ਲਾਇ ॥ *ਉਹੀ*, ੧੧੭੪.
331. ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ ॥ *ਉਹੀ*, ੧੪੨੫.
332. *ਉਹੀ*, ੩੦੫.
333. *ਵਾਰ/ਪਉੜੀ* ੪੦/੧੧.

ਇਸ ਪ੍ਰਕਾਰ ਦੇ ਵਿਚਾਰ ਭਾਈ ਸਾਹਿਬ ਨੇ ਹੋਰ ਵੀ ਅਨੇਕਾਂ ਥਾਵਾਂ'ਤੇ ਦਿਤੇ ਹਨ।[334] ਗੁਰਮੁਖਿ ਉਹੀ ਹੈ ਜਿਹੜਾ ਕਿਰਤ ਕਮਾਉਂਦਾ, ਨਾਮ ਜਪਦਾ ਹੋਇਆ ਪਰਉਪਕਾਰ ਕਰਦਾ ਹੈ [335] ਤੇ ਹਥਹੁ ਦੇ ਕੇ ਭਲਾ ਮਨਾਉਂਦਾ ਹੈ।[336] ਭਾਈ ਸਾਹਿਬ ਅਜਿਹੇ ਗੁਰਮੁਖਿ ਦੇ ਕੁਰਬਾਣ ਜਾਂਦੇ ਹਨ।[337]

ਗੁਰੂ ਗੋਬਿੰਦ ਸਿੰਘ ਜੀ ਜਦੋਂ ਅਲਪ ਅਹਾਰ ਦੀ ਵਿਚਾਰ ਦਿੰਦੇ ਹਨ ਤਾਂ ਸੰਤੋਖ; ਸੀਲਮਈ, ਤ੍ਰਿਗੁਣ ਅਤੀਤ ਸ਼ਖ਼ਸੀਅਤ, ਗੁਰਮੁਖਿ ਦੀ ਵਿਚਾਰ ਹੀ ਕਰਦੇ ਹਨ।[338] ਗੁਰੂ ਸਾਹਿਬ ਅਨੁਸਾਰ ਬਿਖੈ ਰਸ ਛਡ ਕੇ ਸਿਮਰਨ ਦਾ ਸੰਗ੍ਰਹਿ ਕਰਨ ਵਾਲੇ ਧਰਮ ਕਰਮ ਅਨੁਰਾਗੀ, ਪਾਪ ਤਜਿ ਕੇ ਕਾਲ-ਜਾਲ ਤੋਂ ਮੁਕਤ ਹੋ ਜਾਂਦੇ ਹਨ।[339] ਅਜਿਹੇ ਗੁਰਮੁਖਿ ਖਾਲਸਿਆਂ ਦੀ ਸੇਵਾ ਹੀ ਭਾਵਦੀ ਹੈ, ਜਿਨ੍ਹਾਂ ਦੀ ਕਿਰਪਾ ਨਾਲ ਗੁਰੂ-ਪੰਥ ਦੀ ਹੋਂਦ ਕਾਇਮ ਹੈ।[340]

ਭਾਈ ਨੰਦ ਲਾਲ ਜੀ ਅਨੁਸਾਰ ਮਨੁਖ ਲਈ ਈਮਾਨ ਵਡੀ ਚੀਜ਼ ਹੈ ਤੇ ਸਾਡੇ(ਸਿੱਖ) ਧਰਮ ਵਿਚ ਉਸ ਦਾ ਸਿਮਰਨ ਹੀ ਈਮਾਨ ਦੀ ਪੂੰਜੀ ਹੈ ਅਤੇ ਧਰਮੀ ਜਾਂ ਇਮਾਨਦਾਰ ਵੀ ਉਹੀ ਹੁੰਦਾ ਹੈ ਜੋ ਛਿਨ ਪਲ ਲਈ ਵੀ ਰੱਬ ਤੋਂ ਗਾਫ਼ਲ ਨਾ ਹੋਵੇ।[341] ਉਹ ਸੈਂਕੜੇ ਕੰਮ ਨਿਹਫਲ ਹਨ,ਜਿਨ੍ਹਾਂ ਵਿਚ ਰੱਬ ਸ਼ਾਮਿਲ ਨਹੀ[342] ਤੇ ਖਾਲਸਾ(ਗੁਰਮੁਖਿ) ਉਹੀ ਹੈ ਜਿਹੜਾ ਵਿਕਾਰ ਤਿਆਗ ਕੇ ਨਾਮ ਵਿਚ ਰਤਿਆਂ ਨਿਰਧਨਾਂ ਨੂੰ ਪਾਲਦਾ ਹੈ।[343]

18 ਵੀਂ ਸਦੀ ਦੇ ਮੁਢਲੇ ਦਹਾਕਿਆਂ ਦੀ ਰਚਨਾ *ਪ੍ਰੇਮ ਸੁਮਾਰਗ* ਗ੍ਰੰਥ ਦਾ ਕਰਤਾ ਗੁਰਮੁਖਿ ਦੇ ਨਿਤ ਜੀਵਨ ਬਿਉਹਾਰ ਵਿਚ ਪਹਿਲ ਨਾਮ ਬਾਣੀ ਨੂੰ ਦੇ ਕੇ ਫਿਰ ਕਿਰਤ ਕਰਨ ਦੀ ਦੀ ਲੰਮੀ ਚੌੜੀ ਜੁਗਤਿ ਦਸਦਾ ਹੋਇਆ ਦਸਾਂ ਨਹੁੰਆਂ ਦੀ ਧਰਮ ਕਿਰਤ ਕਰਨ ਦੀ ਤਾਗੀਦ ਕਰਦਾ ਹੈ।[344] ਖਾਲਸੇ ਦੇ ਖਾਜ-ਅਖਾਜ ਦੀ ਵਿਸਤਾਰ ਸਹਿਤ ਚਰਚਾ ਕਰਦਾ ਹੋਇਆ ਕਰਤਾ *ਪ੍ਰੇਮ ਸੁਮਾਰਗ* ਨਸ਼ੇ, ਅਮਲਾਂ ਤੇ ਜੂਠਾਂ ਨੂੰ ਨਕਾਰਦਾ ਹੋਇਆ ਸਿਧਾ-ਸਾਦਾ ਸਾਫ਼ ਤੇ ਇਮਾਨ ਦਾ ਖਾਣਾ ਖਾਣ ਦੀ ਪ੍ਰੇਰਨਾ ਕਰਦਾ ਹੈ। ਇਸ ਤਰ੍ਹਾਂ ਧਰਮ ਦੀ ਕਿਰਤ ਨੂੰ ਮਾਣਤਾ ਦਿੰਦਾ ਹੋਇਆ ਕਰਤਾ 'ਅਬੇ ਤਬੇ ਕੀ ਚਾਕਰੀ' ਤੋਂ ਖਬਰਦਾਰ ਕਰਦਾ ਹੈ ਤੇ ਖੇਤੀ, ਸੌਦਾਗਰੀ ਨੂੰ ਤਰਜ਼ੀਹ ਦਿੰਦਾ ਹੈ[345] ,ਪਰ ਸਭ ਪਿਛੇ ਵਰਤਾਵਾ ਧਰਮ ਦਾ ਹੋਣਾ ਜਰੂਰੀ ਕਰਦਾ ਹੈ।

*ਰਹਿਤਨਾਮਾ* ਭਾਈ ਚਉਪਾ ਸਿੰਘ, ਗੁਰੂ ਦੇ ਸਿੱਖ ਲਈ ਧਰਮ ਦੀ ਕਿਰਤ ਵਿਚੋਂ ਦਸਵੰਧ ਕਢਣਾ ਜਰੂਰੀ ਕਰਾਰ ਦੇ ਕੇ ਨੈਤਿਕਤਾ ਦੇ ਸਾਰੇ ਗੁਣ - ਸਤੁ,ਸੰਤੋਖ, ਧੀਰਜਵਾਨ, ਰਹਿਤਵਾਨ, ਸੁਚੇਤ ਆਦਿ ਉਸ ਵਿਚ ਹੋਣਾ ਜਰੂਰੀ ਮੰਨਦਾ ਹੈ।[346] ਪੰਥ ਪ੍ਰਵਾਨਿਤ *ਸਿੱਖ ਰਹਿਤ ਮਰਯਾਦਾ* ਨੇ 'ਗੁਰਮਤਿ ਰਹਿਣੀ' ਵਿਚ ਸਿੱਖ ਲਈ ਸਚੀ ਕਿਰਤ-ਵਿਰਤ ਉਸ ਦੇ ਸਹਿਜ ਜੀਵਨ ਦਾ ਇਕ ਜਰੂਰੀ ਅੰਗ ਮੰਨਿਆ ਹੈ।[347]

*ਗਿਆਨ ਰਤਨਾਵਲੀ* ਨੇ ਸਰੀਰ ਦੀਆਂ ਸਾਰੀਆਂ ਇੰਦਰੀਆਂ ਦੇ ਕਾਰਜ ਦਸਦੇ ਹੋਏ ਗੁਰਮਤਿ ਦੇ ਪ੍ਰਸੰਗ ਵਿਚ ਧਰਮ ਦੀ ਕਿਰਤ ਨੂੰ ਇਕ ਜਸਿਆਸੂ-ਸਿੱਖ ਦਾ ਅਹਿਮ ਭਾਗ ਦਸਦਿਆਂ ਲਿਖਿਆ ਹੈ:

"ਪਰਮੇਸਰ ਨੇ ਅਖੀ ਜੋ ਦਿਤੀਆ ਹੈਨ॥ ਸੋ ਗੁਰਾਂ…ਦੇ ਗ੍ਰੰਥ ਪੋਥੀਆ ਦੇ ਦਰਸਨ ਵਾਸਤੇ॥ ..ਕਰਨ…ਬਾਣੀਆ ਦੇ ਸ੍ਰਵਣ ਵਾਸਤੇ ॥ ਰਸਨਾ… ਬਾਣੀਆ ਕੇ ਪਠਨ ਪਾਠ ਵਾਸਤੇ…॥ ਹਥ… ਦਾਨ ਤੇ .. ਟਹਿਲ ਵਾਸਤੇ॥ ਪੈਰ … ਸਤਿਸੰਗ ਦੇ ਟੁਰਨ ਵਾਸਤੇ …॥ ਵਿਵਹਾਰ ਜੋ ਦਸਿਆ ਹੈ ॥ ਸੋ ਕ੍ਰਿਤ ਧਰਮ ਦੀ ਕਰਿ ਕੇ ਵੰਡ ਖਾਵਣ ਵਾਸਤੇ…॥[348]

*ਗੁਰਬਿਲਾਸ ਪਾਤਸ਼ਾਹੀ ੬* ਦੇ ਕਰਤਾ ਅਨੁਸਾਰ ਪ੍ਰਭੂ ਵਲੋਂ ਦਿਤਾ ਸਰੀਰ ਤਾਂ ਹੀ ਲੇਖੇ ਵਿਚ ਲਗ ਸਕਦਾ ਹੈ ਜੇ ਇਹ ਨਾਮ ਜਪੇ ਤੇ ਪਰਉਪਕਾਰ ਕਰੇ।[349] *ਸ੍ਰੀ ਗੁਰ ਸੋਭਾ* ਦਾ ਕਰਤਾ ਲਿਖਦਾ ਹੈ ਕਿ ਦੁਰਲਭ ਜੀਵਨ ਲਈ ਜਰੂਰੀ ਹੈ ਕਿ ਉਹ ਗੁਣਾਂ ਦਾ ਅੰਮ੍ਰਿਤ ਪੀਵੇ ਤੇ ਬਿਕਾਰ ਤਿਆਗੇ।[350] *ਗੁਰਬਿਲਾਸ ੬* ਅਨੁਸਾਰ ਮਨੁਖ ਪ੍ਰਭੂ ਦੀ ਖੇਤੀ ਹੈ,ਜਿਹੋ ਜਿਹਾ ਉਹ ਇਸ ਵਿਚ ਬੀਜ ਦਿੰਦਾ ਹੈ, ਤਿਹੋ ਜਿਹੀ ਉਹ ਕਮਾਈ ਕਰਦਾ ਹੈ ।[351] *ਗੁਰਬਿਲਾਸ ਪਾ.੧੦* ਦਾ ਕਰਤਾ ਸੁਖਾ ਸਿੰਘ ਲਿਖਦਾ ਹੈ ਕਿ ਸਾਡਾ (ਸਿੱਖਾਂ ਦਾ) ਜੀਵਨ ਧਰਮ

---

334. ਵੇਖੋ : *ਵਾਰ/ਪਉੜੀ* ੧/੩, ੬/੧੨, ੧੧/੬, ੧੮/੩, ੨੦/੯ ਆਦਿ।
335. ..ਪਰਉਪਕਾਰ ਕਰੈ ਰੰਗ ਮਾਣੈ ॥ *ਉਹੀ*, ੧੨/੫.
336. ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ ॥ *ਉਹੀ*, ੮/੨੪; ਹੋਰ :੧੧/੪.
337. ਕੁਰਬਾਣੀ ਤਿਨ੍ਹਾਂ ਗੁਰਸਿਖਾਂ .. ॥ *ਉਹੀ*, ੧੨/੨.
338. ਅਲਪ ਅਹਾਰ ਸੁਲਪ ਸੀ ਨਿੰਦਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗਣ ਅਤੀਤ ॥
*ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਪੋਥੀ ਤੀਜੀ,ਪੰਨਾ ੧੨੧੫.
339. ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥
ਸੰਗ੍ਰਹਿ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ ॥ *ਉਹੀ*.
340. ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ…॥ *ਉਹੀ*, ੧੨੨੩.
341. ਸਾਹਿਬਿ ਈਮਾਂ ਹਮਾਂ ਬਾਸ਼ਦ ਹਮਾਂ ਕੂ ਨ ਬਾਸ਼ਦ ਗ਼ਾਫ਼ਿਲ ਅਜ਼ ਵੈ ਯਕ ਜ਼ਮਾਂ ॥
(ਧਰਮੀ ਤੇ ਇਮਾਨਦਾਰ ਉਹੀ ਹੈ ਜੋ ਛਿਨ ਪਲ ਲਈ ਵੀ ਉਸ ਤੋਂ ਗ਼ਾਫ਼ਿਲ ਨਹੀਂ)
*ਜ਼ਿੰਦਗੀਨਾਮਾ*
342. ਸਦਕਾਰ ਕਰਦਾਈ ਕਿ ਨਯਾਇਦ ਬਕਾਰਿ ਤੂ… *ਗਜ਼ਲ*,
(ਸੈਂਕੜੇ ਕੰਮ ਕਿਤੇ ਕੰਮ ਨਹੀਂ)
ਹਸਤ ਕਾਰਿ ਰੂਜ਼ੋ ਸ਼ਬ ਦਰ ਧਾਇ ਊ
(ਇਕੋ ਕੰਮ ਦਿਨ ਰਾਤ ਉਹਦੀ ਯਾਦ ਹੋਣੀ ਚਾਹੀਦੀ ਹੈ) *ਜ਼ਿੰਦਗੀਨੁਮਾ*
343. ਖਾਲਸਾ ਸੋਇ ਨਿਰਧਨ ਕੋ ਪਾਲੈ॥ *ਤਨਖਾਹਨਾਮਾ*, ਬੰਦ

344. ਪ੍ਰਿਥਮ ਧਿਆਉ, ਪੰਨੇ ੫-੧੫.
345. ਧਿਆਉ ਪੰਚਮ; ਛਠਮ, ਪੰਨੇ ੫੯;੬੬.
346. *ਰਹਿਤਨਾਮੇ*, (ਸੰਪਾ.) ਪਿਆਰਾ ਸਿੰਘ ਪਦਮ, ਪੰਨੇ 84;90 ਆਦਿ।
347. 'ਗੁਰਮਤਿ ਦੀ ਰਹਿਣੀ', ਪੰਨਾ 19.
348. (ਸੰਪਾ.) ਡਾ.ਜਸਬੀਰ ਸਿੰਘ ਸਾਬਰ, ਪੰਨਾ 203.
349. ਅਧਿ./ਬੰਦ/ਪੰਨਾ ੪/੪੩੯/੧੦੧.
350. ਅਧਿ./ਬੰਦ/ਪੰਨਾ ੧੮/੮੧੨/੧੭੧.
351. ਅਧਿ./ਬੰਦ/ਪੰਨਾ ੧੭/੧੧੭-੧੮/੫੬੬.

ਆਸ਼ਰਿਤ ਚਾਹੀਦਾ ਹੈ।[352] ਕਰਤਾ ਅਨੁਸਾਰ ਗੁਰੂ ਹੁਕਮਾਂ ਦੀ ਕਾਰ ਕਮਾਉਣ ਵਾਲੇ ਜੀਵਨ ਸਫਲਾ ਕਰ ਲੈਂਦੇ ਹਨ।[353]

*ਬੰਸਾਵਲੀਨਾਮੇ* ਦਾ ਕਰਤਾ ਭਾਈ ਕੇਸਰ ਸਿੰਘ ਛਿਬਰ ਉਪਦੇਸ਼ਾਤਮਕ ਸ਼ੈਲੀ ਰਾਹੀਂ ਮਨੁਖੀ ਨੂੰ ਸੱਤ ਦਿਨਾਂ ਨਾਲ ਤੁਲਨਾ ਕੇ ਹਰੇਕ ਦਿਨ ਲਈ ਸਾਨੂੰ ਚੰਗਾ ਕੰਮ ਕਰਨ ਦੀ ਪ੍ਰੇਰਨਾ ਕਰਦਾ ਹੈ। ਉਸਨੇ ਚੰਗੇ ਕੰਮਾਂ ਵਿਚ ਧਨ ਤੇ ਸੁਆਸਾਂ ਦੇ ਦਸਵੰਧ ਤੋਂ ਇਲਾਵਾ ਨਾਮ, ਪਰਉਪਕਾਰ ਤੇ ਧਰਮ ਦੇ ਕੰਮ ਕਰਨੇ ਸ਼ਾਮਿਲ ਕੀਤੇ ਹਨ।[354]

*ਮਹਿਮਾ ਪ੍ਰਕਾਸ਼ ਕਵਿਤਾ* ਦਾ ਕਰਤਾ ਲਿਖਦਾ ਹੈ ਕਿ ਸਰੀਰ ਰੂਪੀ ਨਾਉ(ਬੇੜੀ), ਜਿਹੜਾ ਪਾਪਾਂ ਨਾਲ ਭਰਿਆ ਹੋਇਆ ਹੈ,ਕਿਤੇ ਹੰਕਾਰ ਦੇ ਅਗਿਆਨ ਸਾਗਰ ਵਿਚ ਡੁਬ ਜਾਵੇ, ਇਸ ਲਈ ਇਸ ਨੂੰ ਨਾਮ ਦਾ ਚਪੂ ਲਾਉਣਾ ਜਰੂਰੀ ਹੈ।[355] ਇਸ ਜੀਵਨ ਦੀ ਸਫਲਤਾ ਨਾਮ ਤੇ ਸੇਵਾ(ਕਿਰਤ) ਵਿਚ ਹੈ ।[356] *ਮਹਿਮਾ ਪ੍ਰਕਾਸ਼ ਵਾਰਤਕ* ਦੇ ਕਰਤਾ ਅਨੁਸਾਰ ਲੋਕ ਧਨ ਪਦਾਰਥਾਂ ਵਿਚ ਹੀ ਉਲਝੇ ਪਏ ਹਨ, ਨਾਮ-ਧਨ ਦੀ ਕਿਰਤ ਅਸਲ ਲੋੜੀਂਦੀ ਵਸਤੂ ਹੈ।[357]

ਉਪਰੋਕਤ ਵਿਸਤ੍ਰਿਤ ਵਿਚਾਰ ਤੋਂ ਇਹ ਵਿਚਾਰ ਸਪਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਗੁਰਮਤਿ ਵਿਚ ਕਿਰਤ ਕਰਨੀ ਜਰੂਰ ਕਰਾਰ ਦੇ ਕੇ ਇਸਨੂੰ ਅਧਿਆਤਮਕ ਪ੍ਰਾਪਤੀ ਦੇ ਰਾਹ ਵਿਚ ਇਕ ਸਹਾਇਕ ਸਾਧਨ ਬਣਾਇਆ ਗਿਆ ਹੈ।ਸਚੀ ਕਿਰਤ ਨਾਮ ਜਪਣ/ਸਿਮਰਨ ਦੇ ਬਰਾਬਰ ਦਾ ਹੀ 'ਨਾਮ' ਹੈ। ਜੇਕਰ ਕੇਵਲ ਸਿਮਰਨ ਹੈ ਤਾਂ ਪ੍ਰਾਪਤੀ ਨਹੀਂ , ਜੇ ਕੇਵਲ ਕਿਰਤ ਹੈ ਤਾਂ 'ਧੰਧਾ' ਬਣ ਜਾਵੇਗੀ; ਇਸ ਤਰ੍ਹਾਂ ਇਹ ਸਹਿਜ ਦਾ ਮਾਰਗ ਹੈ । ਨਾਮ ਰੰਗ ਵਿਚ ਰੰਗੀ ਨਾਮੀ-ਕਿਰਤ ਹੀ ਇਸ ਦਾ ਆਦਰਸ਼ ਰੂਪ ਹੈ ਤੇ ਅਜਿਹਾ ਕਿਰਤੀ ਗੁਰਮੁਖਿ ਪੈਦਾ ਕਰਨਾ ਹੀ ਇਸ ਜੀਵਨ-ਵਿਹਾਰ/ਜਾਚ ਦਾ ਮਨੋਰਥ ਹੈ। ਦਸ ਗੁਰੂ ਸਾਹਿਬਾਨ ਦਾ ਧਰਤੀ 'ਤੇ ਪ੍ਰਕਾਸ਼ ਹੋਣ ਦਾ ਇਕ ਅਹਿਮ ਉਦੇਸ਼ ਅਜਿਹੀ 'ਕਰਮ ਧਰਮ' ਦੀ ਜੀਵਨ-ਜਾਚ ਸਿਖਾਉਣਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਭਾਈ ਸੈਨਾ ਸਿੰਘ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਸੰਗ ਵਿਚ ਉਕਤ ਤਥ ਦੀ ਵਿਆਖਿਆ ਕਰਦਿਆਂ ਇਉਂ ਲਿਖਦਾ ਹੈ:

*ਪ੍ਰਗਟ ਭਏ ਗੁਰ ਤੇਗ ਬਹਾਦਰ।*
*ਸਗਲ ਸ੍ਰਿਸਟਿ ਪੈ ਢਾਪੀ ਚਾਦਰ।*

352. ਅਧਿ./ਬੰਦ/ਪੰਨਾ ੨/੭੩/੨੨;੧੩/੧੨੩/੧੯੫.
353. *ਉਹੀ*, ੧੩/੩/੧੯੬.
354. ਚਰਣ/ਬੰਦ/ਪੰਨਾ ੧੦/੬੯੨-੯੫/੧੨੨;੧੦/੬੯੮/੧੨੨;੧੦/੭੦੬/੧੨੨;੧੦/੭੦੫-੧੨/੧੨੨-੨੩.
355. *ਭਾਗ 1*, ਗੁਰੂ/ਸਾਖੀ/ਪੰਨਾ ੧/੩੩/੨੬੭.
356. *ਉਹੀ*, ਭਾਗ II, ੪/੧੨੧/੩੦੪;੫/੧੨੮/੩੩੦.
357. ਸਾਖੀ/ਪੰਨਾ ੨੦/੪੪;੫੩/੯੫.



*ਕਰਮ ਧਰਮ ਕੀ ਜਿਨਿ ਪਤਿ ਰਾਖੀ।*
*ਅਟਲ ਕਰੀ ਕਲਜੁਗ ਮੇਂ ਸਾਖੀ ॥*[358]

*ਪੁਰਾਤਨ ਜਨਮਸਾਖੀ* ਦੇ ਬਿਰਤਾਂਤ ਅਨੁਸਾਰ ਜਦੋਂ ਬਾਬਾ ਨਾਨਕ ਜੀ ਦਾ ਤੇ ਪਰਮਾਤਮਾ ਦਾ ਵੇਈਂ ਕੰਢੇ ਦੈਵੀ-ਮਿਲਣ ਹੁੰਦਾ ਹੈ ਤਾਂ ਪਰਮਾਤਮਾ, ਗੁਰੂ ਸਾਹਿਬ ਨੂੰ 'ਨਾਮ, ਦਾਨ ਇਸਨਾਨ' ਦੀ 'ਕਿਰਤ' ਕਰਨ ਦਾ ਹੁਕਮ ਦਿੰਦਾ ਹੈ।[359] ਭਾਵ ਇਹੋ ਗੁਰੂ-ਮਿਸ਼ਨ ਹੈ ਕਿ ਸੰਸਾਰ ਵਿਚ **'ਨਾਮ ਤੇ ਸਚੀ ਕਿਰਤ'** ਦਾ ਆਦਰਸ਼ ਥਾਪਿਆ ਜਾਵੇ। ਇਹੋ ਆਦਰਸ਼ ਦੀ ਪੂਰਤੀ ਲਈ ਗੁਰੂ ਸੰਸਥਾ ਲਗਪਗ 250 ਸਾਲ ਆਪਣੀ ਇਤਿਹਾਸਕ ਕਰਣੀ ਵਿਚ ਵਿਹਾਰਕ ਰੂਪ ਨਾਲ ਨਿਭਦੀ ਹੈ ਤੇ ਗੁਰੂ ਪੰਥ ਦਾ ਨਿਸ਼ਾਨਾ ਜਾਂ ਉਦੇਸ਼ ਹੀ ਇਹੋ ਬਣ ਜਾਂਦਾ ਹੈ। ਸੇਵਾ, ਪਰਉਪਕਾਰ, ਗੁਰੂ-ਮਿਸ਼ਨ ਦੇ ਪ੍ਰਮੁਖ ਅੰਗ ਬਣਦੇ ਹਨ। ਖੁਦ ਗੁਰੂ ਸਾਹਿਬਾਨ ਜਿਵੇਂ ਕਿ ਅਗਲੇ ਪੰਨਿਆਂ 'ਤੇ ਵਿਸਤਾਰ ਸਹਿਤ ਵੇਖਿਆ ਜਾਵੇਗਾ, ਧੰਧਿਆ ਵਿਚ ਨਾਮ ਭਰਕੇ ਕੰਮ ਨੂੰ 'ਕਿਰਤ' ਦਾ ਰੂਪ ਦਿੰਦੇ ਹਨ, ਜਿਥੇ ਚਿਤ ਲਾ ਕੇ ਮਨ ਨਾਲ ਚਾਕਰੀ ਕਰਨ ਦਾ ਵਿਧਾਨ ਘੜਿਆ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਜਾਂ ਉਨ੍ਹਾਂ ਦੇ ਉਤਰਾਧਿਕਾਰੀ 9 ਗੁਰੂ ਸਾਹਿਬਾਨ ਨੇ ਇਸ ਆਦਰਸ਼ ਦੀ ਪੂਰਤੀ ਲਈ ਜਿਹੜੀ ਵਿਹਾਰਕ ਰੂਪ ਵਿਚ ਇਤਿਹਾਸਕ ਜਦੋ-ਜਹਿਦ ਕੀਤੀ, ਚਾਹੇ ਉਨ੍ਹਾਂ ਆਪਣੇ ਜੀਵਨ ਨੂੰ ਮਾਡਲ ਬਣਾਇਆ ਜਾਂ ਸੰਸਥਾਵਾਂ ਦਾ ਨਿਰਮਾਣ ਕਰਕੇ ਲਾਗੂ ਕੀਤਾ, ਉਸ ਸਭ ਦਾ ਵਿਸ਼ਲੇਸ਼ਣ ਅਸੀਂ ਅਗਲੇ ਪੰਨਿਆਂ ਉਤੇ ਕਰਨ ਜਾ ਰਹੇ ਹਾਂ।

358. *ਸ੍ਰੀ ਗੁਰ ਸੋਭਾ*, ਅਧਿ/ਬੰਦ/ਪੰਨਾ ੧/੧੪/੬੫.
359. ਸਾਖੀ/ਪੰਨਾ ੧੦/੪੦.

## ਅਧਿਆਇ ਤੀਜਾ
# ਸੁਕ੍ਰਿਤ : ਇਤਿਹਾਸਕ ਅਧਿਐਨ

**ਇ**ਸ ਅਧਿਆਇ ਵਿਚ ਅਸੀਂ ਪਿਛਲੇ ਪੰਨਿਆਂ ਉਤੇ ਵਿਸ਼ਲੇਸ਼ਿਤ ਕੀਤੇ ਸਿਧਾਂਤਕ ਪਖ ਦਾ ਵਿਹਾਰਕ ਰੂਪ, ਇਤਿਹਾਸਕ ਸੰਦਰਭ ਵਿਚ ਵੇਖਣ ਦਾ ਜਤਨ ਕਰ ਰਹੇ ਹਾਂ। ਇਸ ਸੰਬੰਧੀ ਇਤਿਹਾਸਕ ਪਹੁੰਚ-ਵਿਧੀ (historical approach) ਨੂੰ ਵਿਅਕਤੀਗਤ ਅਤੇ ਸੰਸਥਾਗਤ ਪਖਾਂ ਦੇ ਕੇਵਲ ਉਨ੍ਹਾਂ ਸਰੋਕਾਰਾਂ ਤਕ ਸੀਮਿਤ ਰਖਣ ਦੀ ਕੋਸ਼ਿਸ਼ ਹੋਵੇਗੀ, ਜਿਨ੍ਹਾਂ ਦਾ ਸਿਧਾ ਸੰਬੰਧ ਸਚੀ ਕਿਰਤ ਦੇ ਗੁਰਮਤਿ ਸਿਧਾਂਤ/ਵਿਹਾਰ ਨਾਲ ਹੈ। ਮੁਖ ਰੂਪ ਵਿਚ ਇਸ ਅਧਿਆਏ ਨੂੰ ਚਾਰ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਰਿਹਾ ਹੈ, ਜਿਸ ਵਿਚ ਸੰਨ-ਸੰਮਤਾਂ ਦੀ ਥੋੜੀ ਖੁਲ੍ਹ ਲੈ ਲਈ ਗਈ ਹੈ। ਇਹ ਭਾਗ ਹਨ :

*(1) ਗੁਰੂ-ਕਾਲ (1469-1708)*
*(2) ਬਾਬਾ ਬੰਦਾ ਸਿੰਘ ਬਹਾਦਰ/ਸਿੱਖ ਮਿਸਲ-ਕਾਲ (1708-1800)*
*(3) ਰਣਜੀਤ-ਕਾਲ (1799/1800-1849/50)*
*(4) ਸਿੱਖ ਲਹਿਰਾਂ-ਕਾਲ (1850-1947)*

### (1) ਗੁਰੂ-ਕਾਲ

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ, ਜਿਸ ਪਰਿਵਾਰ ਵਿਚ ਪੈਦਾ ਹੋਏ, ਉਹ ਮਧ-ਵਰਗੀ ਤੇ ਕੰਮ-ਕਾਰ ਕਰਨ ਵਾਲਾ ਪਰਿਵਾਰ ਸੀ। *ਬਚਿਤ੍ਰ ਨਾਟਕ*[1] ਦੀ ਸੂਚਨਾ ਅਨੁਸਾਰ ਗੁਰੂ ਸਾਹਿਬ ਦੇ ਵਡੇਰੇ ਦਾਦਾ ਸਿਉਰਾਮ[2] ਆਦਿ ਖੇਤੀਬਾੜੀ ਕਰਦੇ ਸਨ ਅਤੇ ਕਈ ਪਿੰਡਾਂ ਦੇ ਮਾਲਿਕ ਸਨ। ਗੁਰੂ ਸਾਹਿਬ ਦੇ ਪਿਤਾ, ਪੰਜਾਬ ਦੇ ਗਵਰਨਰ ਦੌਲਤ ਖਾਂ ਲੋਧੀ ਦੇ ਨੇੜਿਓ ਰਿਸ਼ਤੇਦਾਰ ਰਾਇ ਬੁਲਾਰ ਜੀ ਦੇ ਕਾਰਦਾਰ ਤੇ ਮੁਖਤਾਰ ਸਨ।[3] ਇਹ ਪਟਵਾਰੀ ਤਾਂ ਸਨ ਹੀ, ਨਾਲ ਹੀ ਅਨਾਜ ਦਾ ਵਪਾਰ ਵੀ ਕਰਦੇ ਸਨ[4]। ਧਿਆਨ ਰਹੇ ਕਿ ਸੁਲਤਾਨ ਕਾਲ ਵਿਚ 'ਮਲਿਕ' ਵਧੇਰੇ ਭੁਇੰ ਮਾਲਿਕ ਨੂੰ ਤੇ 'ਮਹਿਤਾ' ਥੋੜੀ ਜ਼ਮੀਨ ਦੇ ਮਾਲਿਕ ਨੂੰ ਕਿਹਾ ਜਾਂਦਾ ਸੀ[5], ਇਸੇ ਕਰਕੇ ਆਪ ਜੀ ਦੇ ਪਿਤਾ ਜੀ ਨੂੰ ਮਹਿਤਾ ਕਾਲੂ

1. ਬੀਸ ਗਾਵ ਤਿਨ ਕੇ ਰਹਿ ਗਏ।
ਜਿਨ ਮੋ ਕਰਤ ਕ੍ਰਿਸਾਨੀ ਭਏ॥ ਅਧਿ.੫, ਬੰਦ ੩.
2. *ਬਾਲਾ ਜਨਮਸਾਖੀ*, ਸਾਖੀ/ਪੰਨਾ ੧੮/੨੪੧.
3. ਪ੍ਰੋ. ਕਰਤਾਰ ਸਿੰਘ, *ਜੀਵਨ ਕਥਾ ਗੁਰੂ ਨਾਨਕ ਦੇਵ*, ਪੰਨਾ 36.
4. Mir Ghulam Hussain Khan, *Siyar-ul-Mutakherin,* (tr.), vol.1, p. 110.
5. ਵਿਆਖਿਆ ਲਈ : *A Glossary of the Tribes and Castes,* vol. III, p. 49.



ਹੀ ਸੱਦਿਆ ਜਾਂਦਾ ਹੈ।

ਬਚਪਨ ਦੀ ਉਮਰ ਵਿਚ, ਜਿਥੇ ਗੁਰੂ ਸਾਹਿਬ ਨੂੰ 'ਸਚਾ ਸੌਦਾ' (ਧਰਮ ਦਾ ਵਪਾਰ/ਸਚੀ ਕਿਰਤ) ਕਰਨ ਲਈ ਭੇਜਿਆ ਗਿਆ[6], ਉਥੇ ਆਪ ਮਝੀਆਂ ਦੇ ਪਾਲੀ ਵੀ ਰਹੇ।[7] ਸਮਕਾਲੀ ਸਮਾਜ ਵਿਚ ਪਸ਼ੂ ਚਾਰਨਾ ਇਕ ਮਹਤਾਪੂਰਨ ਕੰਮ ਸੀ ਅਤੇ ਇਹ ਵੀ ਸੰਭਵ ਹੈ ਕਿ ਗੁਰੂ ਜੀ ਦੇ ਵਡੇਰੇ ਖੇਤੀਬਾੜੀ ਨਾਲ ਪਸ਼ੂਆਂ ਦਾ ਵਪਾਰ ਕਰਦੇ ਹੋਣ।[8] *ਬਚਿਤ੍ਰ ਨਾਟਕ*[9] ਦਾ ਹਵਾਲਾ ਇਹ ਵੀ ਸਿਧ ਕਰਦਾ ਹੈ ਕਿ ਇਸ ਮਹਾਨ ਖਾਨਦਾਨ ਦੀ ਲੰਮੇਰੀ ਵਿਦਵਤਾ-ਪਰੰਪਰਾ ਰਹੀ। 'ਬੇਦੀ' ਵੇਦਿਕ-ਪਰੰਪਰਾ ਦੇ ਮਾਹਿਰ ਵਿਦਵਾਨਾਂ ਦੀ ਹੀ ਰੂੜ੍ਹੀ (motif) ਹੈ।[10]

ਸੁਲਤਾਨਪੁਰ ਜਾ ਕਿ ਮੋਦੀਖਾਨਾ ਸੰਭਾਲਣਾ ਜਾਂ ਜੀਵਨ ਦੇ ਆਖਰੀ ਸਮੇਂ ਕਰਤਾਰਪੁਰ ਰਹਿ ਕੇ ਖੇਤੀਬਾੜੀ ਕਰਨਾ, ਗੁਰੂ ਨਾਨਕ ਦੇਵ ਜੀ ਦੇ ਹਥੀ ਕਿਰਤ ਕਰਨ ਦੀਆਂ ਹੋਰ ਉਘੀਆਂ ਉਦਾਹਰਣਾਂ ਹਨ।[11] ਜਦੋਂ ਭਾਈ ਲਹਿਣਾ (ਗੁਰੂ ਅੰਗਦ) ਜੀ ਆਪ ਦੇ ਪਾਸ ਆਉਂਦੇ ਹਨ ਤਾਂ ਆਪ ਆਪਣੇ ਖੇਤਾਂ ਵਿਚੋਂ ਨਦੀਨ (ਘਾਹ) ਕਢ ਰਹੇ ਸਨ।[12]

ਗੁਰੂ ਨਾਨਕ ਦੇਵ ਜੀ ਆਪਣੇ ਲੰਮੇ ਪ੍ਰਚਾਰ ਦੌਰਿਆਂ (ਉਦਾਸੀਆਂ) ਦੌਰਾਨ, ਜਿਸ ਵੀ 'ਸਜਣ' ਨੂੰ ਮਿਲੇ ਉਸ ਨੂੰ ਧਰਮ ਦੀ ਸਚੀ ਕਿਰਤ ਕਰਨ ਦਾ ਉਪਦੇਸ਼ ਦਿਤਾ। ਕਈ 'ਠਗ', 'ਸਜਣ' ਬਣ ਕੇ ਨਾ ਕੇਵਲ ਹਥੀਂ ਕਿਰਤ ਕਰਨ ਲਗੇ, ਬਲਕਿ ਸਿੱਖੀ ਦੇ ਪ੍ਰਚਾਰਕ ਵੀ ਬਣੇ। *ਪੁਰਾਤਨ ਜਨਮਸਾਖੀ* ਅਨੁਸਾਰ 'ਸਜਣ ਠਗ' ਦਾ ਨਿਸਤਾਰਾ ਕਰਨ ਤੋਂ ਬਾਅਦ ਪਹਿਲੀ ਧਰਮਸਾਲਾ ਉਥੇ (ਤੁਲੰਭੇ) ਬਧੀ ਗਈ।[13] ਭਾਈ ਲਾਲੋ ਦੀ ਸਚੀ ਕਿਰਤ (ਦੁਧ) ਪ੍ਰਵਾਨ ਕਰਕੇ ਮਲਕ ਭਾਗੋ ਦੀ ਹਰਾਮ; ਲਹੂ ਭਿਜੀ ਕਿਰਤ/ਰੋਟੀ ਅਪ੍ਰਵਾਨ ਕੀਤੀ।[14] ਅਜਿਹੀਆਂ ਅਨੇਕਾਂ ਘਟਨਾਵਾਂ ਆਪ ਜੀ ਦੇ ਜੀਵਨ ਵਿਚੋਂ ਪੇਸ਼

6. *ਬਾਲਾ ਜਨਮਸਾਖੀ*, ਸਾਖੀ/ਪੰਨਾ ੪/੧੭੯.
7. *ਪੁਰਾਤਨ ਜਨਮਸਾਖੀ*, ਸਾਖੀ/ਪੰਨਾ ੪/੨੬.
8. ਖੇਤੀਬਾੜੀ ਤੇ ਪਸ਼ੂਆਂ ਦਾ ਵਪਾਰ ਪੁਰਾਣੇ ਸਮਿਆਂ ਦੇ ਪ੍ਰਮੁਖ ਕਿੱਤੇ ਸਨ;
See : A.R.Desai(ed.), *Peasant Struggle in India,* p. indro.
9. ਅਧਿ.੫, ਬੰਦ ੧-੩; "they were not only great rulers, but also profound scholars and exponents of the Vedas", Dr. Trilochan Singh, *Guru Nanak: Founder of Sikhism (A Biography)* , p. 1.
10. ਗੋਵਿੰਦ ਸਿੰਘ ਨਿਰਮਲ ਉਦਾਸੀ, *ਇਤਿਹਾਸ ਗੁਰੂ ਖਾਲਸਾ*, ਭਾਗ 1, ਪੰਨਾ 15.
11. ਸੋਢੀ ਹਰਿ ਜੀ ਰਚਿਤ ਜਨਮਸਾਖੀ ਗੁਰੂ ਜੀ ਦੇ ਕਰਤਾਰਪੁਰ ਨਿਵਾਸ ਤੇ ਉਕਤ ਕੰਮਾਂ ਨਾਲ ਹੀ ਸੰਬੰਧਿਤ ਵੇਰਵੇ ਦਰਸਾਉਂਦੀ ਹੈ।
"in oldage after several years spent in trevelling and preaching. He (Guru Sahib) settled down at Kartarpur as a farmer," Dr. Ganda Singh, Teja Singh, *A short History of the Sikhs,* p. 15.
12. *ਪੁਰਾਤਨ ਜਨਮਸਾਖੀ*, ਸਾਖੀ/ਪੰਨਾ ੫੩/੧੯੪-੯੬.
13. ਸਾਖੀ/ਪੰਨਾ ੧੩/੫੩.
14. *ਬਾਲਾ ਜਨਮਸਾਖੀ* , ਸਾਖੀ/ਪੰਨਾ ੧੫;੧੬/੨੩੫-੩੬.

ਕੀਤੀਆਂ ਜਾ ਸਕਦੀਆਂ ਹਨ।[15]

ਗੁਰੂ ਨਾਨਕ ਜੀ ਦੇ ਪਿਆਰੇ ਸਿੱਖ ਭਾਈ ਮਰਦਾਨਾ ਮਿਰਾਸੀ ਸਨ, ਭਾਈ ਲਾਲੋ ਤਰਖਾਣ ਤੇ ਭਾਈ ਧਿੰਙ, ਨਾਈ ਸਨ।[16] ਇਹ ਜਾਤਾਂ 'ਕੰਮੀ-ਕਮੀਣਾਂ'[17] ਦੀਆਂ ਸਨ, ਜਿਹੜੇ ਹਥੀਂ ਕਿਰਤ ਕਰਕੇ ਗੁਜ਼ਾਰਾ ਕਰਦੇ ਸਨ।

ਗੁਰੂ ਸਾਹਿਬ ਦੀ ਮਾਤਾ ਤ੍ਰਿਪਤਾ, ਭੈਣ ਨਾਨਕੀ ਅਤੇ ਸੁਪਤਨੀ (ਮਾਤਾ) ਸੁਲਖਣੀ, ਤਿੰਨੋ ਹੀ ਘਰਬਾਰੀ ਕੰਮਕਾਜ ਕਰਨ ਵਾਲੀਆਂ ਸਨ। ਮਾਤਾ ਤ੍ਰਿਪਤਾ ਸਾਰਾ ਕੰਮਕਾਜ ਹਥੀਂ ਕਰਦੀ ਅਤੇ ਆਏ ਗਏ ਅਤਿਥੀ ਦੀ ਸੇਵਾ ਸੰਭਾਲ ਵੀ। ਮਾਤਾ ਸੁਲਖਣੀ ਨੇ ਗੁਰੂ ਸਾਹਿਬ ਦੇ ਉਦਾਸੀਆਂ ਉਤੇ ਚਲੇ ਜਾਣ ਪਿਛੋਂ ਗ੍ਰਹਿਸਥ ਦਾ ਸਾਰਾ ਭਾਰ ਉਠਾਇਆ। ਭੈਣ ਨਾਨਕੀ, ਜਿਸ ਦੇ ਆਪਣੇ ਘਰ ਕੋਈ ਔਲਾਦ ਨਹੀਂ ਸੀ, ਦਾ ਗੁਰੂ ਨਾਨਕ-ਮਿਸ਼ਨ ਵਿਚ ਯੋਗਦਾਨ ਕਿਸੇ ਪਖੋਂ ਵੀ ਭੁਲਾਉਣਯੋਗ ਨਹੀਂ। ਭੈਣ ਨਾਨਕੀ ਨੇ ਲਗਪਗ ਤੇਰਾਂ ਵਰ੍ਹੇ ਆਪਣੇ ਵੀਰ ਦੀ ਸੁਲਤਾਨਪੁਰ ਵਿਖੇ ਸੇਵਾ-ਸੰਭਾਲ ਕੀਤੀ। ਇਤਿਹਾਸ ਤੋਂ ਪ੍ਰਾਪਤ ਸੰਕੇਤਾਂ ਮੁਤਾਬਿਕ ਗੁਰੂ ਸਾਹਿਬ ਕੋਲ, ਇਸ ਵਡੇ ਨਗਰ ਸੁਲਤਾਨਪੁਰ, ਜਿਹੜਾ ਸ਼ਾਹ-ਰਾਹ ਉਤੇ ਪੈਂਦਾ ਸੀ, ਵਿਚ ਅਨੇਕਾਂ ਗਿਆਨੀ, ਧਿਆਨੀ, ਪੀਰ, ਔਲੀਏ ਆਦਿ 'ਗੁਨੀਜਨ' ਆਉਂਦੇ ਰਹਿੰਦੇ ਸਨ।[18] ਇਨ੍ਹਾਂ ਦੇ ਰਹਿਣ-ਸਹਿਣ, ਖਾਣ-ਪੀਣ ਦੀ ਜ਼ਿੰਮੇਵਾਰੀ ਦਾ ਵਡਾ ਕੰਮ (ਕਿਰਤ) ਆਖਰ ਮਾਤਾ ਸੁਲਖਣੀ ਤੇ ਭੈਣ ਨਾਨਕੀ ਹੀ ਤਾਂ ਕਰਦੀਆਂ ਸਨ?[19]

ਦੂਸਰੇ ਪਾਤਸ਼ਾਹ ਤ੍ਰਿਹਣ (ਤ੍ਰੇਹਣ) ਖਤ੍ਰੀ ਸਨ ਤੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ 'ਭੱਲੇ' ਸਨ। ਤ੍ਰਿਹਣ ਤੇ ਭੱਲੇ, ਸ਼ਰੀਣ ਖਤ੍ਰੀਆਂ ਦੀ ਇਕ ਜਾਤੀ ਹੈ, ਜਿਹੜੀ ਖਾਨਦਾਨੀ-ਪਰੰਪਰਾ (ਨਸਲ-ਪਰੰਪਰਾ) ਪਖੋਂ ਕਿਰਤ ਕਰਕੇ ਖਾਣ ਵਾਲੀ ਜਾਤੀ ਹੈ।[20]

---

15. *ਪੁਰਾਤਨ ਜਨਮਸਾਖੀ*, ਸਾਖੀ/ਪੰਨਾ ੨੧/੬੮.
16. ਭਾਈ ਗੁਰਦਾਸ, *ਵਾਰ/ਪਉੜੀ* ੧੧/੧੩-੪.
ਭਲਾ ਰਬਾਬ ਵਜਾਇੰਦਾ ਮਜਲਸਿ ਮਰਦਾਨਾ ਮੀਰਾਸੀ। ੧੧/੧੩.
ਨਾਈ ਧਿੰਙੁ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ॥ ੧੧/੧੪.
17. "ਕੰਮੀ-ਕਮੀਣ' ਸਮਾਸ ਅਕਸਰ ਨੀਵੀਆਂ ਜਾਤਾਂ ਦੇ ਉਨ੍ਹਾਂ ਲੋਕਾਂ ਲਈ ਪ੍ਰਚਲਿਤ ਹੈ, ਜਿਹੜੇ ਭੁਇਂ ਵਾਲਿਆਂ ਦੇ ਕੰਮੀ ਬਣ ਕੇ ਆਪਣਾ ਨਿਰਬਾਹ ਤੋਰਦੇ ਹਨ।"
ਸ. ਸ. ਵਣਜਾਰਾ ਬੇਦੀ, *ਪੰਜਾਬੀ ਲੋਕਧਾਰਾ ਵਿਸ਼ਵਕੋਸ਼*, ਜਿ.4, ਪੰਨਾ 1033.
18. ਸੋਢੀ ਹਰਿ ਜੀ ਅਨੁਸਾਰ "ਗੁਰੂ ਬਾਬੇ ਪਾਸਿ {ਮਿਲਣ/ਗੋਸ਼ਟਿ ਲਈ} ਗਿਆਨੀ, ਧਿਆਨੀ, ਬੈਰਾਗੀ, ਉਦਾਸੀ, ਅਤੀਤ, ਭਗਵਾਨੁ, ਮੁਡੀਆ, ਬੈਸਨੋ, ਬ੍ਰਹਮਚਾਰੀ, ਜੋਗੀ, ਦਿਗੰਬਰੁ, ਸੰਨਿਆਸੀ, ਤਪਸੀ, ਦੂਧਾਚਾਰੀ, ਭਗਤੀਆ, ਰਬਾਬੀ, ਬਿਰਹੀ, ਭੇਖਧਾਰੀ, ਸਿਧੁ, ਸਾਧੂ, ਫਕੀਰੁ, ਕਾਮਲੁ, ਦਰਵੇਸੁ, ਸਾਬਰੁ, ਗਉਸ, ਅਉਲੀਆ, ਉਲਮਾਉ, ਖੋਜੀ, ਵਾਦੀ, ਪੀਰੁ, ਪੈਗੰਬਰੁ, ਹਿੰਦੂ, ਮੁਸਲਮਾਨੁ, ਗ੍ਰਹਿਸਥੀ, ਉਦਾਸੀ, ਰਾਜਾ, ਰੰਕੁ, ਜਤੀ, ਸਤੀ, ਹਠੀ, ਤਪੀ, ਖਤ੍ਰੀ, ਬ੍ਰਹਮਣ, ਸੂਦੁ, ਵੈਸੁ, ਚਾਰੇ ਵਰਨੁ, ਪੰਡਤ, ਕਵਿਤ, ਕਵੀਸੁਰ, ਗੁਨੀਜਨ, ਜਿ ਕੋਈ ਸਸੁ ਸਭੁ ਲਗਾ ਆਵਨ।" *ਭਾਗ II*, ਸਾਖੀ/ਪੰਨਾ ੧੭੮/੧੪੫.
19. ਕੇਸਰ ਸਿੰਘ ਮੁਲਤਾਨੀ, *ਜੀਵਨ ਚਰਿਤ੍ਰ ਬੀਬੀ ਨਾਨਕੀ*, ਪੰਨੇ 25-30.
20. *ਮਹਾਨ ਕੋਸ਼*, ਪੰਨੇ 600; 908.



ਗੁਰੂ ਅੰਗਦ/ਭਾਈ ਲਹਿਣਾ, ਪੁਰਾਤਨ ਮਿਲਦੇ ਵੇਰਵਿਆਂ ਦੇ ਆਧਾਰ 'ਤੇ, ਕਈ ਕਿਸਮ ਦਾ ਕੰਮਕਾਜ ਕਰਦੇ ਸਨ। ਪਿਤਾ-ਪੁਰਖੀ ਕਿੱਤਿਆਂ ਵਿਚੋਂ ਦੁਕਾਨਦਾਰੀ,[21] ਸ਼ਾਹੂਕਾਰੀ,[22] ਖੇਤੀਬਾੜੀ,[23] ਵਪਾਰ ਤੇ ਪਸ਼ੂ ਜਾਂ ਘੋੜਿਆਂ ਨੂੰ ਪਾਲਣ/ਸਾਂਭਣ[24] ਆਦਿ ਦੀ ਜਾਣਕਾਰੀ ਮਿਲਦੀ ਹੈ।

ਗੁਰੂ ਨਾਨਕ-ਸ਼ਰਣ ਤੋਂ ਪਹਿਲਾਂ ਆਪ ਪਿਤਾ-ਪੁਰਖੀ ਕਿੱਤਾ ਕਰਦੇ ਰਹੇ ਅਤੇ ਸ਼ਰਨ ਆ ਕੇ ਗੁਰੂ ਘਰ ਦੀ ਸੇਵਾ ਸੰਭਾਲ ਲਈ। ਲੰਗਰ, ਗੁਰੂ ਨਾਨਕ ਦੀ ਤੇ ਹੋਰ ਕਈ ਸੇਵਾਵਾਂ ਵਿਚ ਆਪ ਹੀ ਪਾਸ ਹੋਏ ਸਨ। ਗੁਰਿਆਈ ਦੀ ਵਡੀ ਸੇਵਾ/ਜ਼ਿੰਮੇਵਾਰੀ ਸੰਭਾਲਣ ਉਪਰੰਤ ਆਪ ਗੁਰੂ ਨਾਨਕ-ਹੁਕਮਾਂ ਅਨੁਸਾਰ ਖਡੂਰ ਸਾਹਿਬ ਆ ਗਏ। ਗੁਰਿਆਈ-ਕਾਲ (1539-52) ਵਿਚ ਇਨ੍ਹਾਂ ਦੁਆਰਾ ਕੀਤੇ 'ਕੰਮਾਂ' ਦੀ ਲੰਮੀ ਸੂਚੀ ਵਿਚੋਂ ਗੁਰਬਾਣੀ ਦੀ ਸੰਭਾਲ[25], ਇਤਿਹਾਸਕ ਲੇਖਣ[26], ਗੁਰਮੁਖੀ-ਲਿਪੀ[27] ਆਦਿ ਬਹੁਤ ਕੁਝ ਸ਼ਾਮਿਲ ਹੈ, ਜੋ ਸ਼ਪਸ਼ਟ ਕਰਦਾ ਹੈ ਕਿ ਗੁਰੂ ਸਾਹਿਬ ਵਿਅਕਤੀਗਤ ਤੇ ਸੰਸਥਾਗਤ ਰੂਪ ਵਿਚ ਇਕ ਮਹਾਨ, ਉਦਮੀ, ਸਚੇ ਕਿਰਤੀ ਅਤੇ ਅਣਥਕ ਪੁਰਸ਼ ਹਨ।

ਗੁਰੂ ਅੰਗਦ ਦੇਵ ਜੀ ਦੇ ਖਡੂਰ ਸਾਹਿਬ ਆਉਣ ਨਾਲ ਇਥੇ ਵੀ ਕਰਤਾਰਪੁਰ ਵਾਂਗ, ਜਿਵੇਂ *ਮਹਿਮਾ ਪ੍ਰਕਾਸ਼ ਵਾਰਤਕ*[28] ਨੇ ਇਸ਼ਾਰਾ ਕੀਤਾ ਹੈ, ਭੁਖੇ-ਪਿਆਸਿਆਂ ਦੀ ਟਹਿਲ ਹੋਣ ਲਗੀ। ਇਨ੍ਹਾਂ ਭੁਖੇ-ਪਿਆਸਿਆਂ ਦੀ ਸੇਵਾ ਵਿਚ 'ਲੰਗਰ' ਦੀ ਦੌਲਤ ਵੰਡਣ ਵਿਚ ਗੁਰੂ ਸਾਹਿਬ ਦੀ ਸੁਪਤਨੀ (ਮਾਤਾ) ਖੀਵੀ ਜੀ ਨੇ ਇਤਿਹਾਸਕ ਰੋਲ ਨਿਭਾਇਆ। ਆਪ (ਮਾਤਾ ਖੀਵੀ ਨੇ) ਬਾਬਾ ਬੁਢਾ ਜੀ, ਭਾਈ ਕਿਦਾਰਾ ਤੇ ਰਸੋਈਆ ਭਾਈ ਜੋਧ ਜੀ ਦੀ ਸਹਾਇਤਾ ਨਾਲ ਲੰਗਰ ਅਤੇ ਹੋਰ ਰਸਦ ਪਾਣੀ ਦਾ ਐਨਾ ਵਡਾ 'ਕੰਮ' ਸੰਭਾਲਿਆ ਕਿ ਕਿਸੇ ਕਿਸਮ ਦੀ ਤੋਟ ਨਾ ਰਹੀ।[29] ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ "ਗੁਰੂ ਅੰਗਦ ਦੇਵ ਜੀ ਸ਼ਬਦ ਦੀ ਚਰਚਾ ਕਰਦੇ ਅਤੇ ਮਾਤਾ ਖੀਵੀ ਲੰਗਰ ਦੀ ਸੰਭਾਲ।"[30] ਕਨ੍ਹਈਆ ਲਾਲ ਅਨੁਸਾਰ ਗੁਰੂ ਸਾਹਿਬ ਜਿੰਨੀ ਆਪਣੇ-ਆਪ ਹਥਾਂ ਨਾਲ ਮਿਹਨਤ ਕਰਦੇ, ਉਸ ਵਿਚ ਮਾਤਾ ਖੀਵੀ ਜੀ ਦਾ ਵਿਸ਼ੇਸ਼ ਹਥ ਹੁੰਦਾ।[31]

---

21. ਭਾਈ ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ*, ਚਰਣ/ਬੰਦ/ਪੰਨੇ ੨/੩੯; ੧੦੬/੧੬;੨੦.
22. *ਉਹੀ.*
23. *ਮਹਿਮਾ ਪ੍ਰਕਾਸ਼ (ਕਵਿਤਾ)*, ਭਾਗ 1, ਗੁਰੂ/ਸਾਖੀ/ਪੰਨਾ ੧/੫/੩੯੬.
24. *ਉਹੀ.*
25. *ਪੋਥੀ ਹਰਿ ਜੀ*, ਭਾਗ II, ਸਾਖੀ/ਪੰਨਾ ੨੦੮/੨੪੯; *ਮਹਿਮਾ ਪ੍ਰਕਾਸ਼ (ਵਾਰਤਕ)*, ਸਾਖੀ/ਪੰਨਾ ੨੨/੫੭.
26. ਸੰਤ ਰੇਣ ਕਵਿ ਪ੍ਰੇਮ ਸਿੰਘ, *ਸ੍ਰੀ ਗੁਰਪੁਰ ਪ੍ਰਕਾਸ਼*, ਭਾਗ 1, ਮੰਦਰ/ਬੰਦ/ਪੰਨਾ ੧੬/੪੫/੪੦੫.
27. *ਮਹਿਮਾ ਪ੍ਰਕਾਸ਼ (ਕ)*, ਗੁਰੂ/ਸਾਖੀ/ਪੰਨਾ ੧/੧੮-੯/੧੨੨.
28. ਸਾਖੀ/ਪੰਨਾ ੧੭-੮/੫੨-੩.
29. ਲੰਗਰੁ ਚਲੈ ਗੁਰਸਬਦਿ ਹਰਿ ਤੋਟਿ ਨ ਆਵੀ ਖਟੀਐ॥ *ਗੁਰੂ ਗ੍ਰੰਥ ਸਾਹਿਬ*, ੯੬੭.
30. *ਤਵਾਰੀਖ਼ ਗੁਰੂ ਖਾਲਸਾ*, ਜਿ.2, ਪੰਨੇ ੫੬੦-੬੧.
31. "ਉਨ੍ਹਾਂ ਦਾ ਲੰਗਰ ਸਵੇਰ ਸ਼ਾਮ ਜਾਰੀ ਰਹਿੰਦਾ ਸੀ... ਗੁਰੂ ਜੀ ਆਪ ਆਪਣੇ ਹਥਾਂ ਨਾਲ ਮਿਹਨਤ ਕਰਦੇ ਅਤੇ ਉਸਦੀ ਆਮਦਨੀ ਨਾਲ ਦੂਜੇ ਦਿਨ ਭੋਜਨ ਖਾਂਦੇ।" *ਤਾਰੀਖ-ਇ-ਪੰਜਾਬ*, ਪੰਨਾ 13.

ਉਕਤ ਜ਼ਿੰਮੇਵਾਰੀ ਤੋਂ ਬਿਨ੍ਹਾਂ ਗ੍ਰਹਿਸਥ ਦਾ ਭਾਰ ਵੀ ਮਾਤਾ ਜੀ ਨੇ ਹੀ ਉਠਾਇਆ ਹੋਇਆ ਸੀ। ਧਿਆਨ ਰਹੇ, ਮਾਤਾ ਖੀਵੀ ਜੀ ਨੇ ਬੀਬੀ ਅਮਰੋ ਜਿਹੀ ਇਕ ਅਜਿਹੀ 'ਕਿਰਤੀ' ਬੱਚੀ ਨੂੰ ਜਨਮ ਦਿਤਾ ਸੀ, ਜਿਹੜੀ ਸਵੇਰੇ ਉਠ ਕੇ 'ਦੁਧ ਵੀ ਰਿੜਕਦੀ' ਤੇ ਪਾਠ ਵੀ ਕਰਦੀ ਹੁੰਦੀ ਸੀ, ਜਿਸ ਤੋਂ ਪਾਠ ਸੁਣ ਕੇ 'ਸਹੁਰੇ ਦੀ ਥਾਂ' (ਗੁਰੂ) ਅਮਰਦਾਸ ਜੀ ਗੁਰੂ ਚਰਨਾਂ ਵਿਚ ਪਹੁੰਚੇ ਸਨ।[32]

ਗੁਰੂ ਅੰਗਦ ਦੇਵ ਜੀ ਸਮੇਂ ਪੰਥ ਵਿਚ ਸ਼ਾਮਿਲ ਹੋਣ ਵਾਲੇ ਗੁਰਸਿਖ ਵਡੇਰੀ ਗਿਣਤੀ ਵਿਚ ਕਿਰਤੀ ਕਾਮੇ ਹੀ ਸਨ। ਗੁਰੂ ਜੀ ਦਾ ਇਕ ਸਿੱਖ ਭਾਈ ਮਲੂ, ਮੁਗਲ ਫੌਜ ਵਿਚ ਨੌਕਰ ਸੀ। ਉਹ ਆਪ ਭਾਵੇਂ ਇਸ ਨੌਕਰੀ ਨੂੰ ਪਸੰਦ ਨਹੀਂ ਸੀ ਕਰਦਾ, ਪਰ ਗੁਰੂ ਸਾਹਿਬ ਨੇ ਇਸਨੂੰ ਇਮਾਨਦਾਰੀ ਨਾਲ ਨੌਕਰੀ ਕਰਨ ਅਤੇ ਗਰੀਬਾਂ, ਮਜਲੂਮਾਂ ਦੇ ਹੱਕ ਵਿਚ ਲੜਨ; ਖੜਨ ਦਾ ਉਪਦੇਸ਼ ਕੀਤਾ।[33] ਭਾਈ ਕਿਦਾਰੀ, ਭਾਈ ਜੋਧ, ਜਾਤ ਦਾ ਲੂੰਬਾ ਖਤਰੀ, ਗੁਰੂ ਦਰਬਾਰ ਦਾ ਲਾਂਗਰੀ ਸੀ।[34] ਇਸੇ ਤਰ੍ਹਾਂ ਭਾਈ ਪਾਰੋ, ਦੀਪਾ, ਨਰਾਇਣਾ, ਬੂਲਾ, ਲਾਲੂ, ਦੁਰਗਾ, ਜੀਵੰਦਾ, ਜਗਾ, ਮਾਹੀਆ, ਗੋਬਿੰਦਾ, ਜੋਧ, ਜੀਵਾ, ਗੁਜਰ ਆਦਿ ਸਾਰੇ ਧਰਮ ਦੀ ਕਿਰਤ ਕਰਕੇ ਜੀਵਨ ਬਸਰ ਕਰਨ ਵਾਲੇ ਸਿੱਖ ਸਨ।[35]

ਗੁਰੂ ਅਮਰਦਾਸ ਜੀ ਹਰ ਰੋਜ਼ ਲੂਣ-ਤੇਲ ਤੇ ਹੋਰ ਘਰੇਲੂ ਲੋੜੀਦੀਆਂ ਵਸਤਾਂ ਘੋੜੀ 'ਤੇ ਲਦ ਕੇ ਆਸ-ਪਾਸ ਪਿੰਡਾਂ ਵਿਚ ਵੇਚਣ ਜਾਂਦੇ ਸਨ। ਗੁਰੂ ਚਰਨਾਂ ਵਿਚ ਆਉਣ ਤੋਂ ਪਹਿਲਾਂ, ਪ੍ਰਾਪਤ ਸੂਚਨਾ ਅਨੁਸਾਰ,[36] ਉਨ੍ਹਾਂ ਘਟੋ-ਘਟ ਵੀਹ ਵਾਰ ਗੰਗਾ ਦੀ ਜਾਤਰਾ ਕੀਤੀ ਤੇ ਹਰ ਜਾਤਰਾ ਉਤੇ ਉਹ ਪੁੰਨ ਦਾਨ ਕਰਦੇ ਅਤੇ ਘਰ ਖੇਤੀਬਾੜੀ ਤੇ ਉਕਤ ਵਰਣਿਤ ਵਣਜ ਤੋਂ ਇਲਾਵਾ ਪਿਤਾ ਤੇ ਛੋਟੇ ਭਰਾਵਾਂ ਦੇ ਕੰਮ ਵਿਚ ਹਥ ਵਟਾਉਂਦੇ ਸਨ।[37] ਇਕ ਪੁਰਾਤਨ ਸਰੋਤ ਦੇ ਹਵਾਲੇ ਮੁਤਾਬਕ,[38] ਗੁਰੂ ਸਾਹਿਬ ਦਰਿਆਈ-ਰੇਸ਼ਮ ਦਾ ਵਪਾਰ ਜਲੰਧਰ ਤੇ ਮਾਝੇ (ਲਾਹੌਰ-ਅੰਮ੍ਰਿਤਸਰ) ਦੇ ਇਲਾਕੇ ਵਿਚ ਕਰਦੇ ਸਨ।

---

32. ਗਿ. ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ*, ਜਿ.2, ਪੰਨਾ 336.

33. *ਸਿਖਾਂ ਦੀ ਭਗਤਮਾਲਾ*, ਸਾਖੀ/ਪੰਨਾ ੧੯/੫੯.

34. ਜੋਧੁ ਰਸੋਈਆ ਦੇਵਤਾ ਗੁਰਸੇਵਾ ਕਰਿ ਦੁਤਰੁ ਤਾਰੀ॥ ਭਾਈ ਗੁਰਦਾਸ, *ਵਾਰ/ਪਉੜੀ*

35. ਵੇਖੋ: ਗੁਰਮੇਲ ਸਿੰਘ, *ਗੁਰੂ ਅੰਗਦ ਦੇਵ: ਸ੍ਰੋਤ ਪੁਸਤਕ*, ਪੰਨੇ 463-65.

36. ਭਾਈ ਸੰਤੋਖ ਸਿੰਘ, *ਸੂਰਜ ਪ੍ਰਕਾਸ਼*, (ਸੰਪਾ.) ਕਿਰਪਾਲ ਸਿੰਘ, ਭਾਗ 5, ਅਧਿ.14, ਬੰਦ 12, ਪੰਨਾ 227.

37. ਖੇਤੀ ਕ੍ਰਿਤਿ ਕੋ ਸੁਤ ਕਰਹਿਂ ਤੇਜੋ ਸੁਖ ਪਾਵੈ...।
ਕਰਤਿ ਬਨਜ ਫੇਰੋ ਫਿਰਹਿ ਧਰਮ ਸਜਿਤ ਕ੍ਰਿਤਿ ਠਾਨਿ।
ਹੁਇ ਅਦੋਸ਼ ਜਿਮਿ ਜੀਵਕਾ ਨਿਰਬਾਹਤਿ ਗੁਜਰਾਨ॥
*ਉਹੀ*, ਪੰਨਾ 224.

38. ਕਰੈ ਬਿਵਹਾਰੁ ਰੇਸਮ ਦਰਿਆਈ...
ਲੈ ਜਲੰਧ੍ਰ ਤੇ ਮਾਝੇ ਵੇਚਾਈ॥
ਬਾਬਾ ਬਿਸਨ ਦਾਸ, *ਮਹਿਮਾ ਪ੍ਰਕਾਸ ਸ੍ਰੀ ਗੁਰੂ ਅਮਰਦੇਵ*, ਬੰਦ , ਸਾਖੀ .



ਗੁਰੂ ਚਰਨਾਂ ਵਿਚ ਪਹੁੰਚਣ ਉਪਰੰਤ, ਵਡੇਰੀ ਉਮਰ ਹੁੰਦਿਆਂ ਵੀ[39] ਆਪ ਜੀ ਨੇ ਪ੍ਰਭੂ ਭਗਤੀ ਦੇ ਨਾਲ ਲੰਗਰ, ਭਾਂਡੇ, ਪਖਾ ਅਤੇ ਬਿਆਸ ਦਰਿਆ ਤੋਂ ਨਿਤ ਪਾਣੀ ਨੂੰ ਢੋਣਾ ਆਦਿ ਜਾਰੀ ਰਖਿਆ, ਜਿਸ ਦੀਆਂ ਤਾਂ ਪ੍ਰਸਿਧ ਸਾਖੀਆਂ ਹਨ।[40]

ਗੁਰਿਆਈ ਸੰਭਾਲਣ ਉਪਰੰਤ ਆਪ ਵਲੋਂ 'ਮੰਜੀ ਸੰਸਥਾ' ਦੀ ਸਥਾਪਨਾ ਕੀਤੀ ਗਈ। ਗੁਰੂ ਸਾਹਿਬ ਵਲੋਂ ਥਾਪੇ ਗਏ 'ਮੰਜੀਦਾਰ' ਆਮ ਸਾਧਾਰਨ ਲੋਕਾਂ ਵਿਚੋਂ ਧਰਮ ਦੀ ਕਿਰਤ ਕਰਕੇ ਖਾਣ ਵਾਲੇ ਸਿੱਖ ਸਨ।[41] ਗੁਰੂ ਸਾਹਿਬ ਦੇ ਹੋਰ ਸਿੱਖਾਂ ਦੇ ਵੇਰਵੇ, ਜਿਹੜੇ *ਮਹਿਮਾ ਪ੍ਰਕਾਸ ਕਵਿਤਾ*[42] ਤੇ *ਵਾਰਤਕ*[43] ਨੇ ਦਿਤੇ ਹਨ, ਤੋਂ ਸਪਸ਼ਟ ਹੁੰਦਾ ਹੈ ਕਿ ਜਿਵੇਂ-ਜਿਵੇਂ ਸਿੱਖ ਪੰਥ ਦਾ ਵਿਕਾਸ ਹੁੰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਨਿਮਨ ਵਰਗ ਦੇ ਕੰਮ ਕਾਜੀ ਲੋਕ ਪੰਥ ਵਿਚ ਆ ਰਹੇ ਸਨ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਮਾਂ-ਬਾਪ ਛੋਟੀ ਉਮਰ ਵਿਚ ਹੀ ਅਕਾਲ-ਚਲਾਣਾ ਕਰ ਗਏ ਸਨ, ਇਸ ਕਰਕੇ ਚੂਨਾ ਮੰਡੀ ਲਾਹੌਰ ਤੋਂ ਆਪ ਦੀ ਨਾਨੀ ਆਪ ਨੂੰ ਬਾਸਰਕੇ (ਨਾਨਕੇ) ਲੈ ਆਈ, ਜਿਥੇ ਲਗਪਗ ਦਸ ਵਰ੍ਹੇ ਉਹ ਘੁੰਗਣੀਆਂ ਵੇਚਣ ਦੀ ਕਿਰਤ ਕਮਾਈ ਕਰਦੇ ਰਹੇ।[44] ਗੁਰੂ ਚਰਨਾਂ ਵਿਚ ਪਹੁੰਚਣ ਉਪਰੰਤ, ਗੋਇੰਦਵਾਲ ਦੀ ਹੋ ਰਹੀ ਉਸਾਰੀ ਵਿਚ ਆਪ ਵਲੋਂ ਪਾਇਆ ਯੋਗਦਾਨ ਤੇ ਕੀਤੀ ਸੇਵਾ ਨੇ ਆਪ ਨੂੰ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹਾਇਆ।[45] ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਸੰਭਾਲਣ ਉਪਰੰਤ, ਭਾਈ ਗੁਰਦਾਸ ਜੀ ਦੇ ਕੀਤੇ ਇਸ਼ਾਰੇ ਮੁਤਾਬਿਕ,[46] ਅੰਮ੍ਰਿਤਸਰ (ਚਕ ਰਾਮਦਾਸ) ਸਰੋਵਰ ਦੀ ਸੇਵਾ/ਕਿਰਤ ਵਿਚ ਹਥੀਂ ਯੋਗਦਾਨ ਪਾਇਆ।

ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁਤਰ ਸਨ। ਗੁਰੂ ਅਰਜਨ ਦੇਵ ਜੀ ਦਾ ਬਚਪਨ (ਨਾਨਾ) ਗੁਰੂ ਅਮਰਦਾਸ ਜੀ ਦੀ ਦੇਖ-ਰੇਖ ਵਿਚ ਹੇਠ ਗੋਇੰਦਵਾਲ ਵਿਖੇ ਗੁਜ਼ਰਿਆ ਸੀ। ਗੋਇੰਦਵਾਲ ਉਸ ਸਮੇਂ ਸਿੱਖੀ ਦਾ ਸਾਰੇ ਪਖਾਂ ਤੋਂ ਕੇਂਦਰ ਸੀ[47] ਤੇ ਇਥੇ ਹੋਣ ਵਾਲੀ ਹਰ ਪ੍ਰਕਾਰੀ ਕਿਰਿਆ ਵਿਚ (ਗੁਰੂ) ਅਰਜਨ ਦੇਵ ਜੀ ਹਿਸਾ ਬਣਦੇ ਸਨ। ਲਾਹੌਰ ਵਿਚ ਕਰੀਬਨ ਚਾਰ ਮਹੀਨੇ ਇਨ੍ਹਾਂ ਕਾਲ ਦੇ ਸਮੇਂ ਲੋਕਾਂ ਦੀ ਸੇਵਾ ਕਰਕੇ ਗੁਜ਼ਾਰੇ ਸਨ।

---

39. ਭਟ ਜਾਲਪ ਜੀ ਨੇ ਗੁਹਜ ਭਰੇ ਢੰਗ ਨਾਲ ਇਸ ਸਮੇਂ ਦੀ ਉਮਰ ਵਲ ਇਸ਼ਾਰਾ ਕੀਤਾ ਹੈ :
ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥ ...
ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥ *ਗੁਰੂ ਗ੍ਰੰਥ ਸਾਹਿਬ*, ੧੩੯੪.

40. ਵਿਸਤਾਰ ਲਈ : ਡਾ. ਬਲਵੀਰ ਸਿੰਘ ਦਿਲ, *ਤੀਜੀ ਪਾਤਿਸ਼ਾਹੀ: ਸ੍ਰੀ ਗੁਰੂ ਅਮਰਦਾਸ ਜੀ*, ਪੰਨੇ 93-135.

41. 'ਮੰਜੀ ਸੰਸਥਾ' ਬਾਰੇ ਵਿਸਤ੍ਰਿਤ ਵੇਰਵਾ 'ਸੰਸਥਾਵਾਂ' ਵਾਲੇ ਅਧਿਆਇ ਵਿਚ ਆਵੇਗਾ।

42. ਭਾਗ II, ਪੰਨੇ 147-277.

43. ਸਾਖੀ/ਪੰਨਾ ੩੨-੫੯/੭੨-੧੦੫.

44. *History of the Sikhs & Their Religion,* (ed.) Kirpal Singh, Kharak Singh, vol.1, p. 132.

45. *ibid,* 133.

46. ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ॥ *ਵਾਰ/ਪਉੜੀ* ੧/੪੭.

47. *The Encyclopaedia of Sikhism,* vol.2, p. 28.

ਜਿਵੇਂ-ਜਿਵੇਂ ਗੁਰਸਿਖੀ ਦਾ ਪ੍ਰਚਾਰ-ਪਸਾਰ ਵਧਦਾ ਗਿਆ, ਤਿਵੇਂ-ਤਿਵੇਂ, ਗੁਰੂ-ਘਰ (ਪੰਥ) ਵਿਚ ਵਡੀ ਗਿਣਤੀ ਵਿਚ, ਪਹਿਲਾਂ ਕੀਤੇ ਸੰਕੇਤ ਮੁਤਾਬਿਕ, ਨਿਮਨ ਵਰਗ ਦੇ ਲੋਕ ਸ਼ਾਮਿਲ ਹੁੰਦੇ ਗਏ। ਨਿਮਨ ਵਰਗ ਦੇ ਲੋਕ ਕੰਮ-ਕਾਰ ਕਰਕੇ ਖਾਣ ਵਾਲੀਆਂ ਜਾਤਾਂ/ਕੌਮਾਂ ਵਿਚੋਂ ਸਨ। ਗੁਰਮਤਿ, ਕਿਉਂਕਿ ਮਨੁਖੀ ਬਰਾਬਰੀ ਦੇ ਸਾਂਝੇ ਭਾਈਚਾਰੇ[48] ਦੇ ਸਿਧਾਂਤ ਨਾਲ-ਨਾਲ ਕਿਰਤ ਦਾ ਸਤਿਕਾਰ ਵੀ ਕਰਦੀ ਸੀ, ਇਸ ਲਈ ਜਾਤੀ ਅਤੇ ਲੁਟੇਰੇ ਪ੍ਰਬੰਧ ਤੋਂ ਛੁਟਕਾਰੇ (ਮੁਕਤੀ) ਦਾ ਦੁਆਰ ਕੇਵਲ ਗੁਰੂ-ਪੰਥ ਹੀ ਸੀ। ਇਕ ਸਮਕਾਲੀ ਫ਼ਾਰਸੀਦਾਨ ਦੇ ਸ਼ਬਦਾਂ ਵਿਚ "ਜਿਸ ਕਿਸੇ ਦੀ ਕਿਸਮਤ ਮੰਦੀ ਹੋਵੇ, ਉਹ ਗੁਰੂ ਕੋਲ ਸ਼ਰਨ ਲੈ ਲੈਂਦਾ ਹੈ।"[49] ਭਾਈ ਗੁਰਦਾਸ ਜੀ ਅਨੁਸਾਰ ਚਾਰ ਵਰਨਾਂ ਨੂੰ 'ਗੁਰਮੁਖਿ ਪੰਥ', ਇਕ 'ਸਤਿਸੰਗ ਵਰਨ' ਵਿਚ ਕਰ ਦਿੰਦਾ ਸੀ।[50]

ਪੰਚਮ ਪਾਤਸ਼ਾਹ ਵੇਲੇ ਸਮਕਾਲੀ ਹਕੂਮਤ ਤੇ ਸਥਾਪਤੀ ਦੇ ਹਕ ਵਿਚ ਭੁਗਤਣ ਵਾਲੀਆਂ ਧਿਰਾਂ ਨਾਲ ਪੈਦਾ ਹੋਇਆ ਵਿਰੋਧ, ਗੁਰੂ ਹਰਿਗੋਬਿੰਦ ਸਾਹਿਬ ਵੇਲੇ ਆਖਰ ਜੰਗੀ ਟਕਰਾਅ ਵਿਚ ਬਦਲ ਗਿਆ।[51] ਇਸ ਸਮੇਂ ਗੁਰੂ ਸਾਹਿਬ ਦੀ ਫੌਜ ਵਿਚ ਸ਼ਾਮਿਲ ਹੋਣ ਵਾਲੇ ਵਡੀ ਗਿਣਤੀ ਵਿਚ ਸਿੱਖ-ਸੈਨਿਕ ਵਿਚੋਂ, ਪ੍ਰਾਪਤ ਇਕ ਵਿਸਤ੍ਰਿਤ ਸਰਵੇਖਣ ਮੁਤਾਬਿਕ,[52] ਵਧੇਰੇ ਕਿਰਸਾਨ ਸਨ ਤੇ ਕਾਫੀ ਹੋਰ ਕਾਰੋਬਾਰ ਕਰਦੇ ਸਨ। ਸਮਕਾਲੀ ਫ਼ਾਰਸੀਦਾਨ ਦੇ ਹਵਾਲੇ ਅਨੁਸਾਰ :

"ਗੁਰੂ {ਅਰਜਨ ਦੇਵ ਜੀ} ਦੇ ਬਹੁਤ ਸਾਰੇ ਸਿਖ ਖੇਤੀਬਾੜੀ, ਕੁਝ ਵਪਾਰ ਅਤੇ ਕੁਝ ਨੌਕਰੀਆਂ ਵੀ ਕਰਦੇ ਹਨ।...ਗੁਰੂ {ਹਰਿਗੋਬਿੰਦ ਜੀ} ਦੇ ਤਬੇਲੇ ਵਿਚ ਸਤ ਸੌ ਘੋੜੇ ਹਨ... ਉਹਦੇ ਸਿਖਾਂ ਵਿਚੋਂ ਬਹੁਤ ਸਾਰੇ ਵਪਾਰ, ਨੌਕਰੀਆਂ ਅਤੇ ਕਾਰੋਬਾਰ ਕਰਦੇ ਹਨ।"[53]

ਛੇਵੇਂ ਤੇ ਸਤਵੇਂ ਪਾਤਸ਼ਾਹ ਤਕ ਸਿੱਖ ਪੰਥ ਦਾ ਵਿਕਾਸ ਦੂਰ-ਦੁਰਾਡੇ ਇਲਾਕਿਆਂ ਤਕ ਹੋ ਚੁਕਿਆ ਸੀ। ਉਦਾਹਰਣ ਲਈ ਭਾਈ ਅਨੰਤਾ, ਆਪਣੇ ਪਿਤਾ ਭਾਈ ਕੁਕੋ ਨਾਲ, ਕਾਬਲ ਦੀ ਸੰਗਤ ਨਾਲ ਮੁਖੀ ਵਜੋਂ ਕਰਤਾਰਪੁਰ ਆਇਆ ਸੀ। *ਸਿਖਾਂ ਦੀ ਭਗਤਮਾਲਾ* ਅਨੁਸਾਰ ਗੁਰੂ ਸਾਹਿਬ ਨੇ ਉਸਨੂੰ ਸੁਚੀ ਅਤੇ ਈਮਾਨਦਾਰੀ ਦੀ ਕਿਰਤ ਕਰਨ ਦਾ ਉਪਦੇਸ਼ ਦਿਤਾ।[54] ਇਸ ਤਰ੍ਹਾਂ ਭਾਈ ਸੁਭਾਗਾ, ਪਿਸ਼ਾਵਰ ਦਾ ਰਹਿਣ ਵਾਲਾ ਸੀ ਅਤੇ ਘੋੜਿਆਂ ਦਾ

48. ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ *ਗੁਰੂ ਗ੍ਰੰਥ ਸਾਹਿਬ*, ੯੭.
49. *ਦਾਬਿਸਤਾਨ-ਇ-ਮਜ਼ਾਹਿਬ*, (eng.tr.) Dr. Ganda Singh, p. 49.
50. ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ। ...
ਗੁਰਮੁਖਿ ਪੰਥੁ ਨਿਪੰਗੁ ਬਾਰਹ ਘੇਲਿਆ॥ *ਵਾਰ/ਪਉੜੀ* ੩/੧੬.
51. ਹਕੂਮਤ ਨਾਲ ਗੁਰੂ ਸਾਹਿਬ ਦੇ ਚਾਰ ਜੰਗ ਹੋਏ:
(1) ਸਤੰਬਰ, 1621; (2) ਅਪਰੈਲ, 1634; (3) ਦਸੰਬਰ, 1634; (4) ਅਪਰੈਲ, 1635.
52. ਬਲਵੰਤ ਸਿੰਘ ਢਿਲੋਂ, *ਪ੍ਰਮੁਖ ਸਿਖ ਤੇ ਸਿਖ ਪੰਥ*, ਪੰਨਾ 141 (ਅੰਤਿਕਾਵਾਂ).
53. *ਦਾਬਿਸਤਾਨ-ਇ-ਮਜ਼ਾਹਿਬ*, (eng.tr) Dr. Ganda Singh, pp. 47-9.
54. ਸਾਖੀ/ਪੰਨਾ ੧੦੦/੧੪੭.



ਸੌਦਾਗਰ ਸੀ।[55]

ਸਤਵੇਂ ਪਾਤਸ਼ਾਹ ਦੇ ਸ਼ਰਧਾਲੂ ਸਿੱਖ ਭਾਈ ਫੇਰੂ, ਭਾਈ ਭਗਤੂ, ਗੋਰੀਆ ਆਦਿ ਕਥਿਤ ਨੀਵੀਆਂ ਕੰਮ-ਕਾਜੀ ਜਾਤਾਂ ਵਿਚੋਂ ਸਨ। ਮਾਲਵਾ ਦੇਸ਼ ਦੇ ਰਟਨ ਸਮੇਂ ਕਾਲਾ ਤੇ ਕਰਮ ਚੰਦ ਨਾਂ ਦੇ ਸਿੱਖਾਂ ਉਤੇ ਬਖਸ਼ਿਸ਼ ਕਰਨ ਦਾ ਵਿਸ਼ੇਸ਼ ਕਾਰਨ ਇਹੀ ਸੀ ਕਿ ਉਹ ਧਰਮ ਦੀ ਕਿਰਤ ਕਰਕੇ ਖਾਂਦੇ ਸਨ।[56] ਗੁਰੂ ਸਾਹਿਬ ਦੁਆਰਾ ਸਥਾਪਿਤ ਕੀਤੇ ਧੂੰਏ ਤੇ ਬਖਸ਼ਿਸ਼ਾਂ[57] ਵੀ ਧਰਮ ਦੀ ਕਿਰਤ ਕਰਨ ਵਾਲੇ ਗੁਰਮੁਖਾਂ ਨੂੰ ਹੀ ਸੌਂਪੀਆਂ ਗਈਆਂ। ਗੁਰੂ ਸਾਹਿਬ ਖੁਦ ਵੀ ਗਰੀਬ-ਗੁਰਬਿਆਂ ਤੇ ਕੋਹੜੀਆਂ ਆਦਿਕ ਦੀ ਹਥੀਂ ਦਵਾ-ਦਾਰੂ ਕਰਦੇ ਸਨ। ਇਤਿਹਾਸ ਦੀ ਪ੍ਰਸਿਧ ਘਟਨਾ ਹੈ ਕਿ ਜਦੋਂ ਮੁਗਲ ਬਾਦਸ਼ਾਹ ਸ਼ਾਹਜਹਾਂ ਦਾ ਵਡਾ ਪੁਤਰ ਦਾਰਾ ਸ਼ਿਕੋਹ, ਕਿਸੇ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਿਆ ਸੀ ਤਾਂ ਉਸ ਲਈ ਦਵਾਈ (ਹਰੜ, ਰਾਜਮੋਤੀ ਤੇ ਲੌਂਗ ਇਕ ਖਾਸ ਕਿਸਮ)[58] ਦਾ ਪ੍ਰਬੰਧ ਗੁਰੂ ਸਾਹਿਬ ਦੇ ਦਵਾਖਾਨੇ ਵਿਚੋਂ ਹੀ ਪ੍ਰਾਪਤ ਹੋਇਆ ਤੇ ਦਾਰਾ ਸ਼ਿਕੋਹ ਇਸੇ ਵਜ੍ਹਾ ਕਰਕੇ ਗੁਰੂ ਘਰ ਦਾ ਸ਼ਰਧਾਲੂ ਰਿਹਾ।[59]

ਅਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਤਿੰਨ ਕੁ ਸਾਲ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ 'ਤੇ ਰਹੇ। ਇਹ ਸੰਗਤ ਦੇ ਸਵੈ-ਨਿਰਭਰ ਹੋਣ ਦਾ ਪੜਾਉ ਹੈ। ਅੰਬਾਲੇ ਨੇੜੇ ਪੰਜੋਖਰੇ ਦੇ ਸਥਾਨ 'ਤੇ ਭਾਈ ਛਿਜੂ, ਜਿਹੜਾ ਜਾਤੀ ਦਾ ਝਿਊਰ ਸੀ ਅਤੇ ਜਿਸਨੂੰ ਸਿਮ੍ਰਤੀ ਦੀ ਵਰਣਾਸ਼ਰਮ ਪਰੰਪਰਾ ਨੇ ਸ਼ੂਦਰ ਹੋਣ ਕਰਕੇ ਗੂੰਗਾ, ਬੋਲਾ ਘੋਸ਼ਿਤ ਕਰ ਦਿਤਾ ਹੋਇਆ ਸੀ, ਤੋਂ ਗੀਤਾ ਦੇ ਅਰਥ, ਪੰਡਿਤ ਲਾਲ ਚੰਦ ਦੇ ਕਹਿਣ 'ਤੇ ਕਰਵਾਏ।[60] ਇਹ ਗਰੀਬ ਤੇ ਕਿਰਤ ਕਰਕੇ ਖਾਣ ਵਾਲਾ ਸਿੱਖ ਸੀ, ਜਿਸ ਰਾਹੀਂ ਗੁਰੂ ਸਾਹਿਬ ਨੇ ਸਿਮ੍ਰਤੀ ਵਿਧਾਨ ਦੀ ਮੰਗ ਖਾਣੀ ਜਮਾਤ ਉਤੇ ਸੱਟ ਮਾਰੀ।

ਨੌਵੇਂ ਪਾਤਸ਼ਾਹ, ਜਿਥੇ ਬਚਪਨ ਵਿਚ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਲ-ਨਾਲ ਕੰਮਾਂ-ਕਾਰਾਂ ਵਿਚ ਰਹੇ, ਉਥੇ ਵਡੇ ਹੋ ਕਿ ਵਧੇਰੇ ਸਮਾਂ ਪ੍ਰਚਾਰ 'ਤੇ ਰਹੇ। *ਰਿਸਾਲਾ ਦਰ ਅਹਿਵਾਲਿ* ਦਾ ਕਰਤਾ[61] ਲਿਖਦਾ ਹੈ ਕਿ ਲੋਕ ਉਸਨੂੰ 'ਸੱਚਾ ਪਾਤਸ਼ਾਹ' ਕਹਿੰਦੇ ਸਨ ਅਤੇ ਉਸਦੇ ਲੰਗਰ ਹਰ ਆਏ-ਗਏ ਲਈ ਚਲਦੇ ਰਹਿੰਦੇ ਸਨ।[62] ਗੁਲਾਮ ਹੁਸੈਨ[63] ਭਾਵੇਂ

55. *ਗੁਰਬਿਲਾਸ ਪਾਤਸ਼ਾਹੀ ੬*, ਅਧਿ./ਬੰਦ/ਪੰਨਾ ੧੫/੧੭-੮/੫੧੨.
56. ਕਨ੍ਹਈਆ ਲਾਲ, *ਤਾਰੀਖ਼-ਇ-ਪੰਜਾਬ*, ਪੰਨਾ 35.
57. ਚਾਰ ਧੂੰਏ : (1) ਬਾਲੂ ਹਸਨਾ; (2) ਅਲਮਸਤ; (3) ਫੂਲਸ਼ਾਹ; (4) ਗੋਂਦਾ
ਛੇ ਬਖਸ਼ਿਸ਼ਾਂ : (1) ਸੁਥਰੇਸ਼ਾਹੀ; (2) ਸੰਗਤ ਸਾਹਿਬੀਏ; (3) ਜੀਤ ਮਲੀਏ; (4) ਬਖਤਮਲੀਏ;
(5) ਭਗਤ ਭਗਵਾਨੀਏ; (6) ਮੀਹਾਂਸ਼ਾਹੀਏ।
58. ਕਨ੍ਹਈਆ ਲਾਲ, *ਪੂਰਵ ਅੰਕਤ*, ਪੰਨਾ 34.
59. *ਉਹੀ.*
60. ਧਿਆਨ ਰਹੇ ਸਨਾਤਨੀ ਪਰੰਪਰਾ 'ਸ਼ੂਦਰ' ਤੋਂ ਧਾਰਮਿਕ ਪ੍ਰਵਚਨ ਬੋਲਣ ਤੇ ਸੁਣਨ ਦਾ ਹਕ ਖੋਂਹਦੀ ਹੈ।
61. ਬੁਧ ਸਿੰਘ ਅਰੋੜਾ, 'ਰਿਸਾਲਾ ਦਰ ਅਹਿਵਾਲਿ ਨਾਨਕ ਸ਼ਾਹ ਦਰਵੇਸ਼', *ਸ੍ਰੀ ਗੁਰੂ ਤੇਗ ਬਹਾਦਰ (ਫ਼ਾਰਸੀ ਸਰੋਤ)*, ਪੰਨਾ 60.
62. *ਉਹੀ.*
63. 'ਸੀਅਰੁਲ ਮੁਤਾਖਿਰੀਨ', *ਉਹੀ*, ਪੰਨਾ 69.

ਆਪਣੀ ਤੁਅਸਬੀ ਨੀਤੀ ਕਾਰਨ ਕਾਫੀ ਉਕਾਈਆਂ ਕਰਦਾ ਹੈ, ਪਰ ਉਸ ਵਲੋਂ ਦਿਤੇ ਸੰਕੇਤ ਕਿ ਉਸਨੇ (ਗੁਰੂ ਨੇ) ਸ਼ਰੀਫ ਲੋਕਾਂ ਦੀ ਕਤਲੋਗਾਰਦ ਕੀਤੀ, 'ਸ਼ਰੀਫਾਂ' ਨੂੰ ਤੰਗ ਕੀਤਾ,[64] ਆਦਿ ਸ਼ਪਸ਼ਟ ਕਰਦੇ ਹਨ ਕਿ ਗੁਰੂ ਮਹਾਰਾਜ ਨੇ ਜ਼ਰੂਰ ਜ਼ਮੀਨਾਂ (ਦੇਗ) ਨੂੰ ਜੱਫਾ ਮਾਰੀ ਬੈਠੇ 'ਸ਼ਰੀਫਾਂ' ਨੂੰ ਸੋਧਿਆ ਹੋਵੇਗਾ। ਧਿਆਨ ਰਹਿਣਾ ਚਾਹੀਦਾ ਹੈ ਕਿ ਜਦੋਂ ਗਰੀਬਾਂ ਜਾਂ ਲੋਕਾਂ ਲਈ ਕੋਈ ਲੜਦਾ ਹੈ ਤਾਂ ਹਕੂਮਤ ਅਤੇ ਇਸਦੀ ਜੂਠ ਖਾਣ ਵਾਲੇ (ਸ਼ਰੀਫ, ਜਗੀਰਦਾਰ, ਮਾਇਆਧਾਰੀ), ਲੋਕਾਂ ਲਈ ਲੜਨ ਵਾਲੇ ਨੂੰ 'ਚੋਰ', 'ਉਚਕਾ' ਹੀ ਕਹਿੰਦੇ ਹਨ ਅਤੇ ਹਕੂਮਤ ਦੇ ਟੁਕੜਿਆਂ ਤੇ ਪਲਦੀਆਂ ਕਲਮਾਂ ਹਕੂਮਤੀ ਮਸ਼ੀਨਰੀ ਨੂੰ ਸ਼ਰੀਫ ਹੀ ਕਹਿੰਦੀਆਂ ਹੁੰਦੀਆਂ ਹਨ।[65] ਇਸ ਤਰ੍ਹਾਂ ਗੁਰੂ ਮਹਾਰਾਜ ਸਿਧੇ ਰੂਪ ਵਿਚ ਉਨ੍ਹਾਂ ਲੋਕਾਂ ਲਈ ਲੜੇ, ਜਿਹੜੇ ਜ਼ਮੀਨਾਂ ’ਤੇ ਕੰਮ ਤਾਂ ਕਰਦੇ ਸਨ, ਪਰ ਆਪ ਮਾਲਿਕ ਨਹੀਂ ਸਨ।

ਗੁਰੂ ਮਹਾਰਾਜ ਦੇ ਸਿੱਖਾਂ ਦੀ ਵਡੀ ਗਿਣਤੀ ਵਿਚੋਂ ਪ੍ਰਮੁਖ ਸਿੱਖ ਭਾਈ ਮਤੀਦਾਸ, ਸਤੀਦਾਸ ਆਦਿ ਛਿਬਰ ਘਰਾਣੇ ਵਿਚੋਂ ਸਨ, ਜਿਹੜੇ ਅਧਿਐਨ-ਅਧਿਆਪਨ ਦੇ ਕਿੱਤੇ ਵਿਚ ਇਕ ਪੂਰੀ-ਸੂਰੀ ਪਰੰਪਰਾ ਸਨ।[66] ਭਾਈ ਮਤੀਦਾਸ ਗੁਰੂ ਦਰਬਾਰ ਵਿਚ 'ਦੀਬਾਨ' ਦਾ ਕਿੱਤਾ/ਕਿਰਤ ਕਰਦੇ ਸਨ[67] ਅਤੇ ਭਾਈ ਸਤੀਦਾਸ, ਫਾਰਸੀ ਦੇ ਮਹਾਨ ਵਿਦਵਾਨ, ਗੁਰੂ ਸਾਹਿਬ ਦੁਆਰਾ ਉਚਾਰੀ ਬਾਣੀ ਨੂੰ ਫਾਰਸੀ ਵਿਚ ਨੋਟ ਕਰਦਾ ਅਤੇ ਉਤਾਰੇ ਕਰਦਾ ਸੀ।[68] ਭਾਈ ਦਿਆਲਾ ਜੀ ਦੇ ਪਿਤਾ ਭਾਈ ਮਾਈਦਾਸ ਜੀ ਕਿਸੇ ਸਮੇਂ ਬਾਦਸ਼ਾਹ ਸ਼ਾਹਜਹਾਂ ਦੇ ਸਰਕਾਰੀ ਨੌਕਰ ਸੀ।[69] ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਵਣਜਾਰੇ ਸਿੱਖਾਂ ਭਾਈ ਮਖਣ ਸ਼ਾਹ, ਲਖੀਸ਼ਾਹ, ਨਗ੍ਹਾਈਆ, ਨਾਨੂੰ... ਆਦਿ ਦੀ ਕਿਰਤੀ ਜ਼ਿੰਦਗੀ ਬਾਰੇ ਇਤਿਹਾਸ ਵਿਚ ਇਤਨੀ ਸ਼ਪਸ਼ਟਤਾ ਪਾਈ ਜਾਂਦੀ ਹੈ ਕਿ ਕਿਸੇ ਕਿਸਮ ਦੇ ਪ੍ਰਮਾਣ ਦੀ ਲੋੜ ਨਹੀਂ ਜਾਪਦੀ।

ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ, ਉਹ ਸਮਾਂ ਹੈ ਜਦੋਂ ਗ੍ਰੰਥ ਅਤੇ ਪੰਥ ਪ੍ਰਬੀਨ ਚੜ੍ਹਦਾ ਹੈ। ਮਹਾਰਾਜ ਨੂੰ ਸਥਾਪਤੀ ਖਿਲਾਫ ਕਈ ਜੰਗਾਂ ਲੜਨੀਆਂ ਪਈਆਂ। *ਹੁਕਮਨਾਮੇ*[70]

[64] *ਉਹੀ.*

[65] ਤੁਰਕ ਸਲਤਨਤ ਦਾ ਮੁਗਲਾਂ ਦੇ ਹਿਸੇ ਵਜੋਂ ਰਾਜ ਕਰ ਰਿਹਾ ਸਾਮਰਾਜ ਲੋਕਾਂ ਦੀ ਥਾਂ ਜ਼ਮੀਨਾਂ ਨੂੰ ਜ਼ਿਮੀਦਾਰਾਂ ਦੇ ਪ੍ਰਬੰਧ ਹੇਠ ਰਖ ਕੇ ਲਗਾਨ ਪ੍ਰਾਪਤ ਕਰਦਾ ਸੀ। 'ਗੁਲਾਮ ਹੁਸੈਨ' ਵਰਗੇ ਅਜ ਵੀ ਬਥੇਰੇ ਹਨ।

[66] ਇਸ ਖਾਨਦਾਨ ਵਿਚ ਕੇਸਰ ਸਿੰਘ ਛਿਬਰ ਨੇ ਲਗਪਗ 12 ਗਰੰਥ ਰਚੇ ; ਸੰਤ ਸਿੰਘ ਛਿਬਰ ਨੇ *ਗੁਰੂ ਨਾਨਕ ਜੀ ਦੀ ਜਨਮਸਾਖੀ* 1770 ਈ. ਵਿਚ ਲਿਖੀ; ਕੇਸਰ ਸਿੰਘ ਦੇ ਪੁਤਰ ਸੇਵਾ ਸਿੰਘ ਨੇ *ਸੀਹਰਫੀਆਂ* ਲਿਖੀਆਂ; ਸੇਵਾ ਸਿੰਘ ਦੇ ਪੁਤਰ ਮਿਹਰ ਸਿੰਘ ਦੇ 6 ਗ੍ਰੰਥ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਚ *ਪੰਜਾਬ ਰਉਸ਼ਨ* (1859) ਪ੍ਰਸਿਧ ਰਚਨਾ ਹੈ। ਇਸ ਦੇ ਦੂਜੇ ਭਾਈ ਸਹਾਈ ਸਿੰਘ ਦੇ ਤਿੰਨ ਗ੍ਰੰਥ ਪ੍ਰਾਪਤ ਹਨ।

[67] ਮਤੀਦਾਸ ਗੁਰ ਕੇ ਦੀਵਾਨ।
ਸਿਖੀ ਮੋ ਪੂਰਨ ਪ੍ਰਮਾਨ॥ *ਮਹਿਮਾ ਪ੍ਰਕਾਸ਼*, ਭਾਗ-III, ਗੁਰੂ/ਸਾਖੀ/ਪੰਨਾ ੯/੧੯੬/੬੪੯.

[68] ਬਾਣੀ ਜੋ ਸਾਹਿਬ ਕਰਨ ਉਚਾਰ।
ਸੋ ਸਤੀਦਾਸ ਨਿਤ ਕਰੇ ਫਾਰਸੀ ਅਖਰਾਂ ਵਿਚਿ ਉਤਾਰੁ॥ *ਬੰਸਾਵਲੀਨਾਮਾ*, ਚਰਨ/ਬੰਦ/ਪੰਨਾ ੯/੯੪/੭੧.

[69] *ਸ਼ਹੀਦ ਬਿਲਾਸ*, ਬੰਦ ੨, ਪੰਨਾ ੨੦.

[70] *ਹੁਕਮਨਾਮੇ*, (ਸੰਪਾ.) ਗੰਡਾ ਸਿੰਘ, ਨੰ. 33-65.



ਅਤੇ ਹੋਰ ਸਰੋਤ[71] ਇਹ ਸਪਸ਼ਟ ਕਰਦੇ ਹਨ ਕਿ ਗੁਰੂ ਸਾਹਿਬ ਦੀ ਫੌਜ ਵਿਚ ਆਮ ਗਰੀਬ ਅਤੇ ਕਿਰਤ ਕਰਨ ਵਾਲੇ ਲੋਕ ਇਕਠੇ ਕੀਤੇ ਗਏ।

ਆਮ ਕੰਮਕਾਜੀ ਲੋਕਾਂ ਦੀ ਸ਼ਮੂਲੀਅਤ ਦਾ ਵੇਰਵਾ ਦਿੰਦਾ ਹੋਇਆ ਕੁਇਰ ਸਿੰਘ ਲਿਖਦਾ ਹੈ ਕਿ ਭੰਗਾਣੀ ਦੀ ਜੰਗ ਸਮੇਂ ਭੀਖਣ ਖਾਨ ਨਾਂ ਦਾ ਇਕ ਪਠਾਣ ਸਿਪਾਹੀ, ਜਦੋਂ ਗੁਰੂ ਸਾਹਿਬ ਦੀ ਫੌਜ ਦਾ ਸਾਥ ਛਡ ਕੇ ਪਹਾੜੀਆਂ ਨਾਲ ਜਾ ਰਲਿਆ ਤਾਂ ਰਾਜਿਆਂ ਨੇ ਪੁਛਿਆ ਕਿ ਗੁਰੂ ਕੋਲ ਕਿੰਨੀ ਕੁ ਵਡੀ ਫੌਜ ਹੈ ਅਤੇ ਕਿਹੋ ਜਿਹੇ ਸੂਰਮੇ ਇਕਠੇ ਕੀਤੇ ਹੋਏ ਹਨ? ਤਾਂ ਉਤਰ ਵਿਚ ਖਾਨ ਦਸਦਾ ਹੈ ਕਿ ਗੁਰੂ ਕੋਲ ਕੋਈ ਫੌਜ ਜਾਂ ਸੂਰਮਾਂ ਨਹੀਂ, 'ਰਈਅਤ ਲੋਕ' ਸਭ 'ਜਾਤਾਂ-ਸਨਾਤਾਂ' ਦੇ ਇਕ ਥਾਂ ਇਕਠੇ ਕੀਤੇ ਹੋਏ ਹਨ:

*ਰਾਜੇ ਬੂਝੀ ਭੀਖਨ ਖਾਨਾ॥ ਕੇਤੀ ਸੈਨ ਗੁਰੁ ਕੀ ਨਿਦਾਨਾ॥*
*ਭੀਖਨ ਖਾਨ ਭਨ ਸਾਹਿਬ ਕਾ ਨਾਉਂ॥ ਰੈਯਤ ਲੋਕ ਮਿਲੇ ਇਕ ਠਾਉਂ॥*
*ਜਾਟ ਗਵਾਰ ਸੁ ਤੇਲੀ ਨਾਹੀ॥ ਭਾਟੀ ਲਬਾਨੇ ਚਮਰਾਈ॥*
*ਬਨੀਏ ਰੋਰੇ ਭਾਟ ਮਹਾਨਾ॥ ਸੂਦ੍ਰ ਛੀਪੇ ਜਾਟ ਤ੍ਰਿਖਾਨਾ... ॥*[72]

ਉਕਤ ਸੂਚੀ ਕੰਮ-ਕਾਜੀ ਰਯੀਅਤ ਦੀ ਸੂਚੀ ਹੈ, ਜਿਸ ਪ੍ਰਥਾਇ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਸਮੁਚਾ ਸਿੱਖ ਪੰਥ ਇਸਦੇ ਹਕ ਵਿਚ ਭੁਗਤਿਆ। ਭੰਗੂ ਅਨੁਸਾਰ ਖੰਡੇ ਦੀ ਪਾਹੁਲ ਪੀ ਕੇ 'ਰਯੀਅਤ' ਨੇ 'ਆਨ ਦੀ ਚਾਕਰੀ' ਕਰਨੀ ਛਡ ਦਿਤੀ ਅਤੇ ਉਹ ਆਪਣੀ ਹੋਣੀ ਦੇ ਆਪ ਮਾਲਕ ਬਣੇ:

*ਖਾਲਸਾ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ॥*
*ਆਨ ਨ ਮਾਨੈ ਆਨ ਕੀ ਇਕ ਸਚੇ ਬਿਨ ਪਾਤਸ਼ਾਹਿ॥*[73]

ਉਕਤ ਵੀਚਾਰ ਤੋਂ ਇਹ ਸਵੈ-ਸਿਧ ਹੈ ਕਿ ਵਿਅਕਤੀਗਤ ਰੂਪ ਵਿਚ ਵੀ ਅਤੇ ਪੰਥਕ ਰੂਪ ਵਿਚ ਵੀ ਗੁਰੂ ਸਾਹਿਬਾਨ ਨੇ ਹਥੀਂ ਧਰਮ ਦੀ ਕਿਰਤ ਕਮਾਈ ਨੂੰ ਇਕ ਅਹਿਮ ਸਿਧਾਂਤ ਵਜੋਂ ਮਾਨਤਾ ਦਿਤੀ ਅਤੇ ਆਪਣੇ ਵਿਹਾਰ ਵਿਚ ਵਿਹਾਰਿਕ ਰੂਪ ਦਿਤਾ। ਜਿਵੇਂ ਜਿਵੇਂ ਪੰਥ ਦਾ ਵਿਕਾਸ ਹੋਇਆ, ਤਿਵੇਂ ਤਿਵੇਂ ਵਡੀ ਗਿਣਤੀ ਵਿਚ ਲੋਕ ਪੰਥ ਨਾਲ ਜੁੜਦੇ ਗਏ। ਸੰਸਥਾਵਾਂ, ਸ਼ਹਿਰਾਂ, ਨਗਰਾਂ ਦੇ ਨਿਰਮਾਣ ਕੀਤੇ ਗਏ। ਇਕ ਪਾਸੇ ਜਿਥੇ ਗੁਰੂ ਸਾਹਿਬਾਨ ਨੇ ਧਰਮ ਦੀ ਕਿਰਤ ਕਮਾਈ ਨੂੰ ਪ੍ਰਫੁਲਿਤ ਕੀਤਾ, ਰੁਜ਼ਗਾਰ ਵਧਾਏ, ਉਥੇ ਸਮਕਾਲੀ ਭ੍ਰਿਸ਼ਟ ਪ੍ਰਬੰਧ, ਲੋਕਾਂ ਦੀ ਕਿਰਤ ਕਮਾਈ ਨੂੰ ਹੜਪਣ ਵਾਲੇ ਪ੍ਰਬੰਧ ਵਿਰੁਧ ਲੋਕ ਲਹਿਰ ਨੂੰ ਲਾਮਬੰਧ ਕੀਤਾ ਅਤੇ ਸਿਧਾਂਤਕ ਤੌਰ ’ਤੇ ਉਸ ਪ੍ਰਬੰਧ ਨੂੰ ਨਕਾਰਿਆ। ਗੁਰੂ ਸਾਹਿਬ ਦੇ ਸਮਕਾਲੀ ਸਮਾਜਿਕ, ਆਰਥਿਕ ਪ੍ਰਬੰਧ ਦਾ ਜ਼ਿਕਰ

[71] ਸੁਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਅਧਿ./ਬੰਦ/ਪੰਨਾ ੬/੨੦੮-੧੦/੧੦੮.

[72] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਅਧਿ./ਬੰਦ/ਪੰਨਾ ੬/੮੫-੮/੭੧.

[73] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਸਾਖੀ/ਬੰਦ/ਪੰਨਾ ੧੫/੩੭/੩੩.

ਸਾਨੂੰ ਗੁਰਬਾਣੀ ਵਿਚੋਂ ਸੰਕੇਤ ਮਾਤਰ ਪ੍ਰਾਪਤ ਹੋ ਜਾਂਦਾ ਹੈ। ਸਮਕਾਲੀ ਰਾਜਸੀ ਢਾਂਚਾ ਜਿਹੜਾ ਦੁਕ੍ਰਿਤ ਉਪਰ ਪਲਦਾ ਹੈ, ਗੁਰੂ ਸਾਹਿਬਾਨ ਉਸਨੂੰ ਰਦਦੇ ਹਨ।

ਗੁਰੂ ਸਾਹਿਬਾਨ ਦੇ ਸਮਕਾਲ (1469-1708) ਰਾਜਸੀ ਪ੍ਰਬੰਧ ਦੋ ਮੁਖ ਸਲਤਨਤਾਂ ਦੇ ਅਧੀਨ ਰਿਹਾ - ਪਹਿਲੀ ਸਲਤਨਤ ਦਾ ਪ੍ਰਬੰਧ-ਕਾਲ ਇਤਿਹਾਸ ਵਿਚ ਸੁਲਤਾਨ ਕਾਲ (1206-1526) ਅਤੇ ਦੂਸਰੀ ਦਾ ਮੁਗਲ ਕਾਲ (1526-1707) ਕਰਕੇ ਪ੍ਰਸਿਧ ਹੈ। ਜਦੋਂ ਸੁਲਤਾਨ ਕਾਲ ਵਿਚ ਖਿਲਜੀ (1290-1320) ਤੇ ਤੁਗਲਕ (1320-1413) ਵੰਸ਼ਾਂ ਦਾ ਰਾਜ ਹੋਇਆ ਤਾਂ ਇਨ੍ਹਾਂ ਵੰਸ਼ਾਂ ਦੇ ਪ੍ਰਸਿਧ ਬਾਦਸ਼ਾਹ ਅਲਾਉ-ਦੀਨ-ਖਿਲਜੀ (1296-1316) ਅਤੇ ਮੁਹੰਮਦ ਤੁਗਲਕ (1325-1351) ਦੇ ਸਮੇਂ ਰਾਜ ਦੀਆਂ ਸੀਮਾਵਾਂ ਦੂਰ-ਦੂਰ ਤਕ ਫੈਲ ਗਈਆਂ। ਇਸ ਸਮੇਂ ਵਡੇ ਪ੍ਰਾਤਾਂ ਦੇ ਪ੍ਰਬੰਧ ਨੂੰ ਨਿਕੀਆਂ ਇਕਾਈਆਂ ਵਿਚ ਵੰਡ ਦਿਤਾ ਗਿਆ, ਜਿਨ੍ਹਾਂ ਨੂੰ 'ਸਿਕ' ਕਹਿੰਦੇ ਸਨ।[74] ਸਿਕ ਦਾ ਮੁਖੀ ਸਿਕਦਾਰ ਜਿਥੇ ਆਪਣੇ ਇਲਾਕੇ ਵਿਚ ਅਮਨ ਸ਼ਾਂਤੀ ਨੂੰ ਬਣਾਈ ਰਖਣ ਦਾ ਕੰਮ ਕਰਦਾ ਸੀ, ਉਥੇ 'ਲਗਾਨ' ਵਸੂਲ ਕਰਨ ਲਈ ਸਥਾਨਕ ਮਾਲੀਆ ਅਫਸਰਾਂ ਦੀ ਸਹਾਇਤਾ ਵੀ ਕਰਦਾ ਸੀ।[75] ਗੁਰਬਾਣੀ ਵਿਚ ਸਿਕਦਾਰਾਂ ਦੇ ਇਸ ਕਿਸਮ ਦੇ ਅਧਿਕਾਰਾਂ (ਬਾਰਸੂਖਤਾ) ਨੂੰ ਰਖਣ ਦੇ ਸੰਕੇਤ ਮਿਲ ਜਾਂਦੇ ਹਨ:

*ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ...*[76]

ਅਕਬਰ ਦੇ ਸਮੇਂ (1556-1605) ਸਿਕਦਾਰਾਂ ਨੂੰ ਲਗਾਨ ਵਸੂਲੀ ਦੇ ਨਾਲ-ਨਾਲ ਜਨ-ਗਣਨਾ ਅਤੇ ਲੋਕਾਂ ਸੰਬੰਧੀ ਹੋਰ ਜਾਣਕਾਰੀ ਰਖਣ ਦੇ ਅਧਿਕਾਰ ਦਿਤੇ ਗਏ।[77] ਗੁਰਬਾਣੀ ਅਨੁਸਾਰ ਇਹ ਸਿਕਦਾਰ ਲੋਕਾਂ ਨਾਲ ਲਗਾਨ ਵਸੂਲੀ ਦੇ ਮਾਮਲੇ ਵਿਚ ਧਕਾ ਅਤੇ ਮਾੜਾ ਵਿਹਾਰ ਕਰਦੇ ਸਨ, ਕਿਉਂਕਿ ਉਹ ਵਧੇਰੇ 'ਲੋੜ' ਨਾਲੋਂ 'ਲੁਟਣ' ਨੂੰ ਤਰਜੀਹ ਦਿੰਦੇ ਸਨ:

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*[78]
*ਏਕ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥*[79]
*ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ ॥*[80]

ਮੁਗਲ ਕਾਲ ਵਿਚ ਇਕ ਸਮੇਂ ਪਰਗਣੇ ਦਾ ਪ੍ਰਬੰਧ ਕਰਨ ਅਤੇ ਮਾਲੀਆ ਉਗਰਾਹੁਣ

74. Qureshi, *The Administration of the Sultanate of Delhi,* pp. 201-03.
75. R.P. Tripathi, *Some aspects of Muslim Administration,* p. 276.
76. *ਗੁਰੂ ਗ੍ਰੰਥ ਸਾਹਿਬ*, ੮੫੧.
77. H.P. Srivastava, *Policies of the Great Mughals,* p. 118.
78. *ਗੁਰੂ ਗ੍ਰੰਥ ਸਾਹਿਬ*, ੪੬੮.
79. *ਉਹੀ*, ੭੯੩.
80. *ਉਹੀ*, ੧੨੮੮.



ਦਾ ਕੰਮ 'ਆਮਿਲ' ਨੂੰ ਸੌਂਪਿਆਂ ਗਿਆ।[81] ਮਾਲੀਆ ਜਮ੍ਹਾਂ ਕਰਨ ਸਮੇਂ ਖਰੇ/ਖੋਟੇ ਮਾਲ/ਸਿੱਕੇ ਦੀ ਪਛਾਣ ਫੌਤਦਾਰ[82] (ਖਜਾਨਚੀ) ਕਰਦਾ ਸੀ। ਭਾਈ ਗੁਰਦਾਸ ਜੀ ਦੇ ਇਸ਼ਾਰੇ ਮੁਤਾਬਿਕ ਅਜਿਹਾ ਕੰਮ 'ਕਰੋੜੀ' ਨਾਂ ਦੇ ਆਹੁਦੇ ਵਾਲੇ ਅਫਸਰ ਕੋਲ ਵੀ ਰਿਹਾ।[83] *ਜਨਮਸਾਖੀਆਂ* ਅਨੁਸਾਰ ਅਜਿਹੇ ਇਕ 'ਕਰੋੜੀਏ' ਨਾਲ ਗੁਰੂ ਨਾਨਕ ਜੀ ਦੀ ਮੁਲਾਕਾਤ ਵੀ ਹੋਈ ਸੀ।[84] ਗੁਰਬਾਣੀ ਹਵਾਲੇ ਅਨੁਸਾਰ ਇਨ੍ਹਾਂ ਦਾ ਸਾਥ ਪਟਵਾਰੀ ਵੀ ਦਿੰਦੇ ਸਨ।[85] ਗੱਲ ਕੀ ਰਾਜਸੀ ਪ੍ਰਬੰਧ ਦਾ ਸਮੁਚਾ ਅਗਲਾ ਫੈਲਾ ਲੋਕਾਂ ਦੀ 'ਕਿਰਤ' ਨੂੰ ਲੁਟਦਾ ਸੀ ਅਤੇ ਲੁਟ ਦੇ ਮਾਲ ਉਤੇ ਪਲਦਾ ਪ੍ਰਬੰਧ ਗੁਰਮਤਿ ਲਈ ਨਾ ਕਦੇ ਪ੍ਰਵਾਨ ਸੀ ਅਤੇ ਨਾ ਕਦੇ ਹੋ ਸਕਦਾ ਹੈ, ਅਤੇ ਇਹ ਵਿਚਾਰ ਬਿਲਕੁਲ ਸ਼ਪਸ਼ਟ ਹੋ ਜਾਂਦਾ ਹੈ ਕਿ ਗੁਰਮਤਿ 'ਸੁਕ੍ਰਿਤ' ਆਧਾਰਿਤ ਪ੍ਰਬੰਧ ਨੂੰ ਪ੍ਰਵਾਨ ਕਰਦੀ ਹੈ।

ਸਮਕਾਲੀ ਸਰੋਤਾਂ[86] ਅਤੇ ਗੁਰਬਾਣੀ ਵਿਚਲੇ ਸੰਕੇਤ[87] ਮੁਤਾਬਕ ਕਿਸਾਨ ਹਾੜੀ ਅਤੇ ਸਉਣੀ ਦੀਆਂ ਦੋ ਮੁਖ ਫਸਲਾਂ ਬੀਜਿਆ ਕਰਦੇ ਸਨ। ਗੁਰੂ ਸਾਹਿਬ ਗੁਰੂ ਨਾਨਕ ਜੀ ਆਪ ਵੀ ਜੀਵਨ ਦੇ ਆਖਰੀ ਸਮੇਂ ਕਰਤਾਰਪੁਰ ਵਿਚ ਖੇਤੀਬਾੜੀ ਸ਼ੁਰੂ ਕਰ ਦਿੰਦੇ ਹਨ[88] ਤੇ ਭਾਈ ਲਹਿਣਾ ਜੀ ਦੀ ਪਹਿਲੀ ਪ੍ਰੀਖਿਆ ਵੀ ਧਾਨ ਦੇ ਖੇਤਾਂ ਵਿਚੋਂ ਕਢੇ ਕਖਾਂ (ਘਾਹ) ਦੀ ਪੰਡ ਤੋਂ ਹੀ ਸ਼ੁਰੂ ਹੋਈ ਸੀ।[89]

ਸਿੱਖ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਇਕਠੇ ਹੋਏ ਲੋਕ ਸਮੂਹ ਪਿਛੇ ਭਾਵੇਂ ਮੁਖ ਤੌਰ ’ਤੇ ਧਾਰਮਿਕ ਸੁਤੰਤਰਤਾ ਦੀ ਭਾਵਨਾ ਕੰਮ ਕਰ ਰਹੀ ਸੀ, ਪਰ ਇਸ ਨਾਲ ਉਹ ਸਮਾਜਿਕ ਤੌਰ ’ਤੇ ਜਿਥੇ ਜਾਤ-ਪਾਤ ਜਿਹੀਆਂ ਚੀੜ੍ਹੀਆਂ ਸੰਸਥਾਵਾਂ/ਪਰੰਪਰਾਵਾਂ ਤੋਂ ਮੁਕਤ ਹੋ ਰਹੇ ਸਨ, ਉਥੇ ਆਰਥਿਕ ਤੌਰ ਤੇ ਜਿਮੀਂਦਾਰਾ/ਜਗੀਰਦਾਰੀ ਪ੍ਰਬੰਧ ਦੀਆਂ ਗੁਲਾਮੀਆਂ ਤੋਂ ਵੀ ਛੁਟਕਾਰਾ ਪਾ ਰਹੇ ਸਨ। ਇਸ ਤਥ ਦੀ ਇਕ ਖੂਬਸੂਰਤ ਉਦਾਹਰਣ ਬਾਣੀ ਵਿਚ ਇੰਝ ਮਿਲਦੀ ਹੈ ਕਿ 'ਸਚੇ ਖਸਮ' ਦੇ ਦਰ ਉਤੇ 'ਮਹਦੂਦ' (ਪਟਾ) ਲਿਖਵਾ ਕੇ ਆਏ ਕਿਸਾਨ ਨੂੰ ਹੁਣ ਇਹ ਡਰ ਨਹੀਂ ਕਿ ਉਸਤੋਂ ਕੋਈ (ਜਗੀਰਦਾਰ, ਮੁਨਸਫ) ਵਧੇਰੇ ਲਗਾਨ ਵਸੂਲ ਕਰੇਗਾ ਜਾਂ ਉਸਦੀ ਵਾਹੀ ਹੋਈ ਖੇਤੀ ਬਾਰੇ ਕੋਈ ਵਾਧੂ ਪੁਛ-

81. Qureshi, *op.cit.* p. 208.
82. ਗੁਰਬਾਣੀ ਵਿਚ 'ਪੋਤਦਾਰੀ' (ਪੋਤਹ ਫ਼ਾ. ਖਜ਼ਾਨਾਂ; ਦਾਰੀ ਖਜ਼ਾਨਚੀ) ਸ਼ਬਦ ਤਦਭਵ ਰੂਪ ਵਿਚ ਵਰਤਿਆ ਗਿਆ ਹੈ:
ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥ *ਗੁਰੂ ਗ੍ਰੰਥ ਸਾਹਿਬ*, ੧੧੯੨.
83. ਕੇਤੜਿਆ ਦੀਵਾਨ ਹੋਇ ਕਰਨਿ ਕਰੋੜੀ ਮੁਲਕ ਢੰਢੋਲੀ ॥ *ਵਾਰ/ਪਉੜੀ* ੮/੨੧.
84. ਦੁਨੀਚੰਦ ਕਰੋੜੀਆ, ਲਾਹੌਰ ਦੇ ਇਲਾਕੇ ਦਾ ਮਾਲੀਆ ਅਫ਼ਸਰ।
*ਪੁਰਾਤਨ ਜਨਮਸਾਖੀ*, ਸਾਖੀ /ਪੰਨਾ ੩੭/੧੩੫-੩੬; *ਮਿਹਰਬਾਨ ਜਨਮਸਾਖੀ*, ਭਾਗ 1, ਸਾਖੀ/ਪੰਨਾ ੧੫੩/੫੧੬-੧੮.
85. ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥ *ਗੁਰੂ ਗ੍ਰੰਥ ਸਾਹਿਬ*, ੭੯੩.
86. ਭਾਈ ਗੁਰਦਾਸ, *ਵਾਰ/ਪਉੜੀ*, ੧੮/੮; ੨੭/੮; ੨੮/੨੦.
87. ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ ॥ *ਗੁਰੂ ਗ੍ਰੰਥ ਸਾਹਿਬ*, ੯੫੫.
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ *ਉਹੀ*, ੧੨੯੬.
88. ਸੋਢੀ ਹਰਿ ਜੀ, *ਜਨਮਸਾਖੀ ਗੁਰੂ ਨਾਨਕ ਦੇਵ ਜੀ*, ਭਾਗ II, ਸਾਖੀ/ਪੰਨਾ ੧੭੬/੧੩੯-੪੦.
89. *ਉਹੀ*, ਸਾਖੀ/ਪੰਨਾ ੧੭੨/੬੮.

ਪੜਤਾਲ ਕਰੇਗਾ,[90] ਕਿਉਂਕਿ ਮੁਨਸਫ (ਮਾਲ ਅਫਸਰ) ਅਕਸਰ ਜ਼ਮੀਨਾਂ ਦੀ ਪੈਮਾਇਸ਼ ਕਰਨ ਵੇਲੇ ਕਿਰਤੀ ਕਿਸਾਨਾਂ ਕੋਲੋਂ ਵਗਾਰ (ਬਿਸਟਾਲਾ) ਲਿਆ ਕਰਦੇ ਸਨ ਅਤੇ ਫਿਰ ਵੀ ਪੂਰੀ ਤਰ੍ਹਾਂ ਖੇਤੀ ਦੀ ਪੈਮਾਇਸ਼ ਨਹੀਂ ਕਰਦੇ ਸਨ।[91]

ਚੌਥੇ ਪਾਤਸ਼ਾਹ ਦੁਆਰਾ ਉਚਰਿਤ ਇਕ ਸ਼ਬਦ ਤੋਂ ਸੰਕੇਤ ਮਿਲਦਾ ਹੈ ਕਿ ਤੀਜੇ ਪਾਤਸ਼ਾਹ ਨੇ ਲੋਕਾਂ ਉਤੇ ਵਾਧੂ ਲਗਾਨ ਦੇ ਭਾਰ ਨੂੰ ਘਟ ਕਰਾਉਣ ਲਈ ਆਪ ਬਾਦਸ਼ਾਹਤ ਤਕ ਪਹੁੰਚ ਕੀਤੀ ਅਤੇ ਛੁਟਕਾਰਾ ਦਿਵਾਇਆ ਸੀ।[92] 1598 ਈ. ਵਿਚ ਜਦੋਂ ਸਮੇਂ ਸਿਰ ਵਰਖਾ ਨਾ ਹੋਈ ਤਾਂ ਕਿਰਸਾਨੀ ਸੰਕਟ ਵਿਚ ਫਸ ਗਈ ਸੀ, ਪੰਚਮ ਪਾਤਸ਼ਾਹ ਨੇ ਖੁਦ ਅਕਬਰ ਤਕ ਪਹੁੰਚ ਕਰਕੇ ਕਿਸਾਨਾਂ ਦਾ ਮਾਲੀਆ ਘਟਵਾਇਆ ਸੀ।[93]

ਗੁਰੂ ਸਾਹਿਬਾਨ ਦੇ ਸਮੇਂ ਸਿੰਚਾਈ ਲਈ ਪਾਣੀ ਦਾ ਮੁੱਖ ਸਰੋਤ ਖੂਹ, ਤਲਾਬ ਤੇ ਨਦੀਆਂ ਸਨ, ਪਰ ਸਭ ਤੋਂ ਵਡਾ ਸਰੋਤ ਵਰਖਾ ਸੀ।[94] ਗੁਰਬਾਣੀ ਵਿਚ ਇਸ ਕਿਸਮ ਦੇ ਸੰਕੇਤ ਪ੍ਰਾਪਤ ਹਨ।[95] ਗੁਰੂ ਸਾਹਿਬਾਨ ਵਿਚੋਂ ਪੰਜਵੇਂ ਤੇ ਨੌਵੇਂ ਪਾਤਸ਼ਾਹ ਨੇ ਵਿਸ਼ੇਸ਼ ਕਰਕੇ ਅੰਮ੍ਰਿਤਸਰ, ਛੇਹਰਟਾ, ਮਾਲਵੇ ਆਦਿ ਦੇ ਕਈ ਇਲਾਕਿਆਂ ਵਿਚ ਖੂਹਾਂ ਦਾ ਨਿਰਮਾਣ ਕਰਵਾਇਆ।[96] ਗੁਰੂ ਸਾਹਿਬਾਨ ਵਲੋਂ ਕੀਤੇ ਲੋਕ ਭਲਾਈ ਦੇ ਅਨੇਕਾਂ ਕੰਮਾਂ ਵਿਚੋਂ, ਜਿਸ ਰਾਹੀਂ ਹਜ਼ਾਰਾਂ ਲੋਕਾਂ ਨੂੰ ਰੋਜ਼ੀ-ਰੋਟੀ (ਕਿਰਤ) ਮੁਹਈਆ ਹੋਈ, ਨਗਰਾਂ ਦੇ ਨਿਰਮਾਣ ਦਾ ਕੰਮ ਸਿਰਮੌਰਤਾ ਹਾਸਿਲ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਰਾਵੀ ਕੰਢੇ ਕਰਤਾਰਪੁਰ ਵਸਾਉਣ ਉਪਰੰਤ ਬਾਕੀ ਗੁਰੂ ਸਾਹਿਬਾਨ ਦੁਆਰਾ ਗੋਇੰਦਵਾਲ, ਅੰਮ੍ਰਿਤਸਰ, ਤਰਨਤਾਰਨ, ਕਰਤਾਰਪੁਰ (ਜਲੰਧਰ), ਹਰਿਗੋਬਿੰਦਪੁਰ, ਕੀਰਤਪੁਰ, ਆਨੰਦਪੁਰ ਸਾਹਿਬ ਆਦਿ ਨਗਰਾਂ ਦੀ ਸਥਾਪਨਾ ਕੀਤੀ ਗਈ। ਇਸ ਨਗਰ ਯੋਜਨਾ ਪਿਛੇ ਗੁਰੂ ਸਾਹਿਬਾਨ ਦਾ ਖਾਸ ਮਕਸਦ ਕੰਮ ਕਰ ਰਿਹਾ ਸੀ।

ਇਨ੍ਹਾਂ ਮਕਸਦਾਂ ਵਿਚ ਪ੍ਰਮੁਖ ਮਕਸਦ ਇਸ ਸਿਧਾਂਤ 'ਤੇ ਆਧਾਰਿਤ ਸੀ ਕਿ 'ਪੰਥ' ਹੇਠ ਇਕਠੀ ਹੋ ਰਹੀ 'ਰਯੀਅਤ' ਨੂੰ ਜ਼ਮਾਨੇ ਦੀਆਂ ਰੀਤਾਂ-ਰੂੜ੍ਹੀਆਂ ਤੋਂ ਦੂਰ ਰਖਿਆ ਜਾਵੇ

---

90. ਮੈ ਮਹਦੂਦੁ ਲਿਖਾਇਆ ਖਸਮੈ ਕੇ ਦਰਿ ਜਾਇ॥ ... *ਗੁਰੂ ਗ੍ਰੰਥ ਸਾਹਿਬ*, ੧੨੮੮.

91. ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤ ਬਸਨ ਨ ਦੇਹੀ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ॥ *ਉਹੀ*, ੭੯੩.

92. ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥ ...
ਦੁਤੀਆ ਜਮੁਨ ਗਏ... ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰ ਪਿਛੈ... ਕਿਨੈ ਆਢੁ ਤ ਦਾਮੁ ਲਇਆ॥
ਆਢੁ ਦਾਮੁ ਕਿਛੁ ਪਇਆ ਨ ਬੋਲਕ...॥ *ਉਹੀ*, ੧੧੧੬.

93. Abu-l -Fazl, *The Akbar Nama,* (tr.), H.Beveridge, vol.3, p.1115;
ਸੁਜਾਨ ਰਾਏ ਭੰਡਾਰੀ, *ਖੁਲਾਸਤੁਤ ਤਵਾਰੀਖ* (ਪੰਜਾਬੀ ਅਨੁ.), ਪੰਨਾ 436.

94. R.C. Majumdar, *The Mughal Empire,* p. 713.

95. ਵੇਖੋ: ੩੬੮, ੧੧੭੮.

96. *ਸਾਖੀ ਪੋਥੀ*, ਸਾਖੀ/ਪੰਨਾ ੨/੫.



ਤੇ ਉਹ ਨਵੀਂ ਫਿਜ਼ਾ ਵਿਚ ਇਕ ਨਵਾਂ ਭਾਈਚਾਰਾ ਤੇ ਸਾਂਝ ਸਥਾਪਿਤ ਕਰ ਸਕਣ, ਜਿਸ ਵਿਚ ਵਖ-ਵਖ ਕੌਮਾਂ, ਕਿੱਤਿਆਂ ਤੇ ਜਾਤਾਂ ਦੇ ਲੋਕ ਵਸਦੇ ਸਨ।

ਉਪਰ ਕੀਤੇ ਸੰਕੇਤ ਮੁਤਾਬਿਕ ਸਥਾਪਿਤ ਨਗਰਾਂ ਵਿਚ ਵਖ-ਵਖ ਕਿੱਤਿਆਂ, ਜਾਤਾਂ, ਵਰਗਾਂ ਆਦਿ ਦੇ ਲੋਕ ਵਸਾਏ ਗਏ। ਇਕ ਹਵਾਲੇ ਮੁਤਾਬਿਕ[97] ਚੌਥੇ ਪਾਤਸ਼ਾਹ ਨੇ ਅੰਮ੍ਰਿਤਸਰ (ਚਕ ਗੁਰੂ ਰਾਮਦਾਸ) ਵਿਖੇ 52 ਕਿਸਮ ਦੇ ਕਿੱਤਿਆਂ ਵਾਲੇ ਲੋਕ ਵਸਾਏ। ਆਰਥਿਕ, ਸਮਾਜਿਕ ਤੇ ਭਾਈਚਾਰਕ ਪਖੋਂ ਨਗਰਾਂ ਨੇ ਸਾਂਝ ਅਤੇ ਆਦਾਨ-ਪ੍ਰਦਾਨ ਵਿਚ ਇਕ ਧਰਾਤਲ ਮੁਹਈਆ ਕਰਵਾਈ। ਇਹ ਇਕ ਨਵਾਂ ਤਜ਼ਰਬਾ ਸੀ, ਜਿਸ ਤਹਿਤ ਵਖੋ-ਵਖ ਜਾਤਾਂ, ਕਿੱਤਿਆਂ ਦੇ ਲੋਕ ਇਕ ਭਾਈਚਾਰਕ ਸਾਂਝ ਵਿਚ ਬੰਨ੍ਹੇ ਗਏ।

ਨਗਰਾਂ ਦੀ ਭਾਈਚਾਰਕ ਸਾਂਝ ਨੇ ਪੈਦਾਵਾਰ ਵਿਚ ਵਾਧਾ ਕੀਤਾ ਤੇ ਖਪਤਕਾਰ ਵੀ ਉਥੇ ਹੀ ਮੁਹਈਆਂ ਹੋਣ ਕਾਰਨ ਆਰਥਿਕ ਸੰਗਠਨ ਨੂੰ ਅਧਾਰਸ਼ਿਲਾ ਮਿਲੀ। ਨਗਰਾਂ ਦਾ ਨਾਂ ਅਧਿਆਤਮਕ-ਸਦਾਚਾਰਕ ਸੰਕਲਪਾਂ[98] ਆਧਾਰਿਤ ਰਖਣਾ ਸਪਸ਼ਟ ਕਰਦਾ ਹੈ ਕਿ ਬਾਹਰੀ ਹਮਲਾਵਰਾਂ ਤੇ ਸਨਾਤਨੀ ਬੌਣ ਵਿਚਾਰਧਾਰਾਵਾਂ ਕਾਰਨ ਆਚਰਣ ਗਿਰਾਵਟ ਦੇ ਤਲ ਛੂਹ ਰਹੀ ਸਭਿਅਤਾ[99] ਵਿਚ ਨਵੀਂ ਜਾਨ ਫੂਕਣੀ ਜ਼ਰੂਰੀ ਸੀ।

ਭੋਇੰ-ਉਪਯੋਗ ਢੰਗ ਨੂੰ ਮੁਖ ਰਖ ਕੇ ਸਥਾਪਿਤ ਕੀਤੇ ਨਗਰਾਂ ਨਾਲ ਕਿੱਤਿਆਂ ਵਿਚ ਜਿਕਰ-ਯੋਗ ਤਬਦੀਲੀਆਂ ਵਾਪਰੀਆਂ। ਕਈ ਸਹਾਇਕ ਕੰਮ, ਜਿਵੇਂ ਪਾਣੀ ਪ੍ਰਬੰਧ ਲਈ ਖੂਹ, ਤਲਾਬ, ਬਉਲੀਆਂ ਦਾ ਨਿਰਮਾਣ ਆਦਿ ਸ਼ੁਰੂ ਹੋਇਆ। ਇਸ ਨਾਲ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮੁਹਈਆ ਹੋਏ। ਨਗਰ ਸ਼ਾਹਰਾਹਾਂ ਉਤੇ ਪੈਂਦੇ ਹੋਣ ਕਾਰਨ, ਵਪਾਰਕ ਪਖੋਂ ਬਹੁਤ ਸਹਾਇਕ ਸਿਧ ਹੋਏ। ਵਪਾਰ ਵਿਚ ਦਰਿਆਵਾਂ ਰਾਹੀਂ ਢੋ-ਢੁਆਈ ਨੇ ਵੀ ਵਡੀ ਸਹਾਇਤਾ ਕੀਤੀ, ਕਿਉਂਕਿ ਬਹੁਤੇ ਨਗਰ ਦਰਿਆਵਾਂ ਕੰਢੇ ਹੀ ਸਥਾਪਿਤ ਕੀਤੇ ਗਏ। ਫੌਜੀ ਦ੍ਰਿਸ਼ਟੀ, ਫੌਜੀ-ਸੰਗਠਨ ਤੇ ਸੁਰਖਿਅਤ ਪਖੋਂ ਆਨੰਦਪੁਰ ਵਰਗੇ ਨਗਰ, ਜਿਹੜੇ ਪਹਾੜਾਂ ਵਿਚ ਵਸਾਏ ਗਏ, ਬਹੁਤ ਸਹਾਈ ਸਿਧ ਹੋਏ।

ਗੁਰੂ ਸਾਹਿਬਾਨ ਦੁਆਰਾ ਨਗਰ-ਵਾਸੀਆਂ ਦੀ ਆਰਥਿਕ ਨੀਂਹ ਮਜ਼ਬੂਤ ਕਰਨ ਲਈ ਜਿਥੇ ਹਰ ਪ੍ਰਕਾਰ ਦੇ ਕਿੱਤੇ ਨੂੰ ਉਤਸ਼ਾਹਿਤ ਕੀਤਾ ਗਿਆ, ਉਥੇ ਕਈ ਵਿਸ਼ੇਸ਼ ਕਿੱਤਿਆਂ ਵਿਚ ਇਸ ਕਰਕੇ ਵਧ ਦਿਲਚਸਪੀ ਲਈ, ਕਿਉਂਕਿ ਉਹ ਸਮਕਾਲੀ ਲੋੜ ਵਜੋਂ ਜ਼ਰੂਰਤ ਬਣ ਰਹੇ ਸੀ। ਉਦਾਹਰਣ ਲਈ ਗੁਰੂ ਅਮਰਦਾਸ ਜੀ ਦੁਆਰਾ ਇਮਾਰਤੀ ਲਕੜੀ ਦੇ ਕਿੱਤੇ ਤਥਾ ਵਾਪਾਰ ਨੂੰ ਗੋਇੰਦਵਾਲ ਵਿਖੇ ਐਨਾ ਉਤਸ਼ਾਹਿਤ ਕੀਤਾ ਗਿਆ ਕਿ ਬਾਅਦ ਵਿਚ ਬਣਨ ਵਾਲੇ ਨਗਰਾਂ, ਜਿਵੇਂ ਅੰਮ੍ਰਿਤਸਰ, ਤਰਨਤਾਰਨ ਆਦਿ ਨੂੰ ਲੋੜੀਂਦੀ ਲਕੜੀ ਇਥੋਂ ਹੀ ਭੇਜੀ ਗਈ।[100] ਇਸ ਤੋਂ ਬਿਨ੍ਹਾਂ ਲੂਣ, ਗੁੜ ਆਦਿ ਮੰਡੀਆਂ ਸਥਾਪਿਤ ਹੋਈਆਂ,

---

97. ਗਿ. ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, ਪੰਨਾ 368.

98. ਜਿਵੇਂ ਕਰਤਾਰਪੁਰ; ਤਰਨਤਾਰਨ; ਗੋਇੰਦਵਾਲ; ਅੰਮ੍ਰਿਤਸਰ ਕ੍ਰਮਵਾਰ ਕਰਤਾਰ (ਕਰਤਾਪੁਰਖ) ਦੀ ਪੁਰੀ, ਸਥਾਨ; ਗੋਬਿੰਦ (ਪ੍ਰਭੂ) ਦੀ ਥਾਂ; ਅੰਮ੍ਰਿਤ ਦਾ ਸਰੋਵਰ ਆਦਿ।

99. ਇਸ ਦਾ ਸੰਕੇਤ ਲਾਹੌਰ ਸ਼ਹਿਰ ਪ੍ਰਤੀ ਟਿਪਣੀ ਤੋਂ ਮਿਲਦਾ ਹੈ :
ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ *ਗੁਰੂ ਗ੍ਰੰਥ ਸਾਹਿਬ*, ੧੪੧੨.

100. ਵਿਸਤਾਰ ਲਈ : ਸੁਰਜੀਤ ਸਿੰਘ, 'ਗੁਰੂ ਸਾਹਿਬਾਨ ਦੀ ਨਗਰ ਉਸਾਰੀ ਦੀ ਤਰਤੀਬ', *ਪੰਜਾਬ ਦੇ ਸ਼ਹਿਰਾਂ ਦਾ ਵਿਕਾਸ*, ਪੰਨਾ 45.

ਜਿਥੋਂ ਵਪਾਰ ਲਾਹੌਰ, ਮੁਲਤਾਨ, ਦਿੱਲੀ ਤਕ ਹੋਣ ਲਗਿਆ।[101] ਗੁਰੂ ਅਰਜਨ ਸਾਹਿਬ ਜੀ ਨੇ ਜਦੋਂ ਦਰਬਾਰ ਸਾਹਿਬ ਸਰੋਵਰ ਦੀ ਉਸਾਰੀ ਕਰਵਾਈ ਤਾਂ ਕਚੀਆਂ ਪਕੀਆਂ ਇਟਾਂ ਦਾ ਭੱਠਾ ਖੁਦ ਹੀ ਲਵਾਇਆ, ਜਿਹੜਾ ਅਨੇਕਾਂ ਨਗਰ-ਇਮਾਰਤਾਂ ਦੇ ਕੰਮ ਆਇਆ।[102]

ਦਸਮ ਪਾਤਸ਼ਾਹ ਵਲੋਂ ਤੀਰਾਂ, ਬੰਦੂਕਾਂ ਦੇ ਨਿਪੁੰਨ ਕਾਰੀਗਰ ਸਿੱਖਾਂ ਨੂੰ ਪ੍ਰੇਰਿਆ ਗਿਆ। ਇਸ ਕਾਰਜ ਲਈ ਵਣਜਾਰੇ, ਸਿਕਲੀਗਰ, ਲੁਬਾਣੇ ਆਦਿ ਸਿੱਖਾਂ ਦਾ ਯੋਗਦਾਨ ਇਤਿਹਾਸ ਦਾ ਇਕ ਵਡਾ ਅਧਿਆਇ ਹੈ।[103]

ਪਹਿਲਾਂ ਕੀਤੇ ਸੰਕੇਤ ਮੁਤਾਬਿਕ ਗੁਰੂ ਸਾਹਿਬ ਵਲੋਂ ਸਥਾਪਿਤ ਨਗਰਾਂ ਵਿਚ ਕੇਵਲ ਹਥੀਂ ਕਿਰਤ ਕਮਾਈ ਕਰਨ ਵਾਲੇ ਕਿੱਤਾਕਾਰ ਹੀ ਸਥਾਪਿਤ ਨਹੀਂ ਹੋਏ ਬਲਕਿ ਇਨ੍ਹਾਂ ਵਿਚ ਬਹੁਤ ਸਾਰੇ ਕਵੀ, ਕਲਾਕਾਰ, ਭੱਟ, ਨਕਲੀਏ, ਭੰਡ, ਵਿਦਵਾਨ ਵੀ ਆਪਣਾ ਕਿੱਤਾ ਕਰਕੇ ਰੁਜ਼ਗਾਰ ਦੇ ਨਾਲ-ਨਾਲ ਸਾਹਿਤ, ਸਭਿਆਚਾਰ ਨੂੰ ਪ੍ਰਫੁਲਤ ਕਰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਵਿਦਵਾਨ/ਕਵੀ ਇਸ ਤਥ ਦਾ ਪ੍ਰਮਾਣ ਹਨ।[104]

ਉਕਤ ਵਿਚਾਰ ਸਪਸ਼ਟ ਕਰਦੇ ਹਨ ਕਿ ਗੁਰੂ ਸਾਹਿਬਾਨ ਨੇ ਵਿਅਕਤੀਗਤ ਤੇ ਪੰਥਕ ਜੀਵਨ ਵਿਚ ਕਿੱਤਿਆਂ ਨੂੰ ਰੁਜ਼ਗਾਰ ਤੇ ਨਾਮ ਨਾਲ ਜੋੜ ਕੇ ਸਚੀ-ਸੁਚੀ ਕਿਰਤ ਕਰਨ ਵਾਲਾ ਇਕ ਵਡਾ ਭਾਈਚਾਰਾ ਕਾਇਮ ਕੀਤਾ ਤੇ ਉਨ੍ਹਾਂ ਵਲੋਂ ਕੀਤੇ ਗਏ ਸਾਰੇ ਕਾਰਜ ਇਸੇ ਸਿਧਾਂਤ ਦੁਆਲੇ ਕੇਂਦਰਿਤ ਰਹੇ।

### (2) ਬਾਬਾ ਬੰਦਾ ਸਿੰਘ ਬਹਾਦਰ/ਸਿੱਖ ਮਿਸਲ-ਕਾਲ

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਪੰਥ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਅਤੇ ਪੰਥ ਕੋਲ ਆ ਗਈ ਤੇ ਸਿੱਖ ਲੀਡਰਸ਼ਿਪ ਦੀ ਵਾਗਡੋਰ ਬਾਬਾ ਬੰਦਾ ਸਿੰਘ ਨੇ ਸੰਭਾਲੀ। ਬਾਬਾ ਜੀ ਨੇ ਵਾਹੀਯੋਗ ਜ਼ਮੀਨਾਂ, ਰਾਜਸੀ ਤਾਕਤ ਹਥ ਆਉਂਦਿਆਂ ਹੀ, ਜਗੀਰਦਾਰੀ ਪ੍ਰਬੰਧ ਸਮਾਪਤ ਕਰਕੇ, ਸਚੀ ਸੁਚੀ ਕਿਰਤ ਕਮਾਈ ਕਰਨ ਵਾਲੇ ਲੋਕਾਂ ਦੇ ਹਵਾਲੇ ਕਰ ਦਿਤੀਆਂ ਸਨ। ਡਾ. ਗੰਡਾ ਸਿੰਘ ਜੀ ਸਮਕਾਲੀ ਗਵਾਹੀਆਂ ਦੇ ਆਧਾਰ 'ਤੇ ਲਿਖਦੇ ਹਨ ਕਿ "ਦੀਨ ਅਤੇ ਦੁਖੀ ਲੋਕਾਂ ਦੀ ਰਖਿਆ ਵਿਚ ਉਸਨੂੰ (ਬੰਦਾ ਸਿੰਘ ਨੂੰ) ਉਹਨਾਂ ਲੋਕਾਂ ਦੀਆਂ ਅਸੀਸਾਂ ਪ੍ਰਾਪਤ ਹੋਈਆਂ, ਜਿਨ੍ਹਾਂ ਦੀ ਪੁਕਾਰ ਸਦੀਆਂ ਤੋਂ ਕੋਈ ਨਹੀਂ ਸੀ ਸੁਣਦਾ। ਉਸਨੇ ਆਪਣੇ ਰਾਜ-ਪ੍ਰਬੰਧ ਵਿਚ ਨੀਵਿਆਂ ਤੋਂ ਨੀਵੇਂ ਲੋਕਾਂ ਨੂੰ ਉਚੀਆਂ ਪਦਵੀਆਂ ਤਕ ਪਹੁੰਚਾ ਦਿਤਾ। ਅਛੂਤਾਂ ਅਤੇ ਨੀਚਾਂ, ਚੂਹੜੇ ਅਤੇ ਚਮਾਰਾਂ ਨੂੰ ਉਸਨੇ ਹਾਕਮ ਬਣਾ ਦਿਤਾ।"[105] "ਚੂਹੜੇ ਅਤੇ ਚਮਾਰ ਲਈ, ਜੋ ਕਿ ਹਿੰਦੋਸਤਾਨੀਆਂ

101. *ਉਹੀ.*

102. *ਸੂਰਜ ਪ੍ਰਕਾਸ਼,* ਜਿ. ੬, ਪੰਨਾ ੧੯੦੪.

103. see. Sher Singh Sher, *The Sikligars of Punjab (A Gypsy Tribe)*, p. 14.

104. ਵੇਖੋ : ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ,* ਪਟਿਆਲਾ, 1976;
ਭਾਰਤ ਭੂਸ਼ਣਾ ਚੌਧਰੀ, *गुरु गोबिंद सिंघ के दरबारी कवि,* दिल्ली, १९७९.

105. *ਬੰਦਾ ਸਿੰਘ ਬਹਾਦਰ,* ਪੰਨਾ 146.



ਵਿਚ ਨੀਚਾਂ ਤੋਂ ਭੀ ਨੀਚ ਗਿਣਿਆ ਜਾਂਦਾ ਹੈ, ਕੇਵਲ ਬੰਦੇ ਪਾਸ ਹਾਜ਼ਰ ਹੋਣਾ ਹੁੰਦਾ ਸੀ, ਉਹ ਆਪਣੀ ਜਨਮ-ਭੂਮੀ ਦਾ ਹਾਕਮ ਬਣਕੇ ਆ ਜਾਂਦਾ।"[106]

*ਅਸਰਾਰਿ ਸਮਦੀ* ਦਾ ਕਰਤਾ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਾਨ ਦੇ ਖਿਲਾਫ ਸਤਹੀ ਪਧਰ ਤਕ ਦਾ ਊਲ-ਜਲੂਲ ਬੋਲਦਾ ਹੋਇਆ ਵੀ ਇਸ ਮਹਾਂ ਸਚ ਦੀ ਹਾਮੀ ਭਰਦਾ ਹੈ ਕਿ "ਉਸਨੇ 'ਵਿਹਲੜ ਅਤੇ ਨਿਕੰਮੇ' ਆਦਮੀਆਂ ਨੂੰ, ਜੋ ਗੁੰਮਨਾਮੀ ਦੇ ਪੜਦੇ ਪਿਛੇ ਲੁਕੇ ਹੋਏ ਸਨ, ਫਿਰ ਆਪਣੇ ਅਸਲੀ ਰੂਪ ਵਿਚ ਲੈ ਆਂਦਾ।"[107] ਭਾਵ ਜਾਤ-ਪਾਤੀ ਤੇ ਕਿਰਤ-ਲੁਟੇਰੇ ਪ੍ਰਬੰਧ ਨੇ ਜਿਨ੍ਹਾਂ ਨੂੰ ਹਾਸ਼ੀਏ 'ਤੇ ਧਕਿਆ ਹੋਇਆ ਸੀ, ਉਹ ਮੁੜ ਜ਼ਮੀਨਾਂ ਦੇ ਮਾਲਿਕ ਤੇ ਮਿਹਨਤੀ ਬਣੇ।

ਬੰਦਾ ਸਿੰਘ ਨੇ ਜਗੀਰਦਾਰੀ ਪ੍ਰਬੰਧ, ਜਿਸ ਰਾਹੀਂ ਮੁਜ਼ਾਰੇ ਕੰਮ ਕਰਦੇ ਸਨ, ਪਰ ਜ਼ਮੀਨਾਂ ਦੇ ਮਾਲਿਕ ਮਾਇਆਧਾਰੀ ਜਗੀਰਦਾਰ ਸਨ, ਇਕ ਤਰ੍ਹਾਂ ਆਪਣੇ ਪ੍ਰਬੰਧ ਹੇਠਲੇ ਇਲਾਕਿਆਂ ਵਿਚ ਸਮਾਪਤ ਕਰ ਦਿਤਾ ਸੀ ਤੇ ਇਹ ਸੁਧਾਰ ਬਾਬਾ ਜੀ ਦੀ ਲਾਸਾਨੀ ਸ਼ਹਾਦਤ (ਜੂਨ, 1716 ਈ.) ਤੋਂ ਬਾਅਦ 18ਵੀਂ ਤੇ 19ਵੀਂ ਸਦੀ ਤਕ ਵੀ ਜਾਰੀ ਰਹੇ।[108]

ਬਾਬਾ ਜੀ ਦੀ ਸ਼ਹਾਦਤ ਉਪਰੰਤ ਸਿੱਖ ਪੰਥ ਲਈ ਅੰਧਕਾਰ ਦਾ ਲੰਮਾ ਯੁਗ ਸ਼ੁਰੂ ਹੁੰਦਾ ਹੈ, ਜਿਸ ਵਿਚ ਹਕੂਮਤ ਤੇ ਸਥਾਪਤੀ ਦੇ ਹਕ ਵਿਚ ਹਕੂਮਤ ਦੇ ਟੁਕੜਿਆਂ ਤੇ ਪਲਦੀਆਂ ਧਿਰਾਂ ਦਾ ਜ਼ੁਲਮ, ਇੰਤਹਾ ਦੀ ਹਦ ਤਕ ਪਹੁੰਚਦਾ ਹੈ।[109] ਇਕ ਲੰਮੇ ਅੰਤਰਾਲ ਬਾਅਦ 1748 ਈ. ਨੂੰ ਸਿੱਖ, ਦਲ ਖਾਲਸਾ ਦੇ ਜਥੇਬੰਦਕ ਰੂਪ ਵਿਚ ਇਕਠੇ ਹੋ ਕੇ ਆਖਰ ਬਾਰਾਂ ਮਿਸਲਾਂ ਰਾਹੀਂ 'ਹੰਨੇ ਹੰਨੇ ਮੀਰੀ'[110] ਪ੍ਰਾਪਤ ਕਰਦੇ ਹਨ।

ਮਿਸਲ ਕਾਲ (1750-1800) ਦੇ ਲਗਪਗ ਅਧੇ ਦਹਾਕੇ ਵਿਚ, ਪਹਿਲਾਂ ਕੀਤੇ ਸੰਕੇਤ ਮੁਤਾਬਿਕ, ਜਿਥੇ ਰਾਜਸੀ ਪ੍ਰਬੰਧ ਵਿਚ ਥੋੜ੍ਹੀ ਸੁਰਖਿਆ ਦੇ ਨਾਲ ਸ਼ਾਂਤੀ ਵਰਤਦੀ ਹੈ, ਉਥੇ

106. ਇਰਵਿੰਨ ਦੇ ਹਵਾਲੇ ਨਾਲ, *ਉਹੀ.*
ਨੋਟ : ਇਰਵਿੰਨ ਨੇ 'ਬੰਦੇ' ਦੀ ਥਾਂ ਉਕਾਈ ਨਾਲ 'ਗੁਰੂ' ਪਦ ਵਰਤਿਆ ਹੈ।

107. *ਅਸਰਾਰਿ ਸਮਦੀ,* (ਪੰਜਾਬੀ ਅਨੁ.) ਪੰਨਾ 7.

108. Dr. Bhagat Singh, *A History of The Sikh Misals,* p.418.

109. ਸ. ਰਤਨ ਸਿੰਘ ਭੰਗੂ ਨੇ ਇਸ ਹਾਲਾਤ ਨੂੰ ਬੜੀ ਓਜ਼ਮਈ ਸ਼ੈਲੀ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ :

ਨਵਾਬ ਨਾਦਰ ਤੇ ਨਮੋਸ਼ੀ ਆਈ। ਤਯੋਂ ਤਯੋਂ ਲਾਗੋ ਕਰਨ ਬੁਰਾਈ।
ਟੋਲ ਟੋਲ ਸਿੰਘਨ ਕੋ ਮਾਰੇ। ਜੈਸੇ ਮਾਰੇ ਟੋਲ ਸ਼ਿਕਾਰੇ।
ਜੋ ਸਿੰਘਨ ਕੋ ਆਨ ਬਤਾਵੈ। ਤੁਰਤ ਅਨਾਮ ਸੁ ਤਾਹਿੰ ਦਿਵਾਵੈ।
ਜੋ ਸਿੰਘਨ ਕੋ ਦਸੇ ਗ੍ਰਾਮ। ਤਾਂਕੋ ਦੇਵੈ ਬਹੁਤ ਅਨਾਮ।
ਲਾਲਚ ਇਤ ਸਿੰਘਨ ਪਕੜਾਵੈਂ। ਲੁਕ ਲੁਕ ਸਿੰਘ ਸੁ ਜਾਨ ਬਚਾਵੈਂ।...
ਕਈ ਸਿੰਘ ਰਹਿੰ ਝਾੜਨ ਮਾਂਹੀ। ਕਈ ਸਿੰਘ ਜਾ ਜੰਗਲ ਲੁਕਾਹੀਂ।
ਖੇਤੀ ਕਰੈਂ ਕਈ ਸਿਰ ਨੀਵੇਂ। ਕਿਤਨਕ ਬਿਚ ਬੜ ਖਡਨ ਜੀਵੇਂ॥

*ਸ੍ਰੀ ਗੁਰ ਪੰਥ ਪ੍ਰਕਾਸ਼,* ਸਾਖੀ/ਬੰਦ/ਪੰਨਾ ੯੧/੨-੭/੨੨੪-੫.

110. *ਉਹੀ,* ੧੫੨/੧੧੩/੩੯੪.

ਆਮ ਜਨਤਾ ਦੀ ਕਿਰਤ ਆਧਾਰਿਤ ਲੁਟ, ਜਿਹੜੀ ਦੋ ਤਰੀਕਿਆਂ ਨਾਲ ਹੁੰਦੀ ਸੀ-ਇਕ ਸਰਕਾਰੀ ਲਗਾਨ ਦੇ ਰੂਪ ਵਿਚ ਅਤੇ ਦੂਜੀ ਦੇਸ਼ੀ/ਵਿਦੇਸ਼ੀ ਹਮਲਾਵਰਾਂ ਰਾਹੀਂ-ਵੀ ਬੰਦ ਹੁੰਦੀ ਹੈ। ਕਿਰਤ ਆਧਾਰਿਤ ਲੁਟ ਦੇ ਬੰਦ ਹੋਣ ਪਿਛੇ ਦੋ ਕਾਰਨ ਮੁਖ ਰੂਪ ਵਿਚ ਕਾਰਜਸ਼ੀਲ ਨਜ਼ਰ ਆਉਂਦੇ ਹਨ-ਪਹਿਲਾ ਗੁਰੂ ਸਾਹਿਬ ਦੁਆਰਾ ਸਥਾਪਿਤ ਸਿਧਾਂਤ 'ਕਿਰਤ ਕਰਨ ਅਤੇ ਵੰਡ ਛਕਣ ਦਾ' ਸਿੱਖ ਮਿਸਲਦਾਰਾਂ/ਸਰਦਾਰਾਂ ਲਈ ਟੇਕ ਸੀ ਤੇ ਦੂਸਰਾ ਲਗਪਗ ਸਾਰੇ ਸਿੱਖ ਮਿਸਲਦਾਰ ਆਗੂ, ਜਿਵੇਂ ਕਿ ਅਸੀਂ ਅਗਲੇ ਪੰਨਿਆਂ 'ਤੇ ਵੇਖਾਂਗੇ, ਕਿਰਸਾਣੀ ਜੀਵਨ ਵਿਚੋਂ ਸਨ ਅਤੇ ਆਮ ਖਾਸ ਦੀਆਂ ਮੁਸ਼ਕਿਲਾਂ ਸਮਝਦੇ ਤਥਾ ਮਹਿਸੂਸਦੇ ਸਨ।

ਸ਼ੁਰੂ ਸ਼ੁਰੂ ਵਿਚ ਸਿੱਖ ਸਰਦਾਰਾਂ ਨੇ ਆਪਣੇ ਅਧੀਨ ਇਲਾਕਿਆਂ ਵਿਚ 'ਰਾਖੀ ਪ੍ਰਬੰਧ'[111] ਅਧੀਨ ਵਖ-ਵਖ ਪ੍ਰਕਾਰ ਦਾ ਲਗਾਨ ਵਸੂਲ ਕਰਨਾ ਸ਼ੁਰੂ ਕੀਤਾ। ਇਹ ਆਮ ਤੌਰ ਤੇ ਕੁਲ ਉਪਜ ਦਾ 1/3 ਜਾਂ ਅਨਾਜ ਦੇ ਰੂਪ ਵਿਚ ਹੁੰਦਾ ਸੀ। ਕਨਿੰਘਮ ਨੇ ਔਸਤਨ 1/5 ਦੱਸਿਆ ਹੈ।[112] ਕਿਤੇ ਕਿਤੇ ਇਹ ਉਪਜ ਦਾ ਅਧ ਵੀ ਹੁੰਦਾ ਸੀ, ਪਰ ਮੈਲਕਮ ਦੀ ਸੂਚਨਾ ਅਨੁਸਾਰ ਪ੍ਰਾਪਤ ਲਗਾਨ ਕਦੇ ਵੀ ਮਿਸਲ ਸਰਦਾਰ ਸਾਰਾ ਆਪ ਨਹੀਂ ਸੀ ਰਖਦਾ, ਸਗੋਂ ਬਾਕੀ ਸਰਦਾਰਾਂ/ਫੌਜਾਂ ਵਿਚ ਵੰਡ ਦਿਤਾ ਜਾਂਦਾ ਸੀ। ਕਿਸੇ ਵੀ ਮੁਲਕ ਵਿਚ ਰਯੀਅਤ ਨਾਲ ਅਜਿਹਾ ਲਿਹਾਜੀ ਵਰਤਾਉ ਵੇਖਣ ਵਿਚ ਨਹੀਂ ਆਇਆ।[113]

ਸਮਕਾਲੀ ਲੇਖਕ ਸੋਹਣ ਲਾਲ ਸੂਰੀ, ਸ. ਮਹਾਂ ਸਿੰਘ (ਪਿਤਾ, ਮਹਾਰਾਜਾ ਰਣਜੀਤ ਸਿੰਘ) ਦੇ ਦੁਆਰਾ ਰੁਹਤਾਸ ਕਿਲੇ ਦੀ ਜਿਤ ਬਾਅਦ ਪ੍ਰਾਪਤ ਲਗਾਨ ਨੂੰ ਫੌਜਾਂ ਅਤੇ ਲੋਕਾਂ ਵਿਚ ਵੰਡਣ ਦਾ ਲੰਮਾ ਚੌੜਾ ਬਿਰਤਾਂਤ ਦਿੰਦਾ ਹੈ।[114]

ਜੇਮਜ਼ ਬਰਾਊਨ ਨੇ ਲਗਾਨ ਪ੍ਰਾਪਤੀ ਦੇ ਢੰਗ ਬਾਰੇ ਵਿਸਤਾਰ ਨਾਲ ਲਿਖਿਆ ਹੈ। ਉਹ ਲਿਖਦਾ ਹੈ ਕਿ ਸਿੱਖ ਮਿਸਲਾਂ ਦੇ ਚੀਫ਼ ਕਦੇ ਵੀ ਲਗਾਨ ਪ੍ਰਾਪਤ ਕਰਦੇ ਸਮੇਂ ਧਕੇਸ਼ਾਹੀ ਨਹੀਂ ਸੀ ਕਰਦੇ ਤੇ ਨਾ ਹੀ ਉਨ੍ਹਾਂ ਦੇ ਸਿਪਾਹੀ ਕਿਸਾਨਾਂ ਦਾ ਉਜਾੜਾ, ਸਗੋਂ ਦਿਆਲੂ ਤਰੀਕੇ ਨਾਲ ਪੇਸ਼ ਆਉਂਦੇ।[115] ਇਥੋਂ ਤਕ ਕਿ ਕਾਰਦਾਰ (ਲਗਾਨ ਦੇਣ ਵਾਲੇ ਕਿਸਾਨ)

111. ਅਠਾਰਵੀਂ ਸਦੀ ਦੇ ਅਧ ਵਿਚ ਦਲ-ਖਾਲਸਾ ਵਲੋਂ ਮਾਝੇ;ਦੁਆਬੇ ਦੇ ਇਲਾਕਿਆਂ ਵਿਚ ਗਰੀਬ ਤੇ ਕਿਰਤੀ ਕਿਰਸਾਨ ਲੋਕਾਂ ਦੀ ਜਾਨ-ਮਾਲ ਹਿਫਾਜ਼ਤ ਲਈ ਵਿਕਸਤ ਕੀਤਾ ਪ੍ਰਬੰਧ, ਜਿਹੜਾ ਉਪਜ ਦਾ ਅਕਸਰ ਪੰਜਵਾਂ ਭਾਗ ਹੁੰਦਾ ਸੀ। ਲੋਕ ਖੁਦ ਖਾਲਸੇ ਦੀ 'ਰਾਖੀ' ਵਿਚ ਆਉਣਾ ਪਸੰਦ ਕਰਦੇ ਸੀ, ਕਿਉਂਕਿ ਮਿਸਲਦਾਰਾਂ ਦੇ ਆਚਾਰ ਤੇ ਕਰਮ ਸ਼ੁਧ ਤਥਾ ਸਾਤਵਿਕ ਸਨ।

see : *Encyclopedia of Sikhism,* vol .3, p. 445.

112. Cunningham, *A History of the Sikhs,* p.95 (f. no.1).

113. *Sketch of the Sikhs,* p. 126.

114. *ਉਮਦਾ-ਉਤ-ਤਵਾਰੀਖ*, ਦਫਤਰ ਦੂਜਾ (ਪੰਜਾਬੀ ਅਨੁ.), ਪੰਨੇ 18-9.

115. James Brown, 'India tracts', reprinted in Dr. Ganda Singh's *Early Europeon Accounts of the Sikhs, as* 'History of Origin and Progress', pp. 15-6.



ਖੁਦ ਅਨਾਜ ਇਕਠਾ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਦੇ ਸਨ।[116]

ਪਿਆਰਾ ਸਿੰਘ ਪਦਮ ਦੇ ਸ਼ਬਦਾਂ ਵਿਚ "ਮਿਸਲਾਂ ਦੀ ਹਕੂਮਤ ਪਿੰਡਾਂ ਦੀ ਹਕੂਮਤ ਸੀ। ਮਿਸਲਦਾਰ ਆਮ ਕਿਰਤੀ ਕਿਸਾਨਾਂ ਵਿਚੋਂ ਬਣੇ ਹੋਣ ਕਾਰਨ ਉਨ੍ਹਾਂ ਨੂੰ ਆਪਣੇ {ਭਾਈਚਾਰੇ, ਕਿਰਸਾਨਾਂ ਦੇ} ਦੁਖਾਂ-ਸੁਖਾਂ ਦਾ ਪੂਰਾ ਖਿਆਲ ਸੀ। ਇਸ ਸਮੇਂ ਵਡੇ ਜਿਮੀਦਾਰਾਂ ਹਥੋਂ ਜ਼ਮੀਨਾਂ ਨਿਕਲ ਕੇ ਵਾਹਕਾਂ ਅਤੇ ਕਿਰਤੀਆਂ ਦੇ ਕਬਜੇ ਵਿਚ ਆਈਆਂ; ਇਸ ਕਰਕੇ ਪਰਜਾ ਦੀ ਖੁਸ਼ਹਾਲੀ ਵਧੀ, ਜਦੋਂ ਕਿ {ਦੇਸ਼ ਦੇ} ਬਾਕੀ ਪ੍ਰਾਂਤਾ (states) ਵਿਚ ਜ਼ਿਮੀਦਾਰੀ ਨਿਜ਼ਾਮ ਦੀ ਬਿਮਾਰੀ ਲੋਕਾਂ ਦਾ ਲਹੂ ਚੂਸ ਰਹੀ ਸੀ।"[117]

"ਸਿੱਖਾਂ ਨੇ ਸਰਹੰਦ, ਲਾਹੌਰ ਤੋਂ ਮੁਲਤਾਨ ਤਕ, ਡੇਰਾ ਇਸਮਾਈਲ ਤਕ ਕਬਜੇ ਜਮਾਏ ਹੋਏ ਸਨ ਤੇ ਉਨ੍ਹਾਂ ਤੋਂ ਬਿਨ੍ਹਾਂ ਕਿਸੇ ਰੁਕਾਵਟ ਦੇ ਇਸਦਾ ਮਾਲੀਆ ਉਗਰਾਉਂਦੇ ਸਨ।"[118] ਇਨ੍ਹਾਂ ਦੀ ਹਕੂਮਤ ਵਿਚ ਖੇਤੀਬਾੜੀ ਹੀ ਸੀ, ਜਿਹੜੀ ਸਭ ਤੋਂ ਚੰਗੀ ਹੁੰਦੀ।

ਪੋਲੀਅਰ ਲਿਖਦਾ ਹੈ ਕਿ ਸਿੱਖ ਖੁਦ ਹੀ ਇਕ ਚੰਗੇ ਖੇਤੀਬਾੜੀ ਕਰਨ ਵਾਲੇ ਸਨ, ਇਸ ਲਈ ਉਹ ਕੰਮ ਕਰਨ ਵਾਲਿਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਸਨ।[119] ਪੂਰੇ ਦੇਸ਼ ਵਿਚੋਂ ਇਹ ਰਾਜ (ਪੰਜਾਬ) ਪਾਣੀਆਂ (ਦਰਿਆਵਾਂ) ਦੀ ਵਜ੍ਹਾ ਕਰਕੇ ਵਧੇਰੇ ਅਨਾਜ ਪੈਦਾ ਕਰਦਾ ਸੀ। ਇਸਦੀ ਵਜ੍ਹਾ ਲੋਕਾਂ ਦਾ ਮਿਹਨਤੀ ਹੋਣਾ ਤੇ ਸਿੱਖ ਸਰਦਾਰਾਂ ਦੀ ਦਿਆਲਤਾ ਸੀ।[120] ਹੈਨਰੀ ਪ੍ਰਿੰਸਿਪ ਨੇ ਇਸ ਸਮੇਂ ਦੇ ਖੇਤੀ ਪ੍ਰਬੰਧ ਵਿਚ ਪਟੀਦਾਰੀ, ਮਿਸਲਦਾਰੀ, ਤਾਬੇਦਾਰੀ ਤੇ ਜਗੀਰਦਾਰੀ ਪਰੰਪਰਾਵਾਂ ਦੀ ਗੱਲ ਕੀਤੀ ਹੈ, ਜਿਸ ਵਿਚ ਜੱਟ ਲੋਕ ਖੇਤੀਬਾੜੀ ਕਰਦੇ ਸਨ ਤੇ ਉਹ ਮਿਸਲਦਾਰੀ ਪ੍ਰਬੰਧ ਅਧੀਨ ਸਨ।[121]

ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁਕਾ ਹੈ, ਮਿਸਲ ਚੀਫ ਵਧੇਰੇ ਕਿਰਸਾਨ ਜਾਂ ਹੋਰ ਕੰਮ-ਕਾਜ ਕਰਨ ਵਾਲੇ ਪਰਿਵਾਰਕ ਪਿਛੋਕੜਾਂ ਵਿਚੋਂ ਸਨ, ਇਸ ਕਰਕੇ ਕਿਰਤ ਦਾ ਸਤਿਕਾਰ ਕਾਇਮ ਰਿਹਾ।

ਆਹਲੂਵਾਲੀਆ ਮਿਸਲ ਦੇ ਮੁਖੀ ਸ. ਜੱਸਾ ਸਿੰਘ ਜੀ ਦੇ ਪਿਤਾ ਦੀ ਮੌਤ (1722) ਉਪਰੰਤ ਜਦੋਂ ਉਸਨੂੰ ਮਾਤਾ ਸੁੰਦਰੀ (ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਸੁਪਤਨੀ) ਪਾਸ ਪਹੁੰਚਾਇਆ ਗਿਆ ਤਾਂ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਵਿਚ ਲੀਡਰਸ਼ਿਪ ਦੇ ਗੁਣ ਵੇਖ

116. *Jhelum District Gazetteer,* p. 136.

117. *ਸੰਖੇਪ ਸਿੱਖ ਇਤਿਹਾਸ*, ਪੰਨੇ 136-37.

118. Qazi Nur Muhammad's, *JangNama* (1764-65), (ed.) Ganda Sigh, XLII, pp. 59-60.

119. 'An Account of the Sikhs', reprinted in Dr. Ganda Singh' s *Early Europeon Accounts of the Sikhs,* p.61.

120. William Francklin, 'Military memories of George Thomas', reprinted in Dr. Ganda Singh's *Early Europeon Accounts of the Sikhs,* p.101.

121. Henry Prinsep, *Origin of the Sikh Power in the Punjab and Political Life of Maharaja Ranjit Singh,* pp. 27-9.

ਕੇ ਉਸਦੇ ਚਾਚਾ ਸ. ਭਾਗ ਸਿੰਘ ਤਕ ਉਸਨੂੰ ਪਹੁੰਚਾ ਦਿਤਾ, ਜਿਹੜਾ (ਚਾਚਾ) ਬਹੁਤ ਸਾਰੇ ਜ਼ਿਮੀਂਦਾਰਾਂ ਤੋਂ ਲਗਾਨ /ਪੈਸਾ ਵਸੂਲ ਕਰਦਾ ਸੀ।[122] ਚਾਚੇ ਰਾਹੀਂ ਸ. ਜੱਸਾ ਸਿੰਘ ਆਖਰ ਨਵਾਬ ਕਪੂਰ ਸਿੰਘ ਕੋਲ ਪਹੁੰਚ ਗਿਆ, ਜਿਸਨੇ ਸ. ਜੱਸਾ ਸਿੰਘ ਨੂੰ ਅਨਾਜ ਵੰਡਣ ਤੇ ਘੋੜਿਆਂ ਨੂੰ ਘਾਹ ਚਰਾਉਣ ਦੀ ਸੇਵਾ (ਕਿਰਤ) ਲਗਾਈ, ਜਿਸਨੂੰ ਇਨ੍ਹਾਂ ਤਨਦੇਹੀ ਨਾਲ ਨਿਭਾਇਆ।[123]

ਖੁਦ ਨਵਾਬ ਕਪੂਰ ਸਿੰਘ (1697-1753), ਫੈਜ਼ਲਪੁਰੀਆ ਮਿਸਲ ਦਾ ਸਰਦਾਰ ਸੀ, ਜਿਹੜਾ ਫੈਜ਼ਲਪੁਰ ਦੇ ਚੌਧਰੀ ਸ. ਦਲੀਪ ਸਿੰਘ ਦਾ ਪੁਤਰ ਸੀ। ਸ. ਕਪੂਰ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੇ ਸੰਪਰਕ ਵਿਚ ਵੀ ਰਿਹਾ। ਇਹ ਚੰਗਾ ਨਿਸ਼ਾਨਚੀ, ਤੇਜ ਦੌੜਾਕ ਅਤੇ ਅਤਿ ਦਰਜੇ ਦਾ ਫੁਰਤੀਲਾ ਨੌਜਵਾਨ ਸੀ। ਪਿਤਾ ਨਾਲ ਇਹ ਪਹਿਲਾਂ ਖੇਤੀਬਾੜੀ ਕਰਵਾਉਂਦਾ ਹੁੰਦਾ ਸੀ ਤੇ ਕਿਰਤੀਆਂ ਦੀ ਪ੍ਰਤੀਨਿਧ ਸ਼੍ਰੇਣੀ ਵਿਚ ਇਹ ਜੱਟ ਭਾਈਚਾਰੇ ਨਾਲ ਸੰਬੰਧਿਤ ਸੀ।[124]

ਸ. ਛਜੂ ਸਿੰਘ, ਜਿਹੜਾ ਭੰਗੀ ਮਿਸਲ ਦਾ ਸੰਸਥਾਪਕ ਸੀ, ਵੀ ਖੇਤੀਬਾੜੀ ਕਰਨ ਵਾਲੇ ਪਰਿਵਾਰ ਵਿਚ ਪਿੰਡ ਪੰਜਵਰ (ਅੰਮ੍ਰਿਤਸਰ) ਵਿਚ ਪੈਦਾ ਹੋਇਆ।[125] ਇਸਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਤੇ ਬਾਬਾ ਬੰਦਾ ਸਿੰਘ ਜੀ ਦੇ ਨਾਲ ਰਿਹਾ। ਇਸੇ ਮਿਸਲ ਦੇ ਅਗਲੇ ਸਰਦਾਰ ਭੀਮਾ ਸਿੰਘ ਵੀ ਕਿਰਤ ਕਰਕੇ ਰੋਟੀ ਖਾਣ ਵਾਲੇ ਢਿਲੋਂ ਪਰਿਵਾਰ ਵਿਚੋਂ ਸਨ। ਇਸ ਸਰਦਾਰ ਨੇ ਨਾਦਰਸ਼ਾਹ ਦੇ ਹਮਲੇ (1839) ਦਾ ਮੂੰਹ ਤੋੜ ਉਤਰ ਦਿਤਾ ਤੇ ਛੋਟੇ ਘਲੂਘਾਰੇ (1746) ਵਿਚ ਸ਼ਹੀਦ ਹੋਇਆ। ਭੰਗੀ ਮਿਸਲ ਦਾ ਉਘਾ ਸਰਦਾਰ ਹਰੀ ਸਿੰਘ ਵੀ ਖੇਤੀ ਕਰਨ ਵਾਲੇ ਸਰਦਾਰ ਦਾ ਪੁਤਰ ਸੀ।[126]

ਰਾਮਗੜ੍ਹੀਆ ਮਿਸਲ ਦਾ ਉਘਾ ਸਰਦਾਰ ਜੱਸਾ ਸਿੰਘ, ਸ. ਭਗਵਾਨ ਦਾ ਪੁਤਰ ਸੀ, ਜਿਹੜਾ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਖਾਨ ਦੀ ਫੌਜ ਵਿਚ ਨੌਕਰੀ ਕਰਦਾ ਸੀ। ਇਸਨੂੰ ਸਰਕਾਰ ਵੱਲੋਂ ਪੰਜ ਪਿੰਡ ਵੀ ਇਨਾਮ ਵਿਚ ਮਿਲੇ ਹੋਏ ਸਨ।[127] ਜੱਸਾ ਸਿੰਘ ਇਕ ਅਫਸਰ ਵਜੋਂ ਵੀ ਇਸ ਫੌਜ ਵਿਚ ਰਿਹਾ ਅਤੇ ਤਹਿਸੀਲਦਾਰ ਦੇ ਅਹੁਦੇ ਤਕ ਦੀ ਕਿਰਤ ਕਮਾਈ ਕਰਦਾ ਰਿਹਾ।[128] ਜੱਸਾ ਸਿੰਘ ਦਾ ਦਾਦਾ ਹਰਨਾਮ ਸਿੰਘ ਲੱਕੜ ਦਾ ਕੰਮ (carpenter) ਕਰਦਾ ਸੀ।[129] ਧਿਆਨ ਰਹੇ ਕਿ ਰਾਮਗੜ੍ਹੀਆ ਮਿਸਲ ਦਾ ਸੰਸਥਾਪਕ ਸ. ਖੁਸ਼ਾਲ ਸਿੰਘ ਸੀ ਤੇ ਇਹ ਵੀ ਇਕ ਸਾਧਾਰਨ ਪਰਿਵਾਰ ਵਿਚੋਂ ਸੀ। ਬਾਬਾ ਬੰਦਾ ਸਿੰਘ ਤੋਂ

122. ਸੋਹਨ ਲਾਲ ਸੂਰੀ, *ਉਮਦਾ-ਉ-ਤਵਾਰੀਖ*, ਦਫਤਰ ਦੂਜਾ, ਪੰਨਾ 25.
123. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਸਾਖੀ/ਬੰਦ/ਪੰਨਾ ੮੪.੨/੧੨-੩/੨੦੯.
124. W.L. M'Greffor, *The History of the Sikhs*, p. 128.
125. Muhammad Latif, *History of the Punjab*, p. 296.
126. Lepel Griffin, *The Punjab Chiefs*, pp. 385-86.
127. Hari Ram Gupta, *History of The Sikhs*, vol.4, p.276.
128. ਕਨ੍ਹਈਆ ਲਾਲ, *ਤਾਰੀਖ-ਏ-ਪੰਜਾਬ*, (ਪੰਜਾਬੀ ਅਨੁ.), ਪੰਨੇ 87-8.
129. ਗਿ. ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਭਾਗ ਦੂਜਾ, ਪੰਨੇ 233-34.



ਪਾਹੁਲ ਲੈ ਕੇ ਇਹ ਆਪਣੇ 'ਅਸਲੀ ਰੂਪ' ਵਿਚ ਆ ਗਿਆ ਸੀ।[130]

ਕਨ੍ਹਈਆ ਮਿਸਲ ਦਾ ਮੁਖੀ ਸਰਦਾਰ ਜੈ ਸਿੰਘ, ਲਾਹੌਰ ਤੋਂ 15 ਮੀਲ ਦੂਰ ਦੱਖਣ ਦੇ ਪਿੰਡ ਕਨਾਰ ਵਿਚ ਪਿਤਾ ਸ. ਖੁਸ਼ਾਲ ਸਿੰਘ, ਇਕ ਖੇਤੀਬਾੜੀ ਕਰਨ ਵਾਲੇ ਕਿਰਸਾਨ ਦੇ ਘਰ ਪੈਦਾ ਹੋਇਆ।[131]

ਸ਼ੁਕਰਚਕੀਆ ਮਿਸਲ, ਜਿਸ ਮਿਸਲ ਵਿਚੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਪੈਦਾ ਹੋਏ, ਦੇ ਮੋਢੀ ਭਾਈ ਬੁਧ ਸਿੰਘ ਇਕ ਕਿਸਾਨ ਸਨ। ਇਨ੍ਹਾਂ ਦੀ 25 ਏਕੜ ਆਪਣੀ ਪੈਲੀ ਸੀ ਤੇ ਇਕ ਖੂਹ ਸੀ।[132] ਇਸ ਕੋਲ ਆਪਣੇ ਬਲਦ, ਘੋੜੇ ਤੇ ਹੋਰ ਖੇਤੀ ਦਾ ਸਮਾਨ ਵੀ ਸੀ।[133] ਇਸ ਦਾ ਬੇਟਾ ਨੌਧ ਸਿੰਘ ਸੋਕੇ ਦੇ ਸਮੇਂ ਬਲਦਾਂ ਰਾਹੀਂ ਅਨਾਜ ਮਾਝੇ ਦੇ ਇਲਾਕੇ ਵਿਚ ਪਹੁੰਚਾਉਂਦਾ ਸੀ।[134] ਇਸ ਦਾ ਪੁੱਤਰ ਚੜਤ ਸਿੰਘ, ਜਿਹੜਾ ਸਹੀ ਅਰਥਾਂ ਵਿਚ ਇਸ (ਸ਼ੁਕਰਚਕੀਆ) ਮਿਸਲ ਦਾ ਆਗੂ ਸੀ, ਨੇ ਸਹੀ ਅਰਥਾਂ ਵਿਚ 'ਰਾਖੀ ਪ੍ਰਬੰਧ' ਚਲਾਇਆ, ਇਸੇ ਦਾ ਪੁਤਰ ਸ. ਮਹਾਂ ਸਿੰਘ ਸੀ, ਜਿਸ ਦੇ ਘਰ ਮਹਾਂਬਲੀ ਰਣਜੀਤ ਸਿੰਘ ਪੈਦਾ ਹੋਇਆ।

ਡਲੇਵਾਲੀਆ ਮਿਸਲ ਦਾ ਸੰਸਥਾਪਕ ਸ. ਗੁਲਾਬ ਸਿੰਘ, ਸ਼ਰਧਾ ਰਾਮ ਖਤਰੀ ਦਾ ਪੁਤਰ ਸੀ, ਜਿਸਦੀ ਸਬਜੀਆਂ, ਭਾਜੀਆਂ ਦੀ ਦੁਕਾਨ ਹੁੰਦੀ ਸੀ ਤੇ ਇਹ ਆਪਣੇ ਪਿਤਾ ਨਾਲ ਅਕਸਰ ਹਥ ਵਟਾਉਂਦਾ ਸੀ।[135]

ਸ਼ਹੀਦ ਜਾਂ ਨਿਹੰਗ ਮਿਸਲ ਦੇ ਮੁਖੀ ਬਾਬਾ ਦੀਪ ਸਿੰਘ ਜੀ ਸ਼ਹੀਦ ਜਿਥੇ ਸੂਰਮੇ ਸੰਤ ਸਿਪਾਹੀ ਸਨ, ਉਥੇ ਵਿਦਵਾਨ ਵੀ ਬਹੁਤ ਵਡੇ ਸਨ। ਇਨ੍ਹਾਂ ਨੇ ਲਗਪਗ 4 ਕਾਪੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਥ-ਲਿਖਤਾਂ ਤਿਆਰ ਕੀਤੀਆਂ। ਲੰਮਾ ਚਿਰ ਇਹ ਕਥਾ ਵਿਖਿਆਨ ਦੀ ਸੇਵਾ ਨਿਭਾਉਂਦੇ ਰਹੇ।[136]

ਨਕਈ ਮਿਸਲ ਦਾ ਸੰਸਥਾਪਕ ਸ. ਹੀਰਾ ਸਿੰਘ, ਹੇਮ ਰਾਜ ਵਾਸੀ ਬਾਹਰਵਾਲ (ਚੂੰਨੀਆ, ਲਾਹੌਰ) ਦਾ ਪੁਤਰ ਸੀ ਤੇ ਘੋੜਿਆਂ ਦਾ ਬਹੁਤ ਸ਼ੌਕੀਨ ਸੀ। ਇਹ 1731 ਈ. ਨੂੰ ਪੰਥ ਵਿਚ ਸ਼ਾਮਿਲ ਹੋਇਆ ਤੇ ਸਤਲੁਜ ਰਾਵੀ ਦੇ ਵਿਚਕਾਰ ਕਈ ਇਲਾਕਿਆਂ 'ਤੇ ਕਬਜੇ ਕੀਤੇ। ਇਹ ਆਪਣੀ 'ਦਰਗਾਹ' ਵਿਚ ਹਮੇਸ਼ਾਂ ਲੰਗਰ ਲਾਈ ਰਖਦਾ ਸੀ।[137]

130. M' Gregor, *A History of the Sikhs*, vol.1, p. 130.
131. Lepal Griffin, *The Punjab Chiefs*, p. 271.
132. Carmichael Smyth, *A History of refning Family of Lahore*, p. 141.
133. *ibid.*
134. *ibid.*
135. ਗਿ. ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਭਾਗ ਦੂਜਾ, ਪੰਨਾ 250.
136. Bhagat Lakshman Singh, *Sikh Martyrs*, pp. 195-98.
137. Khazan Singh, *History and Philosophy of the Sikh Religion*, (ed.), Prithipal Singh Kapur, part 1, p. 261.

ਨਿਸ਼ਾਨਵਾਲੀਆ ਮਿਸਲ ਦਾ ਸਰਦਾਰ, ਸ. ਦਸੌਂਧਾ ਸਿੰਘ ਪਿੰਡ ਸੁਰਦੇਵ, ਕੋਟ ਈਸੇ ਖਾਂ ਤੋਂ 5 ਕੋਹ ਦਖਣ ਵਲ ਵਾਕਿਆ, ਦਾ ਰਹਿਣ ਵਾਲਾ ਸੀ ਅਤੇ ਦਲ ਖਾਲਸਾ ਵਿਚ ਰਲਣ ਤੋਂ ਪਹਿਲਾਂ ਆਪਣੇ ਪਿਤਾ ਚੌਧਰੀ ਸਾਹਿਬ ਰਾਇ ਨਾਲ ਆਪਣੀ ਜ਼ਮੀਨ ’ਤੇ ਕਿਰਸਾਨੀ ਕਰਦਾ ਸੀ।[138] ਪਿਛੋਂ ਇਹ ਤਰੁਣਾ ਦਲ ਦਾ ਮੁਖੀ ਵੀ ਬਣਿਆ।

ਕਰੋੜ ਸਿੰਘੀਆ ਮਿਸਲ ਦਾ ਸ. ਸ਼ਾਮ ਸਿੰਘ, ਨਾਰਲੀ ਪਿੰਡ ਦੇ ਰਹਿਣ ਵਾਲਾ ਸੀ ਤੇ ਸ. ਰਤਨ ਸਿੰਘ ਭੰਗੂ ਅਨੁਸਾਰ ਇਹ ਅਛੂਤਾਂ ਵਿਚ ਲੰਗਰ ਖੁਦ ਵਰਤਾਉਂਦਾ ਤੇ ਉਨ੍ਹਾਂ ਦੇ ਘਰੀਂ ਤਕ ਦੇਣ ਜਾਂਦਾ ਸੀ।[139] ਆਪ ਇਹ ਹਮੇਸ਼ਾਂ ਪਿਛੋਂ ਲੰਗਰ ਛਕਦਾ।[140] ਇਸੇ ਮਿਸਲ ਦਾ ਇਕ ਹੋਰ ਉਘਾ ਮਿਸਲਦਾਰ ਆਗੂ, ਸ. ਬਘੇਲ ਸਿੰਘ, ਜਿਸਨੇ ਮਾਰਚ 1783 ਈ. ਵਿਚ ਦਿੱਲੀ ਫਤਹਿ ਕਰਕੇ ਲਾਲ ਕਿਲੇ ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਤੇ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਦੀ ਨਿਸ਼ਾਨਦੇਹੀ ਕੀਤੀ ਸੀ, ਝਬਾਲ ਪਿੰਡ ਆਪਣੀ ਭੈਣ ਸੁਖਨ ਦੇ ਕੋਲ ਰਹਿੰਦਾ ਸੀ।[141] ਸ. ਕਪੂਰ ਸਿੰਘ ਦੇ ਡੇਰੇ ਆਉਣ ਤੋਂ ਪਹਿਲਾਂ ਇਹ ਆਪਣੇ ਭਰਾਵਾਂ ਨਾਲ ਖੇਤੀਬਾੜੀ ਕਰਦਾ ਸੀ। ਪਿਛੋਂ ਇਹ ਲੰਮਾ ਚਿਰ ਸ. ਕਰੋੜ ਸਿੰਘ ਦਾ ਗੜਵਈ ਬਣਿਆ ਰਿਹਾ।

ਫੂਲਕੀਆ ਮਿਸਲ ਦੇ ਵਡੇਰੇ ਚੌਧਰੀ ਫੂਲ ਆਦਿ ਪਹਿਲਾਂ ਖੇਤੀ ਕਰਦੇ ਸਨ। ਇਨ੍ਹਾਂ ਦੇ ਵਡੇਰੇ ਭਾਈ ਰੂਪ ਚੰਦ ਹੁਰੀਂ ਵੀ ਖੇਤੀਬਾੜੀ ਹੀ ਕਰਦੇ ਸਨ।[142] ਸ. ਆਲਾ ਸਿੰਘ (1695-1765), ਜੋ ਇਸ ਮਿਸਲ ਦਾ ਅਸਲ ਵਾਰਿਸ ਬਣਿਆ, ਦੇ ਦਾਨੀ ਅਤੇ ਕਿਰਤੀ ਸੁਭਾਅ ਦੀਆਂ ਅਨੇਕ ਕਹਾਣੀਆਂ ਲੋਕਧਾਰਾ ਵਿਚ ਪ੍ਰਸਿਧ ਹਨ।[143]

ਉਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੁੰਦਾ ਹੈ ਕਿ ਲਗਪਗ ਸਾਰੇ ਮਿਸਲਦਾਰ ਸਰਦਾਰ ਕਿਰਤੀ ਕਿਰਸਾਨ ਪਰਿਵਾਰਾਂ ਵਿਚੋਂ ਸਨ ਤੇ ਉਸ ਸਮੇਂ ਦਾ ਮੁਖ ਕਿੱਤਾ ਖੇਤੀਬਾੜੀ ਕਰਦੇ ਸਨ। ਮਿਸਲਦਾਰ ਬਣਨ ਉਪਰੰਤ ਵੀ ਇਨ੍ਹਾਂ ਆਪਣੇ ਦਾਨੀ ਤੇ ਕਿਰਤੀ ਸੁਭਾਅ ਨਹੀਂ ਤਿਆਗੇ ਸਨ, ਸਗੋਂ ਸੇਵਾਦਾਰ ਬਣਨ ਵਿਚ ਮਾਣ ਸਮਝਦੇ ਸਨ। ਮਿਸਲਦਾਰੀ ਪ੍ਰਬੰਧ ਦੀ ਬਣਤਰ ਵੀ ਪਰਜਾਤੰਤਰੀ ਸੀ, ਜਿਹੜੀ ਸਿੱਖੀ ਅਸੂਲਾਂ ਉਤੇ ਉਸਰੀ ਹੋਈ ਸੀ।[144] ਇਹ ਜਗੀਰਦਾਰੀ ਪ੍ਰਣਾਲੀ ਵਾਲਾ ਸੰਘੀ ਪ੍ਰਬੰਧ ਨਹੀਂ ਸੀ, ਜਿਵੇਂ ਕਨਿੰਘਮ ਉਕਾਈ ਕਰਦਾ ਲਿਖਦਾ ਹੈ,[145] ਸਗੋਂ ਸਮਕਾਲੀ ਹਾਲਾਤਾਂ ਵਿਚ ਜਗੀਰਦਾਰੀ ਦੇ ਪ੍ਰਭਾਵ ਜ਼ਰੂਰ ਪੈ ਰਹੇ ਸਨ। ਗੋਰਡਨ ਲਿਖਦਾ ਹੈ ਕਿ “ਸਰਦਾਰ ਤਾਨਸ਼ਾਹਾਂ ਵਾਂਗ ਨਹੀਂ ਵਿਚਰ ਸਕਦੇ ਸਨ,

138. Hari Ram Gupta, *History of the Sikhs,* vol.1, p. 29.

139. *ਸ੍ਰੀ ਗੁਰ ਪੰਥ ਪ੍ਰਕਾਸ਼,* ਸਾਖੀ/ਬੰਦ/ਪੰਨਾ ੧੫੬/੯-੧੦/੪੦੫.

140. *ਉਹੀ,* ੧੫੬/੧੨-੩/੪੦੫.

141. ਸ. ਰਤਨ ਸਿੰਘ ਭੰਗੂ ਇਸਨੂੰ ਝੁਬਾਲੀਆ (ਝੁਬਾਲੋ) ਹੀ ਦਸਦਾ ਹੈ, *ਉਹੀ,*

142. Lepel Griffin, *Punjab Chiefs,* p. 6.

143. ਵੇਖੋ: *ਤਜ਼ਰਬਾ-ਇ ਫੂਲਕੀਆ* (ਉਰਦੂ) ਵਿਚ ਅਜਿਹੀਆਂ ਅਨੇਕਾਂ ਕਹਾਣੀਆਂ।

144. A.C. Banrjee, *Anglo Sikh Relation,* p. LXVII.

145. *A History of the Sikhs,* p.94.



ਮਿਸਲਾਂ ਪਰਜਾਤੰਤਰੀ ਅਸੂਲਾਂ ਉਤੇ ਉਸਰੀਆਂ ਹੋਈਆਂ ਸਨ।”[146] ਇਹ ਲੋਕ ਰਾਜੀ ਨੀਹਾਂ ਉਤੇ ਉਸਰਿਆ ਅਜਿਹਾ 'ਅਲਪਤੰਤਰ'[147] ਸੀ, ਜਿਥੇ ਸਾਰੇ ਸਰਦਾਰ ਤੇ ਉਹਦੇ ਅਹਿਲਕਾਰ ਇਕੋ ਪੰਗਤ ਵਿਚ ਬਹਿ ਕੇ ਇਕੋ ਲੰਗਰ ਛਕਦੇ ਸਨ।[148]

ਮਿਸਲਦਾਰੀ ਪ੍ਰਬੰਧ ਸਮੇਂ ਔਰਤਾਂ ਦਾ ਯੋਗਦਾਨ ਵੀ ਸਾਡੇ ਵਿਚਾਰਧੀਨ ਵਿਸ਼ੇ (ਕਿਰਤ) ਪਖੋਂ ਕਿਸੇ ਤਰ੍ਹਾਂ ਘਟ ਨਹੀਂ। ਇਸ ਪ੍ਰਬੰਧ ਵਿਚ ਜਿਥੇ ਉਹ ਘਰ, ਲੰਗਰ-ਪਾਣੀ ਆਦਿ ਦੇ ਪ੍ਰਬੰਧ ਵਿਚ ਆਪਣੀ ਕਿਰਤ ਕਮਾਈ ਕਰਦੀਆਂ, ਉਥੇ ਪ੍ਰਬੰਧ, ਹਾਕਮ ਜਾਂ ਸਲਾਹਕਾਰ ਦੇ ਨਾਲ-ਨਾਲ ਸੈਨਿਕ ਬਣ ਕੇ ਵੀ ਵਿਚਰੀਆਂ। ਡਾ. ਹਰੀ ਰਾਮ ਗੁਪਤਾ, 1798-99 ਈ. ਦੇ ਸ਼ਾਹ ਜਮਾਨ ਦੇ ਅੰਤਿਮ ਹੱਲੇ ਦੇ ਪ੍ਰਸੰਗ ਵਿਚ ਸ. ਮਿਲਖਾ ਸਿੰਘ (ਰਾਵਲਪਿੰਡੀ) ਦੀ ਸਿੰਘਣੀ; ਜਿਸਨੇ ਅਫਗਾਨੀ ਫੌਜ ਦਾ ਦਲੇਰੀ ਨਾਲ ਟਾਕਰਾ ਕੀਤਾ, ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਨਿਰਸੰਦੇਹ ਕੇਵਲ ਸਿੱਖ ਕੌਮ ਹੀ ਅਜਿਹੀ ਇਕੋ ਇਕ ਕੌਮ ਹੈ ਜਿਸਨੇ ਇਕ ਸਦੀ ਦੇ ਇਤਿਹਾਸ (1700-1800) ਵਿਚ ਘਟੋ-ਘਟ ਇਕ ਦਰਜਨ ਅਜਿਹੀਆਂ ਔਰਤਾਂ ਨੂੰ ਜਨਮ ਦਿਤਾ ਜੋ ਅਤਿਅੰਤ ਦਿਮਾਗੀ ਸ਼ਕਤੀ, ਦਲੇਰੀ ਤੇ ਉਚ ਯੋਗਤਾ ਵਾਲੀਆਂ ਸਨ।[149] ਪ੍ਰਬੰਧਕ, ਸਾਲਹਕਾਰ ਜਾਂ ਹਾਕਮ ਦੀ ਹੈਸੀਅਤ ਵਿਚ ਅਸੀਂ ਸ. ਗੁਰਬਖਸ਼ ਸਿੰਘ ਕਨ੍ਹਈਆ ਦੀ ਸਿੰਘਣੀ ਸਦਾ ਕੌਰ, ਚੜ੍ਹਤ ਸਿੰਘ ਸ਼ੁਕਰਚਕੀਆ ਦੀ ਪਤਨੀ ਮਾਈ ਸੁਖਾਂ, ਦਲ ਸਿੰਘ ਅਕਾਲਗੜ੍ਹ ਦੀ ਵਿਧਵਾ ਧਰਮ ਕੌਰ, ਆਲਾ ਸਿੰਘ ਦੀ ਰਾਣੀ ਫੱਤ, ਨਾਭਾ ਦੀ ਰਾਣੀ ਦੇਸਾਂ, ਅੰਬਾਲਾ ਦੀ ਰਾਣੀ ਦਿਆ ਕੌਰ... ਆਦਿ ਕਿੰਨੀਆਂ ਹੀ ਨਾਮਾਵਰ ਔਰਤਾਂ ਤੇ ਨਾਂ ਗਿਣ ਸਕਦੇ ਹਾਂ,[150] ਜੋ ਭਲੀਭਾਂਤ ਸਚੀ ਕਿਰਤ ਕਮਾਈ ਨੂੰ ਪ੍ਰਣਾਈਆਂ ਹੋਈਆਂ ਸਨ।

## (3) ਰਣਜੀਤ-ਕਾਲ

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਾਲਸਾ ਰਾਜ ਸੀ, ਭਾਵੇਂ ਸਮਕਾਲੀ ਪ੍ਰਸਥਿਤੀਆਂ ਵਿਚ ਉਸਨੂੰ ਖੁਦ-ਮੁਖਤਿਆਰੀ ਫੈਸਲੇ ਵੀ ਲੈਣੇ ਪੈਂਦੇ ਰਹੇ। ਡਾ. ਸਿਨਹਾ ਅਨੁਸਾਰ “ਉਹ ਕੁਲ ਮੁਖਤਿਆਰ ਹਾਕਮ ਦੇ ਤੌਰ ਤੇ ਵੀ ਕੰਮ ਕਰ ਜਾਂਦਾ ਸੀ, ਪਰ ਉਹ ਸਦਾ ਖਾਲਸੇ ਦੇ ਨਾਂ ਉਤੇ ਹੁਕਮ ਚਲਾਉਂਦਾ ਸੀ।”[151]

ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਪਹਿਲੀ ਵਾਰ ਸਦੀਆਂ ਬਾਅਦ ਰਾਜਸੀ ਗੜਬੜ ਖਤਮ ਹੋਈ ਤੇ ਅਨੇਕਾਂ ਨਵੇਂ ਕਿੱਤਿਆਂ ਦਾ ਵਿਕਾਸ ਹੋਇਆ। ਮਹਾਰਾਜਾ ਖੁਦ ਵੀ ਕਿਰਤ ਪਸੰਦ ਹਾਕਮ ਸੀ। ਉਸਨੇ ਘਰੇਲੂ ਦਸਤਕਾਰੀ ਵਿਚ ਨਿਜੀ

146. *The Sikhs,* p.72.

147. *ibid,* p.76.

148. Ibbisten, *Gllosary of Casts and Tribes,* vol.1, p. 704.

149. *History of the Sikhs,* vol.3, pp. 93-4.

150. ਹੋਰ ਵੇਖੋ: ਸਿਮਰਨ ਕੌਰ, *ਪ੍ਰਸਿਧ ਸਿੱਖ ਬੀਬੀਆਂ,* ਪੰਨੇ 140-47.

151. *ਮਾਹਾਰਾਜਾ ਰਣਜੀਤ ਸਿੰਘ,* (ਪੰਜਾਬੀ ਅਨੁ.), ਪੰਨਾ 100.

ਦਿਲਚਸਪੀ ਲੈਣ ਦੇ ਨਾਲ-ਨਾਲ ਖੇਤੀਬਾੜੀ, ਜਿਹੜੀ ਕਿ ਉਸ ਸਮੇਂ ਦਾ ਮੁਖ ਕਿੱਤਾ ਤੇ ਸਰਕਾਰੀ ਆਮਦਨ/ਆਰਥਿਕਤਾ ਦਾ ਮੁਖ ਸਰੋਤ ਸੀ, ਦੇ ਵਿਕਾਸ ਤਥਾ ਸੰਭਾਲ ਵਲ ਵਿਸ਼ੇਸ਼ ਤਵਕੋਂ ਦਿਤੀ। ਉਹ ਕਿਰਤੀ ਕਿਰਸਾਨਾਂ ਦੀ ਹਡ-ਭੰਨਵੀਂ ਮਿਹਨਤ ਦੀ ਕਦਰ ਵੀ ਕਰਦਾ ਸੀ ਤੇ ਇਨ੍ਹਾਂ ਦੀਆਂ ਫਸਲਾਂ ਦੀ ਸੰਭਾਲ ਦਾ ਖਿਆਲ ਵੀ, ਨਿਜੀ ਤੌਰ ਉਤੇ ਦਿਲਚਸਪੀ ਲੈ ਕੇ ਰਖਦਾ ਸੀ। ਉਦਾਹਰਣ ਵਜੋਂ ਮਹਾਰਾਜੇ ਵਲੋਂ ਵਖੋ-ਵਖ ਸਮੇਂ ਭੇਜੇ ਸ਼ਾਹੀ ਪ੍ਰਵਾਨੇ, ਜਿਨ੍ਹਾਂ ਦੀ ਗਿਣਤੀ 450 ਦੇ ਕਰੀਬ ਹੈ, ਵਿਚੋਂ 9 ਪੋਹ, 1890 ਬਿ. (21 ਦਸੰਬਰ, 1833) ਦਾ ਪੇਸ਼ ਕੀਤਾ ਜਾ ਸਕਦਾ ਹੈ, ਜਿਹੜਾ ਲਾਹੌਰ ਤੋਂ ਜਗੀਰਦਾਰਾਂ ਨੂੰ ਤਾੜਨਾ ਹਿਤ ਜਾਰੀ ਕੀਤਾ ਗਿਆ ਕਿ ਆਪਣੀਆਂ (ਨਿਜੀ) ਫੌਜਾਂ ਦੇ ਮਾਰਚ ਸਮੇਂ ਕੰਮ-ਕਾਜੀ ਲੋਕਾਂ ਦੇ ਕਿੱਤਿਆਂ ਤੇ ਜਮੀਨਾਂ ਦਾ ਵਿਸ਼ੇਸ਼ ਧਿਆਨ ਰਖਣ। ਫੁਰਮਾਨ ਅਨੁਸਾਰ "ਰਸਤੇ ਵਿਚ, ਫਸਲਾਂ ਦੀ, ਖੂਹਾਂ ਦੀ, ਖੂਹਾਂ ਦੇ ਲਕੜੀ ਦੇ ਸਾਜੋ-ਸਮਾਨ ਦੀ ਅਤੇ ਰਾਹੀਆਂ ਦੀਆਂ ਚੀਜਾਂ ਦੀ ਹਿਫਾਜ਼ਤ ਤੁਹਾਡਾ {ਜਗੀਰਦਾਰਾਂ ਦਾ} ਜ਼ਿੰਮਾ ਹੈ। ਕਿਸੇ ਨੂੰ ਕਿਸੇ ਕਿਸਮ ਦੀ ਤਕਲੀਫ ਨਾ ਪਹੁੰਚੇ।"[152] ਇਸੇ ਤਰ੍ਹਾਂ ਹੋਰ ਫੁਰਮਾਨਾਂ ਵਿਚ ਜ਼ਮੀਨਾਂ ਜਾਂ ਖੂਹਾਂ ਵਿਚ ਦਖਲਅੰਦਾਜ਼ੀ ਕਰਨ ਵਾਲਿਆਂ ਨੂੰ ਹਿਫਾਜ਼ਤ ਦੀ ਸਖਤ ਤਾੜਨਾ ਤੇ ਹਦਾਇਤ ਕੀਤੀ ਗਈ ਹੈ।[153]

ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਗਿਆ ਹੈ, ਇਸ ਸਮੇਂ ਅਨੇਕਾਂ ਕਿੱਤਿਆਂ ਦਾ ਵਿਕਾਸ ਹੋਇਆ। ਲਖਸ਼ਾਹ ਨਾਂ ਦੇ ਇਕ ਕਿੱਸਾਕਾਰ ਨੇ 1247 ਹਿਜ਼ਰੀ (1831ਈ.) ਵਿਚ ਲਿਖੇ ਆਪਣੇ ਕਿੱਸੇ *ਸਸੀ-ਪੁਨੂੰ* ਵਿਚ ਲਗਪਗ 150 ਅਜਿਹੇ ਕਿੱਤਿਆਂ ਦਾ ਵਰਣਨ ਕੀਤਾ ਹੈ, ਜਿਹੜੇ ਉਸ ਸਮੇਂ ਲਾਹੌਰ ਦੇ ਲੋਕਾਂ ਵਿਚ ਵਿਕਸਿਤ ਹੋਏ।[154] ਇਸੇ ਤਰ੍ਹਾਂ ਸਾਵਣ ਯਾਰ *ਸੀਹਰਫੀ ਸਰਕਾਰ ਕੀ* (1830 ਈ.) ਵਿਚ ਔਰਤਾਂ ਦੁਆਰਾ ਖੇਤੀਬਾੜੀ ਜਾਂ ਹੋਰ ਘਰੇਲੂ ਕੰਮ-ਕਾਜਾਂ ਵਿਚ ਜ਼ਿਕਰਯੋਗ ਹਿੱਸਾ ਪਾਉਣ ਦਾ ਕਈ ਵਾਰ ਵੇਰਵਾ ਦਿੰਦਾ ਹੈ।[155] ਲਗਪਗ 1831ਈ. ਦੀ ਹੀ ਅਲੈਕਜੈਂਡਰ ਬਰਨਸ ਦੀ ਰਿਪੋਰਟ ਅਨੁਸਾਰ ਆਮ ਲੋਕਾਂ ਵਿਚ ਕਈ ਲਖ ਦੇ ਕਰੀਬ ਸਿੱਖ ਸਨ ਜਿਹੜੇ ਵਧੇਰੇ ਪਿੰਡਾਂ ਵਿਚ ਰਹਿੰਦੇ ਤੇ ਖੇਤੀਬਾੜੀ ਦੀ ਮੁਖ ਰੂਪ ਵਿਚ ਕਿਰਤ ਕਰਦੇ ਸਨ।[156] ਇਬਸਟਨ ਨੇ ਆਪਣੀ ਰਿਪੋਰਟ ਵਿਚ ਕੁਲ ਵਸੋਂ ਦਾ 8 ਫੀਸਦੀ ਹਿਸਾ ਸ਼ਹਿਰਾਂ ਵਿਚ

152. ਦਸਤਾਵੇਜ ਨੰ.46, (ਫ਼ਾਰਸੀ ਤੋਂ ਪੰਜਾਬੀ), ਵੇਖੋ: ਜੇ.ਐਸ. ਗਰੇਵਾਲ ਤੇ ਇੰਦੂ ਬਾਂਗਾ, *ਮਹਾਰਾਜਾ ਰਣਜੀਤ ਸਿੰਘ: ਸਿਵਲ ਤੇ ਮਿਲਟਰੀ ਮਾਮਲੇ*, ਪੰਨਾ 46.
153. ਦਸਤਾਵੇਜ ਨੰ. 123;129, *ਉਹੀ*, ਪੰਨਾ 124.
154. *ਪਰਖ*, (ਖੋਜ ਪਤ੍ਰਿਕਾ), ਜਿ.2, 1971, ਪੰਨੇ 9-12.
155. ਪਿਆਰਾ ਸਿੰਘ ਪਦਮ, (ਸੰਪਾ.) *ਪੰਜਾਬੀ ਮਹਾਰਾਜਾ*, ਪੰਨੇ 70-72; ਹੋਰ ਵੇਖੋ: Dr. Hari Ram Gupta, 'Life and Manners of The Common People in Ranjit Singh's Punjab', *(1799-1839), in Maharaja Ranjit Singh; Politics, Society and Economy,* (ed.) Fauja Singh, A.C. Arora, p.227.
156. Col. Sir Alexander Burnes, *Cabool: A personal Narrative of A Journey to, and Residence in that city* (1836-38), pp 99-117; also appendix 1, pp 283-304.



ਵਸਦਾ ਦਰਸਾਅ ਕੇ ਲਿਖਿਆ ਹੈ ਕਿ ਸਾਰੇ ਪਰਿਵਾਰ ਲਗਪਗ ਹਥੀਂ ਕੰਮ-ਕਾਜ ਕਰਕੇ ਰੋਟੀ ਖਾਂਦੇ ਸਨ।[157]

ਗਣੇਸ਼ਾ ਦਾਸ ਨੇ ਰਣਜੀਤ-ਕਾਲੀ 'ਕਿਰਤ' ਵਿਚ ਤਿੰਨ ਵਡੇ ਪੇਸ਼ੇ ਮੰਨੇ ਹਨ- ਖੇਤੀਬਾੜੀ, ਵਾਪਾਰ ਤੇ ਸਰਕਾਰੀ ਨੌਕਰੀਆਂ।[158] ਗਣੇਸ਼ਾ ਦਾਸ ਨੇ ਵਧੇਰੇ ਧਿਆਨ ਖਤਰੀਆਂ ਉਤੇ ਕੇਂਦਰਿਤ ਕੀਤਾ ਹੈ, ਇਨ੍ਹਾਂ ਦੇ ਕਿੱਤਿਆਂ ਵਿਚ ਉਹ ਸ਼ਾਹੂਕਾਰੀ, ਕਾਨੂੰਗੋ, ਵਾਪਾਰ ਤੇ ਸਰਕਾਰੀ ਨੌਕਰੀਆਂ ਨੂੰ ਗਿਣਦਾ ਹੈ।[159]

ਉਹ ਪੰਜਾਬ ਦੇ ਵਡੇ ਸ਼ਹਿਰਾਂ ਵਿਚ ਹਿਕਮਤ ਦੇ ਕੰਮ, ਘੋੜਿਆਂ; ਹਿਰਨਾਂ ਦੇ ਵਾਪਾਰ, ਸਾਲ (ਖੇਸ), ਤਲਵਾਰਾਂ, ਲੂਣ ਆਦਿ ਦੇ ਕੰਮਾਂ ਦਾ ਵਿਸਤਾਰ ਸਹਿਤ ਵੇਰਵਾ ਦਿੰਦਾ ਹੈ। ਉਹ ਲਿਖਦਾ ਹੈ ਕਿ ਹਜ਼ਾਰਾਂ ਲੋਕ ਤੋੜੇਦਾਰ ਬੰਦੂਕਾਂ ਬਣਾਉਂਦੇ ਹਨ ਤੇ ਜਬਲਪੁਰ {ਹੁਣ ਪਾਕਿਸਤਾਨ} ਇਸ ਕਿੱਤੇ ਲਈ ਪ੍ਰਸਿਧ ਹੈ।[160] ਸਿਆਲਕੋਟ ਕਾਗਜ਼ ਦਾ ਕਾਰਖਾਨਾ ਹੈ ਤੇ ਕੁੰਜਹ ਵਿਚ ਦਸਤਾਰਾਂ ਬਣਦੀਆਂ ਹਨ।[161]

ਮਹਾਰਾਜਾ ਰਣਜੀਤ ਸਿੰਘ ਨੂੰ ਇਸ ਤਥ ਦਾ ਗਿਆਨ ਸੀ ਕਿ ਖੇਤੀਬਾੜੀ ਜਾਂ ਕਿਸੇ ਕਿਸਮ ਦੇ ਹੋਰ ਕਿੱਤਿਆਂ ਨੂੰ ਕਰਨ ਵਾਲਿਆਂ ਦੀ ਸੰਭਾਲ, ਸੁਰਖਿਆ ਤੇ ਖੁਸ਼ਹਾਲੀ ਵਿਚ ਹੀ ਰਿਆਸਤ/ਰਾਜ ਦੀ ਤਾਕਤ ਹੈ। ਖੇਤੀਬਾੜੀ ਜਾਂ ਹੋਰ ਧੰਦਿਆਂ ਦੇ ਵਿਕਾਸ/ਵਿਨਾਸ਼ ਦਾ ਭਾਵ ਰਿਆਸਤ ਦਾ ਵਿਕਾਸ/ਵਿਨਾਸ਼ ਹੈ। ਮਹਾਰਾਜਾ ਨੇ ਮਾਮਲੇ ਦੀ ਦਰ ਇੰਨੀ ਉਚੀ ਨਹੀਂ ਰਖੀ ਕਿ ਲੋਕ ਉਜੜ ਹੀ ਜਾਣ।[162] ਇਸ ਸਮੇਂ ਜ਼ਮੀਨ ਦੀ ਮੰਡੀ ਨਹੀਂ ਸੀ ਬਣੀ, ਪਰ ਜਿਹੜੇ ਕੰਮ ਨਹੀਂ ਕਰਦੇ ਸੀ, ਉਨ੍ਹਾਂ ਤੋਂ ਜ਼ਮੀਨਾਂ ਖੋਹ ਕੇ ਕੰਮ ਕਰਨ ਵਾਲਿਆਂ ਨੂੰ ਜਰੂਰ ਦਿਤੀਆਂ ਗਈਆਂ।[163] ਚੌਧਰੀਆਂ, ਕਾਰਦਾਰਾਂ, ਨਾਜ਼ਮਾਂ ਆਦਿ ਨੂੰ ਹਦਾਇਤਾਂ ਸਨ ਕਿ ਉਹ ਵਧੇਰੇ ਜ਼ਮੀਨਾਂ ਹਲ ਥਲੇ ਲਿਆਉਣ।[164]

ਖੇਤੀਬਾੜੀ ਕਿੱਤੇ ਦੇ ਵਿਕਾਸ ਲਈ ਮਹਾਰਾਜੇ ਨੇ ਖੂਹਾਂ, ਨਹਿਰਾਂ ਵਲ ਵਿਸ਼ੇਸ਼ ਧਿਆਨ ਦਿਤਾ। ਮੁਲਤਾਨ ਦਾ ਸੂਬੇਦਾਰ ਸਾਵਣ ਮੱਲ ਨਹਿਰਾਂ ਕਢਣ ਤੇ ਖੂਹ ਲੁਆਉਣ ਵਿਚ ਸਭ ਤੋਂ ਪ੍ਰਸਿਧ ਸੀ।

157. *Punjab Casts,* pp. 1; 97-9 etc.
158. *ਚਾਰ-ਬਾਗ-ਏ-ਪੰਜਾਬ, (ਫਾਰਸੀ ਤੋਂ ਪੰਜਾਬੀ), ਮੁਢਲੀ ਉਨੀਵੀਂ ਸਦੀ ਦਾ ਪੰਜਾਬ,* ਪੰਨਾ 10.
159. *ਉਹੀ.*
160. *ਉਹੀ.* ਪੰਨਾ 15.
161. *ਉਹੀ.*
162. ਕੰਨਕੂਟ ਜਮਾਂਬੰਦੀ, ਬਟਾਈ ਆਦਿ ਮਾਮਲੀ-ਪ੍ਰਣਾਲੀਆਂ ਸਨ, ਜਿਨ੍ਹਾਂ ਦੀ ਔਸਤ ਦਰ ਲੋਕ-ਪਧਰ ਅਨੁਸਾਰ ਹੁੰਦੀ ਸੀ।
163. Indu Banga, *Agrarian system of the Sikhs (Late eighteenth and early nineteenth century),* pp.1-11.
164. *Ibid,* pp.118-47.

ਕੇਵਲ ਮੁਲਤਾਨ ਦੇ ਇਲਾਕੇ ਵਿਚ 23 ਦੇ ਕਰੀਬ ਨਹਿਰਾਂ ਤੇ ਸਿਖ ਰਾਜ ਦੇ ਅੰਤ ਤਕ ਸਮੁਚੇ ਰਾਜ ਵਿਚ ਡੇਢ ਲਖ (1,42,506) ਦੇ ਕਰੀਬ ਖੂਹ ਸਨ ਅਤੇ ਰਾਜੇ ਦੀ ਸਾਰੀ ਆਮਦਨ ਦਾ ਆਧਾਰ ਖੇਤੀਬਾੜੀ ਸੀ, ਜਿਸ ਅਧੀਨ ਵਾਹੀਯੋਗ ਭੂਮੀ ਕੁੱਲ 528 ਲੱਖ ਏਕੜ ਵਿਚੋਂ 118 ਲਖ ਏਕੜ ਰਕਬਾ ਕ੍ਰਿਸ਼ੀ-ਅਧੀਨ ਸੀ।[165]

ਮਹਾਰਾਜਾ ਰਣਜੀਤ ਸਿੰਘ ਬਾਰੇ ਲੋਕ-ਕਥਾਵਾਂ ਵਿਚ ਪ੍ਰਸਿਧ ਹੈ ਕਿ ਉਸਨੇ ਕੰਮਕਾਜ ਕਰਨ ਵਾਲੇ ਅਨੇਕਾਂ ਲੋਕਾਂ ਦੇ ਟੈਕਸ ਮਾਫ ਕੀਤੇ ਤੇ ਕਿੰਨੇ ਅਜਿਹੇ ਲੋਕਾਂ ਦੀ ਕਦਰ ਕੀਤੀ। ਇਕ ਉਦਾਹਰਣ ਵਜੋਂ ਜਦੋਂ ਕਸ਼ਮੀਰ ਫਤਹਿ ਕਰਨ ਲਈ ਗੁਜ਼ਰਾਤ (ਹੁਣ ਪਾਕਿਸਤਾਨ) ਤੋਂ ਭਿੰਬਰ ਤਕ ਜਾਣ ਵਾਲੇ ਸ਼ਾਹ-ਰਾਹ ਉਤੇ ਸ਼ਾਹੀ ਫੌਜਾਂ ਸਮੇਤ ਮਹਾਰਾਜ ਸਾਹਿਬ ਜਾ ਰਹੇ ਸਨ ਤਾਂ ਰਸਤੇ ਵਿਚ ਪੜ੍ਹਾਅ ਕਰਨ ਲਈ ਇਕ ਪਿੰਡ ਬਜ਼ੁਰਗਵਾਲ ਕੋਲ ਠਹਿਰਾ ਕੀਤਾ ਗਿਆ। ਸਰਕਾਰੀ ਜਾਸੂਸਾਂ ਰਾਹੀਂ ਪਤਾ ਚਲਿਆ ਕਿ ਇਥੋਂ ਦੇ ਲੋਕ ਖਡੀ ਬੁਣਦੇ ਹਨ ਤੇ ਟੈਕਸ ਐਨਾ ਭਰਦੇ ਹਨ ਕਿ ਉਨ੍ਹਾਂ ਕੋਲ ਖਾਣ ਜੋਗਾ ਕੁਝ ਨਹੀਂ ਬਚਦਾ। ਤੁਰੰਤ ਪੜਤਾਲ ਕਰਵਾਈ ਗਈ ਤੇ ਇਹ ਗੱਲ ਠੀਕ ਹੋਣ ’ਤੇ ਖਡੀਆਂ ਦਾ ਸਾਰਾ ਟੈਕਸ ਮਾਫ ਕਰ ਦਿਤਾ ਗਿਆ[166] ਅਤੇ ਹੁਕਮ ਸੁਣਾਇਆ ਗਿਆ ਕਿ “ਜੋ ਕੰਮ ਵੀ ਕਿਸੇ ਕੋਲੋਂ ਕਰਵਾਇਆ ਜਾਵੇ ਉਸਦੀ ਵਾਜਬ ਮਜ਼ਦੂਰੀ ਦਿਤੀ ਜਾਵੇ, ਵਗਾਰ ਬੰਦ ਕੀਤੀ ਜਾਵੇ।”[167]

ਅੰਮ੍ਰਿਤਸਰ ਸਿੱਖ ਆਰਥਿਕਤਾ ਤੇ ਦਸਤਕਾਰੀ ਕਿੱਤਿਆਂ ਦਾ ਕੇਂਦਰ ਸੀ। ਮਹਾਰਾਜਾ ਧਾਰਮਿਕ ਦ੍ਰਿਸ਼ਟੀ ਤੋਂ ਵੀ ਇਸ ਸ਼ਹਿਰ ਨੂੰ ਵਿਸ਼ੇਸ਼ ਤਵਕੋਂ ਦਿੰਦਾ ਸੀ। ਇਥੇ ਮਹਾਰਾਜਾ ਸਾਹਿਬ ਜਦੋਂ ਵੀ ਆਉਂਦੇ ਤਾਂ ਗਰੀਬ ਕੰਮੀ ਕਮੀਣਾਂ ਦੀ ਦਿਲ ਖੋਲ੍ਹ ਕੇ ਮਦਦ ਕਰਦੇ।

ਸਮਕਾਲੀ ਸੂਚਨਾਵਾਂ ਵਿਚੋਂ ਇਕ 1820 ਈ. ਦੀ ਸੂਚਨਾ/ਖਬਰ ਅਨੁਸਾਰ “ਉਚ-ਪਦ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਜੀ ਵਿਚ ਮਥਾ ਟੇਕ ਕੇ... ਅਤਿਅੰਤ ਮਿਹਰਬਾਨੀ ਨਾਲ ਗਰੀਬਾਂ ਦੀ ਹਾਲਤ ਉਤੇ ਧਿਆਨ ਦਿਤਾ ਅਤੇ ਬੜਾ ਨਿਆਂ ਕੀਤਾ... ਪੀੜਤਾਂ ਦੇ ਮੁਰਦੇ ਦਿਲਾਂ ਨੇ ਇਸ ਗਰੀਬ ਨਿਵਾਜ਼ ਬਾਦਸ਼ਾਹ ਦੇ ਨਿਆਂ ਦੇ ਅੰਮ੍ਰਿਤ ਨਾਲ ਨਵੇਂ ਸਿਰੇ ਤੋਂ ਜੀਵਨ ਪ੍ਰਾਪਤ ਕੀਤਾ।”[168]

ਉਕਤ ਵਿਚਾਰਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਰਣਜੀਤ-ਕਾਲ ਵਿਚ ਕਿਰਤ ਸੁਰਖਿਆ ਲਈ ਵਿਸ਼ੇਸ਼ ਧਿਆਨ ਦਿਤਾ ਗਿਆ ਤੇ ਮਹਾਰਾਜਾ ਸਾਹਿਬ ਇਸ ਵਿਚ ਨਿਜੀ ਦਿਲਚਸਪੀ

---

[165] ਸੁਰਜੀਤ ਹਾਂਸ, 'ਮਹਾਰਾਜਾ ਰਣਜੀਤ ਸਿੰਘ ਸਮੇਂ ਪੰਜਾਬ ਦੀ ਆਰਥਿਕਤਾ', *ਇਤਿਹਾਸ ਦਾ ਗੌਰਵ*, (ਸੰਪਾ.) ਸਤਿੰਦਰ ਸਿੰਘ ਨੂਰ, ਪੰਨਾ 69.

[166] ਜੋਗਿੰਦਰ ਸਿੰਘ ਕੈਰੋਂ, *ਬਾਤਾਂ ਸ਼ੇਰੇ ਪੰਜਾਬ ਦੀਆਂ*, ਪੰਨਾ 32.

[167] ਲੈਫ. ਗੁਲਚਰਨ ਸਿੰਘ, ‘ਮਹਾਰਾਜਾ ਰਣਜੀਤ ਸਿੰਘ ਲੋਕ ਕਥਾਵਾਂ', *ਮਹਾਰਾਜਾ ਰਣਜੀਤ ਸਿੰਘ : ਜੀਵਨ ਦੇ ਕੁਝ ਪਖ*, ਪੰਨਾ 125; ਵਿਸਤਾਰ ਵੇਖੋ: ਫਕੀਰ ਸਯਦ ਵਹੀਦ-ਉਦੀਨ, *ਰਣਜੀਤ ਸਿੰਘ ਦਾ ਅਸਲੀ ਰੂਪ*, (ਉਰਦੂ ਤੋਂ ਪੰਜਾਬੀ), ਪਟਿਆਲਾ 2001.

[168] ਅਮਰਨਾਥ, *ਜ਼ਫ਼ਰਨਾਮਾ-ਇ-ਰਣਜੀਤ ਸਿੰਘ* (ਫਾਰਸੀ ਤੋਂ ਪੰਜਾਬੀ), ਅਧਿ.23, ਪੰਨਾ 120.



ਲੈਂਦੇ ਰਹੇ। ਕਵੀ ਅਮਰ ਸਿੰਘ *ਕਸ਼ਮੀਰ ਬੰਦੋਬਸਤ* ਵਿਚ ਖਾਲਸਾ ਰਾਜ ਦੀ ਘਰੇਲੂ ਦਸਤਕਾਰੀ ਦੇ ਹੋਏ ਵਿਕਾਸ ਦਾ ਵਿਸਤ੍ਰਿਤ ਵੇਰਵਾ ਦੇ ਕੇ ਸਿਧ ਕਰਦਾ ਹੈ ਕਿ ਸਾਰੇ ਲੋਕ ਆਪਣੇ-ਆਪਣੇ ਕਸਬ ਨਾਲ ਆਪਣਾ ਨਿਰਬਾਹ ਚੰਗੀ ਤਰ੍ਹਾਂ ਤੋਰ ਰਹੇ ਸਨ।[169]

## (4) ਸਿੱਖ ਲਹਿਰਾਂ-ਕਾਲ

ਮਹਾਰਾਜਾ ਰਣਜੀਤ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਦਸ ਸਾਲ ਦੇ ਕਰੀਬ (1839-49) ਪੰਜਾਬ ਵਿਚ ਬਦਅਮਨੀ ਰਹੀ। ਇਸ ਉਪਰੰਤ ਅੰਗਰੇਜ਼ ਪੰਜਾਬ ਉਤੇ ਕਾਬਜ਼ ਹੋ ਗਏ ਤੇ ਉਨ੍ਹਾਂ ਆਪਣੀਆਂ ਨਵੀਂਆਂ ਨੀਤੀਆਂ ਲਾਗੂ ਕੀਤੀਆਂ, ਜਿਸ ਦੇ ਫਲਸਰੂਪ ਕਈ ਕਿਸਮ ਦੇ ਸੰਕਟ ਪੈਦਾ ਹੋ ਗਏ। ਇਨ੍ਹਾਂ ਸੰਕਟਾਂ ਤੇ ਹੋਰ ਕਾਰਨਾਂ ਨੇ ਕਈ ਲਹਿਰਾਂ ਨੂੰ ਜਨਮ ਦਿਤਾ। ਦੇਸ਼ ਦੀ ਅਜ਼ਾਦੀ, ਭਾਵ '47 ਤਕ ਦੇ ਸੌ ਸਾਲ ਦਾ ਸਮਾਂ, ਜੇਕਰ ਧਿਆਨ ਨਾਲ ਵੇਖਿਆ ਜਾਵੇ ਤਾਂ ਪੰਜਾਬ ਦੇ ਇਤਿਹਾਸ ਵਿਚ ਲਹਿਰਾਂ ਦੇ ਉਥਾਨ, ਵਿਕਾਸ, ਪਤਨ ਆਦਿ ਦਾ ਹੀ ਸਮਾਂ ਹੈ। ਇਸ ਸਮੇਂ (1850-1947) ਪੰਜਾਬ ਵਿਚ ਛੋਟੀਆਂ-ਵਡੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ, ਸੁਧਾਰਕ ਆਦਿ ਚਲੀਆਂ ਲਹਿਰਾਂ ਦੀ ਮੋਟੀ ਜਿਹੀ ਗਿਣਤੀ 20 ਕੁ ਦੇ ਕਰੀਬ ਬਣਦੀ ਹੈ।[170] ਇਥੇ ਅਸੀਂ ਸਿਰਫ ਸਿੱਖ ਪੰਥ ਨਾਲ ਸੰਬੰਧਿਤ ਸਿਧੇ ਰੂਪ ਵਿਚ ਸੰਬੰਧ ਰਖਦੀਆਂ ਕੁਝ ਪ੍ਰਮੁਖ ਲਹਿਰਾਂ ਦੇ ਕਿਰਤ ਸੰਬੰਧੀ ਵਿਚਾਰਾਂ ਜਾਂ ਵਿਹਾਰਾਂ ਤਕ ਸੀਮਤ ਰਹਾਂਗੇ ਅਤੇ ਵੇਖਾਂਗੇ ਕਿ ਕਿਵੇਂ ਲਹਿਰਾਂ ਨੇ ਗੁਰਮਤਿ ਦੇ ਕਿਰਤ ਸਿਧਾਂਤ ਨੂੰ ਅਮਲਾਉਣ ਲਈ ਵਿਹਾਰਕ ਜਤਨ ਕੀਤੇ।

**ਸਿੰਘ ਸਭਾ ਲਹਿਰ :** ਇਹ ਵਿਚਾਰਾਧੀਨ ਸਮੇਂ ਦੀ ਸਭ ਤੋਂ ਮੁਖ ਲਹਿਰ ਹੈ। ਇਸ ਲਹਿਰ ਦਾ ਜਨਮ 1873 ਈ. ਵਿਚ ਹੋਇਆ ਤੇ ਇਸ ਦਾ ਉਦੇਸ਼ ਸਿੱਖ ਪੰਥ ਵਿਚ ਫੈਲੀਆਂ ਅਨੇਕ ਪ੍ਰਕਾਰ ਦੀਆਂ ਕੁਰੀਤੀਆਂ ਨੂੰ ਦੂਰ ਕਰਕੇ ਇਸ ਦੀ ਪਹਿਲ ਤਾਜ਼ਗੀ ਨੂੰ ਮੁੜ ਬਹਾਲ ਕਰਨਾ ਸੀ। ਇਸ ਲਹਿਰ ਵਿਚ ਜਿਹੜੇ ਵੀ ਪ੍ਰਮੁਖ ਆਗੂ ਜਾਂ ਮੈਂਬਰ ਬਣੇ, ਉਹ ਲਗਪਗ ਸਾਰੇ ਧਰਮ ਦੀ ਕਿਰਤ ਕਮਾਈ ਕਰਕੇ ਖਾਣ ਵਾਲੇ ਸਾਧਾਰਨ ਪਰਿਵਾਰਾਂ ਵਿਚੋਂ ਸਨ। ਇਥੇ ਅਸੀਂ ਕੁਝ ਕੁ ਦਾ ਜਿਕਰ ਕਰਾਂਗੇ:

ਪ੍ਰੋ. ਗੁਰਮੁਖ ਸਿੰਘ (1849-1898), ਇਸ ਲਹਿਰ ਦੇ ਮੋਢੀਆਂ ਅਤੇ ਸੰਸਥਾਪਕਾਂ ਵਿਚੋਂ ਇਕ ਸਨ। ਇਨ੍ਹਾਂ ਦੇ ਪਿਤਾ ਭਾਈ ਬਸਾਵਾ ਸਿੰਘ ਕਪੂਰਥਲਾ ਰਿਆਸਤ ਦੇ ਰਾਜਾ ਨਿਹਾਲ ਸਿੰਘ ਦੇ ਸ਼ਾਹੀ ਲਾਂਗਰੀ ਦੀ ਕਿਰਤ ਕਰਦੇ ਸਨ। ਪ੍ਰੋ. ਗੁਰਮੁਖ ਸਿੰਘ ਸਿੰਘ ਜੀ ਨੇ ਭਾਵੇਂ ਬਹੁਤੀ ਉਚੇਰੀ ਵਿਦਿਆ ਪ੍ਰਾਪਤ ਨਹੀਂ ਕੀਤੀ, ਪਰ ਸ. ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ-ਇਤਿਹਾਸ ਨੂੰ ਪੜ੍ਹ ਕੇ ਇਨ੍ਹਾਂ ਦਾ ਇਕ ਦਮ ਜੀਵਨ-ਦ੍ਰਿਸ਼ਟੀਕੋਣ ਬਦਲ ਗਿਆ ਤੇ ਉਨ੍ਹਾਂ ਛੋਟੇ, ਵਿਦਿਆਰਥੀ ਜੀਵਨ ਵਿਚ ਹੀ

---

[169] ਹਥ-ਲਿਖਤ ਨੰ. 2852, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ।

[170] ਵੇਖੋ: *ਪੰਜਾਬ ਦੀਆਂ ਲੋਕ ਲਹਿਰਾਂ*, (ਸੰਪਾ.) ਏ.ਸੀ.ਅਰੋੜਾ, ਪੰਨੇ 14-33.

ਕੰਵਰ ਬਿਕ੍ਰਮ ਸਿੰਘ ਪਾਸ ਇਕ ਨਿਜੀ ਖਤ ਰਾਂਹੀ[171] ਆਪਣੇ ਜੀਵਨ ਦੇ ਇਹ ਆਦਰਸ਼ ਐਲਾਨ ਕੀਤੇ:

- **ਪੰਜਾਬੀ ਬੋਲੀ ਵਿਚ ਕੌਮੀ ਸਾਹਿਤ ਪੈਦਾ ਕਰਨਾ**
- **ਸਿੱਖਾਂ ਵਿਚ ਪਹਿਲਾਂ ਧਾਰਮਿਕ, ਫਿਰ ਵਿਹਾਰਕ ਵਿਦਿਆ ਦੇਣਾ**
- **ਪੱਕੇ (ਨਾਮੀ/ਕਿਰਤੀ/ਵੰਡ ਛਕਣ ਵਾਲੇ) ਸਿੱਖ ਪੈਦਾ ਕਰਨੇ ਆਦਿ**

ਆਪ 1876-77 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ (oriental college) ਵਿਚ ਪੰਜਾਬੀ ਪ੍ਰੋਫੈਸਰ ਦੀ ਸੇਵਾ-ਕਿਰਤ ਉਤੇ ਨਿਯੁਕਤ ਹੋਏ। ਇਨ੍ਹਾਂ ਕਈ ਹੋਰ ਕੰਮ ਵੀ ਕੀਤੇ ਜਿਵੇਂ ਪਹਿਲਾ 'ਗੁਰਮੁਖੀ ਅਖਬਾਰ' ਵੀ ਜਾਰੀ ਕੀਤਾ।

ਇਸੇ ਤਰ੍ਹਾਂ ਸਿੰਘ ਸਭਾ ਲਹਿਰ ਦੇ ਦੂਜੇ ਮਹਾਂਰਥੀ ਗਿਆਨੀ ਦਿੱਤ ਸਿੰਘ ਜੀ ਰੇਲਵੇ ਵਿਚ ਮੁਲਾਜ਼ਮ ਸਨ। ਜਦੋਂ ਅੰਮ੍ਰਿਤਸਰ ਸਭਾ ਤੋਂ ਵਖ ਹੋ ਕੇ ਖਾਲਸਾ ਦੀਵਾਨ, ਲਾਹੌਰ ਬਣਿਆ, ਜਿਹੜਾ ਬਾਅਦ ਵਿਚ ਸਿੰਘ ਸਭਾ ਦਾ ਅਸਲ ਰੂਪ ਬਣਿਆ, ਤਾਂ ਇਸ ਦੇ ਪ੍ਰਮੁਖ ਨਿਯਮਾਂ ਵਿਚ 'ਨੇਕ ਚਲਨ ਹੋ' ਬਕਾਇਦਾ ਸ਼ਾਮਿਲ ਕੀਤਾ ਗਿਆ।[172] ਕਮੇਟੀ ਨੇ ਅਜਿਹੇ ਸਹਾਇਕ ਰਖਣੇ ਮਨਜ਼ੂਰ ਕੀਤੇ, ਜਿਹੜੇ ਕਿਸੇ ਨਾ ਕਿਸੇ ਕੰਮ ਨੂੰ ਜਾਣਦੇ ਹੋਣ।[173]

**ਨਿਰੰਕਾਰੀ ਲਹਿਰ:** ਸਿੱਖ ਸਮਾਜ ਵਿਚ ਪੈਦਾ ਹੋਈਆਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਪੈਦਾ ਹੋਈ ਇਸ ਲਹਿਰ ਦੇ ਮੋਢੀ ਬਾਬਾ ਦਿਆਲ (1783-1855) ਜੀ, ਭਾਈ ਰਾਮ ਸਹਾਇ ਤੇ (ਮਾਤਾ) ਲਛਿਕੀ ਜੀ ਪਿਸ਼ੌਰ ਵਾਸੀ ਦੇ ਘਰ ਪੈਦਾ ਹੋਏ। ਬਾਬਾ ਦਿਆਲ ਜੀ ਦੇ ਮਾਤਾ-ਪਿਤਾ ਦੋਵੇਂ ਹੀ ਪੱਕੇ ਗੁਰਦੁਆਰੇ ਦੇ ਨਿਤਨੇਮੀ ਸਨ ਤੇ ਉਥੇ ਭਾਂਡੇ ਮਾਂਜਣ, ਸੇਵਾ ਕਰਨ ਉਪਰੰਤ ਫਿਰ ਦੁਕਾਨ ਉਤੇ ਆਪਣਾ ਕਾਰੋਬਾਰ ਕਰਦੇ ਸਨ। ਬਾਬਾ ਦਿਆਲ ਜੀ, ਮਾਤਾ ਪਿਤਾ ਦੇ ਵਿਛੋੜੇ ਉਪਰੰਤ ਲੰਮਾ ਚਿਰ ਇਹੋ 'ਕਿਰਤ' ਕਰਦੇ ਰਹੇ।[174]

**ਨਾਮਧਾਰੀ ਲਹਿਰ :** ਇਸ ਦੇ ਬਾਨੀ ਬਾਬਾ ਰਾਮ ਸਿੰਘ (1816-85), ਭਾਈ ਜੱਸਾ ਸਿੰਘ ਦੇ ਘਰ ਭੈਣੀ ਸਾਹਿਬ ਅਰਾਈਆਂ ਪੈਦਾ ਹੋਏ। ਬਾਬਾ ਜੀ ਤਰਖਾਣੀ ਕਿੱਤਾ ਕਰਦੇ ਸਨ, ਕੁਝ ਚਿਰ ਆਪ ਫੌਜ ਦੀ ਨੌਕਰੀ ਵੀ ਕਰਦੇ ਰਹੇ।[175] ਇਸ ਲਹਿਰ ਦੇ ਵਡੇਰੇ ਬਾਬਾ ਬਾਲਕ ਸਿੰਘ (1799-1862), ਪਿੰਡ ਹਜ਼ਰੋਂ (ਮਰਦਾਨ) ਵਿਖੇ ਦੁਕਾਨ ਉਤੇ ਬਹਿ ਕੇ ਕਿਰਤ ਕਰਦੇ ਸਨ।[176] ਵਿਸ਼ੇਸ਼ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਦੇਸ਼ ਦੀ ਅਜ਼ਾਦੀ ਲਈ ਲੜ ਰਹੀਆਂ ਲਹਿਰਾਂ ਵਿਚੋਂ ਇਹ ਇਕੋ-ਇਕ ਲਹਿਰ ਸੀ, ਜਿਸਨੇ ਦੇਸੀ ਸੰਸਕ੍ਰਿਤੀ

171. ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 170.
172. *ਉਹੀ*, ਪੰਨਾ 199.
173. *ਉਹੀ.*
174. *ਉਹੀ*, ਪੰਨੇ 26-7.
175. ਸੁਰਿੰਦਰ ਕੌਰ ਖਰਲ, *ਨਾਮਧਾਰੀ ਸ਼ਹੀਦ*, ਪੰਨਾ 43.
176. ਗਿ.ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼*, ਭਾਗ ਪੰਜਵਾਂ, ਪੰਨਾ .



ਦੇ ਨਾਮ ਹੇਠ ਹਥੀਂ ਕਿਰਤ ਕਰਨ, ਦੇਸੀ ਪਹਿਰਾਵਾ (ਖੱਦਰ) ਪਹਿਣਨ ਤੇ ਦੇਸੀ ਵਸਤੂਆਂ ਵਰਤਣ ਦੀ ਜੋਰਦਾਰ ਵਕਾਲਤ ਕੀਤੀ।[177] ਇਸ ਲਹਿਰ ਨੇ ਸਮਾਜਿਕ ਕੰਮਾਂ ਤੇ ਸਾਦਾ ਰਹਿਣ-ਸਹਿਣ ਵਿਚ ਵਿਸ਼ੇਸ਼ ਰੁਚੀ ਲਈ।[178]

**ਬੱਬਰ ਅਕਾਲੀ ਲਹਿਰ :** ਇਹ ਲਹਿਰ ਦੇਸ਼ ਜਾਂ ਆਮ ਲੋਕਾਂ ਦੀ ਅਜ਼ਾਦੀ ਲਈ ਕੀਤੇ ਗਏ ਸੰਗਰਾਮ ਦੇ ਬਹੁਰੰਗੇ ਇਤਿਹਾਸ ਦਾ ਇਕ ਅਨੂਠਾ ਕਾਂਡ ਹੈ। ਇਹ ਲਹਿਰ ਗਰਮ-ਖਿਆਲੀ ਲਹਿਰ ਸੀ। ਇਸ ਲਹਿਰ ਦੇ ਲਗਪਗ ਸਾਰੇ ਕਾਰਕੁਨ ਦਰਮਿਆਨੇ ਪਰਿਵਾਰਾਂ ਵਿਚੋਂ ਸਨ ਤੇ ਸਾਰੇ ਆਪਣੀ ਕਿਰਤ ਕਮਾਈ ਕਰਕੇ ਰੋਜ਼ੀ-ਰੋਟੀ ਕਮਾਉਂਦੇ ਸਨ। ਇਨ੍ਹਾਂ ਦੇ ਅਜ਼ਾਦੀ ਨਿਸ਼ਾਨਿਆਂ ਵਿਚ ਗਰੀਬ ਲੋਕਾਂ ਨੂੰ ਰੋਟੀ ਦੇ ਹਕ ਵੀ ਦਿਵਾਉਣੇ ਮੁਖ ਸਨ। 'ਬੱਬਰ ਮਰਯਾਦਾ' ਵਿਚ ਜਿਥੇ ਹਰ ਬੱਬਰ ਅਕਾਲੀ ਨੂੰ ਸਵੇਰੇ-ਸ਼ਾਮ ਗੁਰਬਾਣੀ ਪੜ੍ਹਨੀ ਜ਼ਰੂਰੀ ਸੀ, ਉਥੇ ਚੋਰੀ, ਯਾਰੀ, ਠਗੀ ਜਾਂ ਹੋਰ ਬਦਗੁਨਾਹੀ ਤੋਂ ਬਿਲਕੁਲ ਮੁਕਤ ਰਹਿਣ ਦੀ ਸਖਤ ਹਦਾਇਤ ਸੀ। ਧਿਆਨਦੇਣ ਯੋਗ ਨੁਕਤਾ ਹੈ ਕਿ ਬੱਬਰਾਂ ਨੇ ਵਧੇਰੇ ਕਰਕੇ ਉਨ੍ਹਾਂ ਸਰਕਾਰੀ ਝੋਲੀਚੁਕਾਂ, ਜਿਨ੍ਹਾਂ ਵਿਚ ਜਗੀਰਦਾਰ, ਲੰਬੜਦਾਰ, ਪਟਵਾਰੀ ਆਦਿ ਸ਼ਾਮਿਲ ਸਨ, ਨੂੰ ਸੋਧਿਆ, ਜਿਹੜੇ ਗਰੀਬ ਕੰਮਕਾਜੀ ਲੋਕਾਂ ਦੀ ਕਿਰਤ ਕਮਾਈ ਉਤੇ ਡਾਕਾ ਮਾਰੀ ਬੈਠੇ ਸਨ। ਇਹ (ਪਿਠੂ) ਲੋਕ, "ਪੁਲਿਸ ਨਾਲ ਮਿਲ ਕੇ ਲੋਕਾਂ ਵਿਰੁਧ ਸਿਧੇ-ਪੁਠੇ, ਝੂਠੇ ਤੇ ਮਨਘੜਤ ਕੇਸ ਬਣਾ ਕੇ ਆਪਸੀ ਜਿੱਦਾਂ ਕਢ ਕੇ ਮਾਇਆ ਇਕਠੀ ਕਰਦੇ ਸਨ, ਜਿਸ ਨਾਲ ਹਜ਼ਾਰਾਂ ਹੀ ਗਰੀਬ ਲੋਕਾਂ ਦਾ ਖੂਨ ਪੀਤਾ ਜਾਂਦਾ ਸੀ।"[179]

ਇਸ ਲਹਿਰ ਦਾ ਸੰਸਥਾਪਕ ਮਾਸਟਰ ਮੋਤਾ ਸਿੰਘ (1881-1961), ਕਿੱਤੇ ਵਜੋਂ ਇਕ ਮਾਸਟਰ ਸੀ ਤੇ ਸ਼ੁਰੂ ਵਿਚ ਬੱਬਰਾਂ ਨੂੰ ਸਾਰੇ ਹਥਿਆਰ ਪਿੰਡੀ ਘੇਬ (ਜਿਲ੍ਹਾ ਅਟਕ, ਪਾਕਿਸਤਾਨ) ਤੋਂ, ਜਿਥੇ ਇਹ ਪੜਾਉਂਦਾ ਸੀ, ਪ੍ਰਾਪਤ ਕਰਾਉਂਦਾ ਸੀ।[180] ਇਸ ਲਹਿਰ ਦੇ ਦੂਜੇ ਵਡੇ ਸਰਗਰਮੀ ਬੱਬਰ ਕਿਸ਼ਨ ਸਿੰਘ ਗੜਗਜ, ਜਿਸਦੇ ਦਾਦਾ ਸ. ਗੰਡਾ ਸਿੰਘ ਲਾਹੌਰ ਦਰਬਾਰ ਵਿਚ ਕੰਮ ਕਰਦੇ ਸਨ, ਆਪਣੀ ਜਾਇਦਾਦ ਉਤੇ ਖੇਤੀਬਾੜੀ ਕਰਦੇ ਸਨ। ਸਰਦਾਰ ਗੜਗਜ ਪੱਕਾ ਨੇਮੀ ਗੁਰਸਿਖ ਸੀ ਤੇ ਅੰਗਰੇਜ ਸਰਕਾਰ ਦੀ ਫੌਜ ਵਿਚੋਂ ਹਟ ਕੇ 1921 ਨੂੰ ਬੱਬਰਾਂ ਨਾਲ ਰਲ ਗਿਆ ਸੀ।[181]

ਨਵਾਂ ਸ਼ਹਿਰ ਤੋਂ ਚੰਡੀਗੜ ਸੜਕ ਉਤੇ ਵਾਕਿਆ ਪਿੰਡ ਦੌਲਤਪੁਰ ਦੇ ਸਾਰੇ ਮਸ਼ਹੂਰ ਬੱਬਰ (ਜਿਵੇਂ ਕਰਮ ਸਿੰਘ, ਬੰਤਾ ਸਿੰਘ, ਠਾਕਰ ਸਿੰਘ, ਹਰੀ ਸਿੰਘ, ਵਰਿਆਮ ਸਿੰਘ, ਗੁਰਚਰਨ ਸਿੰਘ ਆਦਿ) ਖੇਤੀ ਕਰਨ ਵਾਲੇ ਕਿਸਾਨ ਪਰਿਵਾਰਾਂ ਵਿਚੋਂ ਸਨ। ਇਹ ਸਾਰੇ

177. Fauja Singh, *Kuka Movement*, pp. 19-38.
178. ਨਿਹਾਲ ਸਿੰਘ ਆਲਮ, *ਜੁਗ ਪਲਟਾਊ ਸਤਿਗੁਰੂ*, ਪੰਨਾ 72.
179. ਬਖਸ਼ੀਸ਼ ਸਿੰਘ ਨਿਝਰ, *ਬੱਬਰ ਅਕਾਲੀਆਂ ਦਾ ਇਤਿਹਾਸ*, ਪੰਨਾ 9.
180. *ਉਹੀ*, ਪੰਨਾ 295.
181. *ਉਹੀ.*

ਆਪਣੀ ਕਮਾਈ ਦਾ ਕੁਝ ਭਾਗ ਲਹਿਰ ਦੇ ਸੰਗਠਨ ਜਾਂ ਕਾਰਜ-ਕ੍ਰਮ ਤੇ ਲਾਉਂਦੇ ਸਨ।[182] ਬੱਬਰਾਂ ਨੇ ਸਾਫ ਮਨ੍ਹਾਂ ਕੀਤਾ ਸੀ ਕਿ ਕਿਸਾਨ ਲੋਕ ਸ਼ਾਹੂਕਾਰਾਂ ਜਾਂ ਸਰਕਾਰ ਨੂੰ ਕੋਈ ਕਰ (tax) ਨਾ ਦੇਣ। ਮਿਸਾਲ ਵਜੋਂ ਭਾਈ ਕਿਸ਼ਨ ਸਿੰਘ ਦੀ ਨਿਗਰਾਨੀ ਹੇਠ 'ਜੰਗਲ ਵਿਚਲੀ ਉਡਾਰੂ ਪ੍ਰੈਸ' ਤੋਂ ਛਪਦੇ 'ਬੱਬਰ ਅਕਾਲੀ ਦੁਆਬਾ' ਵਿਚ ਇਕ ਵੇਰ ਐਲਾਨ ਕੀਤਾ ਗਿਆ ਕਿ ਜਿਲ੍ਹਾ ਹੁਸ਼ਿਆਰਪੁਰ ਦੇ ਨਾਲ ਲਗਦੀਆਂ ਊਨਾ, ਭਰਵਾਈ, ਜਵਾਲਾ ਆਦਿ ਦੀਆਂ ਸੜਕਾਂ ਉਤੇ ਹੁੰਦੇ ਬੇਸ਼ੁਮਾਰ ਅੰਬ, ਜਾਮਣ ਆਦਿ ਸਿਰਫ਼ ਲੋਕਾਂ ਲਈ ਹਨ। ਐਲਾਨ ਅਨੁਸਾਰ "ਸੜਕਾਂ ਆਮ ਲੋਕਾਂ ਦੀਆਂ ਹਨ ਤੇ ਆਮ ਲੋਕਾਂ ਨੂੰ ਹਕ ਹੈ ਕਿ ਕੁਦਰਤ ਦੀ ਇਸ {ਅੰਬ/ਜਾਮਣ ਆਦਿ} ਦੇਣ ਨੂੰ ਸਭ ਛਕਣ... ਸਰਕਾਰ ਨੂੰ ਕੋਈ ਹਕ ਨਹੀਂ ਕਿ ਗਰੀਬਾਂ ਦੇ ਸਿਰ ਉਤੇ ਗੁਲਸ਼ਰੇ ਉਡਾਉਣ ਅਤੇ ਗਰੀਬਾਂ ਦੇ ਬੱਚੇ ਇਨ੍ਹਾਂ ਅਮੀਰਾਂ ਦੀਆਂ ਜੂਠੀਆਂ ਗਿਟਕਾਂ ਲਈ ਵੀ ਤਰਸਣ।"[183] ਧਿਆਨ ਰਹੇ ਕਿ ਉਕਤ ਐਲਾਨ ਦੇ ਅਸਰ ਵਜੋਂ ਸਰਕਾਰ ਇਥੇ ਲਹਿਰ ਦੇ ਜੋਰ ਸਮੇਂ ਖੋਟਾ ਪੈਸਾ ਵੀ ਵਸੂਲ ਨਹੀਂ ਕਰ ਸਕੀ ਸੀ।[184]

**ਗਦਰ ਲਹਿਰ** ਵੀ ਬੱਬਰ ਅਕਾਲੀ ਲਹਿਰ ਦੇ ਸਮਕਾਲ (1913-16) ਹੀ ਚੱਲੀ ਲਹਿਰ ਸੀ, ਜਿਸ ਦੇ ਪਿਛੋਕੜ ਵਿਚ 'ਧਰਮ ਦੀ ਕਿਰਤ ਦਾ ਹਕ' ਕੰਮ ਕਰਦਾ ਨਜ਼ਰ ਆਉਂਦਾ ਹੈ। ਪੰਜਾਬ ਦੇ ਕੇਂਦਰੀ ਜਿਲ੍ਹਿਆਂ/ਇਲਾਕਿਆਂ ਵਿਚੋਂ ਰੋਜ਼ੀ ਰੋਟੀ ਕਮਾਉਣ ਅਮਰੀਕਾ/ਕੈਨੇਡਾ ਗਏ ਸਿੱਖਾਂ[185] ਨੇ ਆਪਣੀ ਹਿੰਮਤ ਅਤੇ ਮਿਹਨਤ ਨਾਲ ਜਿਥੇ ਵਡੀਆਂ ਜਾਇਦਾਦਾਂ ਬਣਾਈਆਂ, ਉਥੇ ਦੇਸ਼ ਨੂੰ ਅੰਗਰੇਜ਼ ਗੁਲਾਮੀ ਤੋਂ ਛੁਡਵਾਉਣ ਦੇ ਨਾਲ-ਨਾਲ ਲੋਕਾਂ ਦੀ ਰੋਜ਼ੀ-ਰੋਟੀ ਦੇ ਪ੍ਰਬੰਧ ਕਰਨ ਦਾ ਬੀੜਾ ਵੀ ਚੁਕਿਆ।[186] ਸਮੇਂ ਨਾਲ ਇਸ ਲਹਿਰ/ਪਾਰਟੀ ਦੀਆਂ ਕਈ ਸ਼ਾਖਾਵਾਂ ਹੋ ਗਈਆਂ, ਜਿਨ੍ਹਾਂ ਵਿਚੋਂ **ਕਿਰਤੀ ਕਿਸਾਨ ਪਾਰਟੀ** ਵਿਸ਼ੇਸ਼ ਰੂਪ ਵਿਚ ਕਿਰਤ ਦੇ ਹਕਾਂ ਲਈ ਜੂਝਦੀ ਰਹੀ।[187] ਇਸੇ ਤਰ੍ਹਾਂ ਰਿਆਸਤੀ ਲਹਿਰਾਂ ਵਿਚ **ਪਰਜਾ ਮੰਡਲ ਦੀ ਰਿਆਸਤੀ ਲਹਿਰ,** ਜਿਸ ਦੇ ਕੌਮੀ ਆਗੂ ਸ. ਸੇਵਾ ਸਿੰਘ ਠੀਕਰੀਵਾਲ ਵਰਗੇ ਨਿਸ਼ਕਾਮ ਗੁਰਸਿਖ ਸਨ, ਵੀ ਕਿਰਤ ਦੇ ਹਕਾਂ ਨਾਲ ਜੂਝਣ ਵਾਲੀ

---

182. *ਉਹੀ.*
183. ਮਿਲਖਾ ਸਿੰਘ ਨਿਝਰ, *ਬੱਬਰ ਅਕਾਲੀ ਲਹਿਰ ਦਾ ਇਤਿਹਾਸ*, ਪੰਨਾ 133.
184. *ਉਹੀ.*
185. 1932 ਦੇ ਅੰਤ ਤਕ ਉਕਤ ਦੇਸਾਂ ਵਿਚ 20,000 ਦੇ ਕਰੀਬ ਭਾਰਤੀ ਗਏ, ਜਿਨ੍ਹਾਂ ਵਿਚ 98% ਪੰਜਾਬੀ ਸਿੱਖ ਸਨ ਤੇ, ਇਨ੍ਹਾਂ ਵਿਚੋਂ 75% ਫੌਜੀ ਸਨ।
186. ਗਿਆਨੀ ਲਾਲ ਸਿੰਘ, *ਪੰਜਾਬ ਦੀ ਵੀਰ ਪਰੰਪਰਾ*, ਪੰਨਾ 193.
187. ਵਿਸਤਾਰ ਵੇਖੋ : R.S.Saini, *The Social and Economic History of the Punjab* (1903-39), Delhi, 1975.



ਲਹਿਰ ਹੀ ਸੀ।[188] ਇਸ ਉਪਰੰਤ ਪੰਜਾਬ ਵਿਚ ਪੈਦਾ ਹੋਈਆਂ **ਨਕਸਲਵਾੜੀ, ਕਮਿਊਨਿਸਟ** ਆਦਿ ਲਹਿਰਾਂ, ਜਿਨ੍ਹਾਂ ਵਿਚ ਵਧੇਰੇ ਗਿਣਤੀ ਸਿਖ ਕਿਰਸਾਨਾਂ ਦੀ ਸੀ, ਕਿਰਤ ਦੇ ਹਕਾਂ ਲਈ ਲੜਨ-ਮਰਣ ਵਾਲੀਆਂ ਲਹਿਰਾਂ ਸਨ।[189]

ਇਨ੍ਹਾਂ ਲਹਿਰਾਂ ਦੇ ਸਮਕਾਲ ਹੀ ਧਰਮ ਪ੍ਰਚਾਰ ਜਾਂ ਸਮਾਜ ਦੇ ਸੁਧਾਰ ਵਿਚ ਜੁਟੀਆਂ ਕਈ ਵਡੀਆਂ ਸੰਤ ਸ਼ਖਸੀਅਤਾਂ ਨੇ ਗੁਰਮਤਿ ਦੇ ਕਿਰਤ ਸਿਧਾਂਤ ਨੂੰ ਕੇਂਦਰੀ-ਵਿਹਾਰ ਦੀ ਪਧਰ 'ਤੇ ਲਿਆਉਣ ਵਿਚ ਵਡਾ ਯੋਗਦਾਨ ਪਾਇਆ। ਉਦਾਹਰਣ ਮਾਤਰ ਲਈ ਸੰਤ ਅਤਰ ਸਿੰਘ ਜੀ ਮਸਤੂਆਣੇ ਸਾਹਿਬ ਵਾਲਿਆਂ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਸੰਤ ਅਤਰ ਸਿੰਘ ਜੀ ਜਾਂ ਇਨ੍ਹਾਂ ਦੇ ਸਮਕਾਲੀ ਸੰਤ ਕੇਹਰ ਸਿੰਘ, ਭਾਈ ਰਣਧੀਰ ਸਿੰਘ, ਸੰਤ ਭੋਲਾ ਸਿੰਘ ਆਦਿ ਸਾਰੇ ਪਿਛੋਕੜ ਵਜੋਂ ਪੰਜਾਬ ਦੇ ਕਿਸਾਨ ਪਰਿਵਾਰਾਂ ਨਾਲ ਸੰਬੰਧਿਤ ਸਨ।[191] ਇਨ੍ਹਾਂ ਵਿਚੋਂ ਜਿਥੇ ਸੰਤ ਅਤਰ ਸਿੰਘ ਨੇ ਬਚਪਨ ਵਿਚ ਡੰਗਰ ਚਾਰੇ, ਘਰ ਦੀ ਖੇਤੀਬਾੜੀ ਅਤੇ ਸਰਕਾਰੀ ਫੌਜ ਵਿਚ ਨੌਕਰੀ ਕੀਤੀ, ਉਥੇ ਇਨ੍ਹਾਂ ਮਜ਼ਦੂਰੀ ਵੀ ਕੀਤੀ।[192] ਸੰਤ ਅਤਰ ਸਿੰਘ ਜੀ (ਮਸਤੂਆਣੇ ਵਾਲਿਆਂ) ਦਾ ਵਿਚਾਰ ਸੀ ਕਿ ਅਸਲੀ ਪਾਤਸ਼ਾਹ ਜ਼ਿਮੀਂਦਾਰ ਹੈ, ਇਹਦੇ ਅੱਗੇ ਸਾਰੇ ਹਥ ਕਰਦੇ ਹਨ। ਜੇ ਕਿਤੇ ਜ਼ਿਮੀਂਦਾਰ ਆਪਸ ਵਿਚ ਇਤਫ਼ਾਕ ਕਰ ਲੈਣ ਤਾਂ ਇਹ ਸਭ ਨੂੰ ਆਪਣੇ ਅਧੀਨ ਕਰ ਸਕਦੇ ਹਨ।[193] 'ਸਵਰਾਜ 'ਤੇ ਟਿਪਣੀ ਕਰਦੇ ਹੋਏ ਸੰਤ ਅਤਰ ਸਿੰਘ ਜੀ ਨੇ ਕਿਰਤ ਦੀ ਮਹਾਨਤਾ ਨੂੰ ਇਸ ਤਰ੍ਹਾਂ ਦ੍ਰਿੜ ਕਰਾਇਆ :

"ਇਕ ਅਖਬਾਰ ਵਿਚੋਂ ਜਦੋਂ ਸੰਤਾਂ ਨੂੰ ਹਿੰਦੁਸਤਾਨ ਦੇ ਸਵਰਾਜ ਦਾ ਜ਼ਿਕਰ ਪੜ੍ਹ ਕੇ ਸੁਣਾਇਆ ਗਿਆ ਤਾਂ ਆਪ ਨੇ ਫੁਰਮਾਇਆ, 'ਭਾਈ! ਇਹ ਕਾਹਦਾ ਸਵਰਾਜ ਹੈ? ਜੇ ਹਿੰਦੁਸਤਾਨੀ ਪ੍ਰੇਮੀ ਵਡੀਆਂ-ਵਡੀਆਂ ਤਨਖਾਹਾਂ ਲੈ ਕੇ ਕੁਰਸੀਆਂ ਤੇ ਬੈਹ ਜਾਣ। ਇਕ ਪਾਸੇ ਐਸ਼ ਦੀ ਜਿੰਦਗੀ ਗੁਜ਼ਾਰਨ ਤੇ ਦੂਜੇ ਪਾਸੇ ਵਿਚਾਰੇ ਜ਼ਿਮੀਂਦਾਰ ਭੁਖੇ ਹੀ ਰਹਿਣ। ਜਦ ਤੀਕਰ ਗਰੀਬ ਜੱਟਾਂ ਦਾ ਹਾਲਾ ਮਾਫ ਨਹੀਂ ਹੁੰਦਾ, ਤਦ ਤੀਕਰ ਕੋਈ ਸਵਰਾਜ ਨਹੀਂ। ਹਾਂ ਸਾਰਿਆਂ ਕੋਲੋਂ ਸਕੂਲਾਂ, ਸੜਕਾਂ ਤੇ ਹੋਰ ਰਿਆਇਆਂ ਦੇ ਭਲੇ ਵਾਸਤੇ ਟੈਕਸ ਲਿਆ ਜਾਵੇ... ਅਫ਼ਸਰਾਂ ਦੀ ਜ਼ਿੰਦਗੀ ਸਾਦੀ ਹੋਵੇ ਤੇ ਤਨਖਾਹ ਘਟ। ਇਸ ਤਰ੍ਹਾਂ ਦੁਨੀਆਂ ਸੁਖੀ

---

188. ਵਿਸਤਾਰ : Mohinder Singh, *Peasant Movement in Pepsu Punjab,* New Delhi, 1991;
ਗਿ. ਕੇਹਰ ਸਿੰਘ, *ਪਰਜਾ ਮਲੇਰਕੋਟਲੇ ਦੀ ਦਰਦ ਕਹਾਣੀ*, ਅੰਮ੍ਰਿਤਸਰ, ਮਿਤੀਹੀਣ।
189. ਇਨ੍ਹਾਂ ਵਿਚ ਪਰਜਾਮੰਡਲ ਦੀਆਂ ਰਿਆਸਤੀ ਲਹਿਰਾਂ ਵੀ ਸ਼ਾਮਿਲ ਹਨ।
191. Joginder Singh, *The Sikh Resurgence,* pp. 154-55.
192. ਗਿ. ਬਲਵੰਤ ਸਿੰਘ ਕੋਠਾਗੁਰੂ, *ਅਗਮ ਅਗਾਧ ਪੁਰਖ*, ਪੰਨਾ 92.
193. ਤੇਜਾ ਸਿੰਘ (ਸੰਤ), ਜੀਵਨ ਕਥਾ :*ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ*ਭਾਗ ਪਹਿਲਾ, ਪੰਨਾ 312.

ਹੋ ਸਕਦੀ ਹੈ।... ਹੁਣ {1900-30} ਤਾਂ ਕਚਿਹਰੀ ਤੋਂ ਬਾਹਰ ਆਪਣੀ ਅਮੀਰੀ ਤੇ ਸ਼ੁਕਾ-ਸ਼ਾਕੀ ਵਿਚ ਫਸੇ ਹੋਏ ਅਹਿਲਕਾਰ ਕਿਸੇ ਨਾਲ ਸਿਧੇ ਮੂੰਹ ਗੱਲ ਵੀ ਨਹੀਂ ਕਰਦੇ।"[194]

ਸਾਡੇ ਸਮਕਾਲ ਦੀ ਜ਼ਿਕਰਯੋਗ ਲਹਿਰ **ਸਿੱਖ ਖਾੜਕੂ ਲਹਿਰ** ਨੇ ਵੀ ਸਿੱਖੀ ਦੇ ਧਰਮ ਦੀ ਕਿਰਤ ਆਧਾਰਿਤ ਕੀਤੇ ਜਾਣ ਵਾਲੇ ਕਾਰਜਾਂ ਦੀ ਹਲਾਸ਼ੇਰੀ ਵਿਚ ਬਣਦਾ ਯੋਗਦਾਨ ਪਾਇਆ। ਸਮਕਾਲ ਦੀ ਵਡੀ ਪਾਰਟੀ '**ਸ਼੍ਰੋਮਣੀ ਅਕਾਲੀ ਦਲ**' ਨੇ ਵੀ ਆਪਣੇ ਮਨੋਰਥ ਵਿਚ ਇਸ ਸਿਧਾਂਤ ਨੂੰ ਵਿਹਾਰ ਦੀ ਪਧਰ ਤਕ ਲਿਜਾਣ ਦੀ ਲਈ ਕਈ ਵਾਰ ਵਚਨਬਧਤਾ ਦੁਹਰਾਈ ਹੈ।[195] ਦੇਸ਼ਾਂ-ਵਿਦੇਸ਼ਾਂ ਵਿਚ ਸਿੱਖਾਂ ਦੁਆਰਾ ਗੁਰੂ ਦੇ ਸਚੀ ਕਿਰਤ ਦੇ ਸਿਧਾਂਤ ਨੂੰ ਸਮਰਪਿਤ ਹੋ ਕੇ ਮਿਹਨਤ ਦੁਆਰਾ ਕੀਤੇ ਕਾਰਜਾਂ ਦੀ ਲੰਮੀ ਕਹਾਣੀ ਹੈ, ਜਿਸ ਦਾ ਜ਼ਿਕਰ ਕਰਨ ਦੀ ਇਥੇ ਨਾ ਜ਼ਰੂਰਤ ਹੈ ਤੇ ਨਾਹੀ ਸਮਾਂ ਤੇ ਸਥਾਨ।

194. *ਉਹੀ*, ਪੰਨਾ 376.

195. 17 ਅਕਤੂਬਰ, 1973 ਨੂੰ ਪਾਸ ਕੀਤੇ ਮਤਿਆਂ ਵਿਚੋਂ ਕੁਝ ਦੀ ਇਬਾਰਤ:

1. ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਅਮੀਰ ਅਤੇ ਗਰੀਬ ਵਿਚ ਅੰਤਰ ਖਤਮ ਕਰਨਾ
2. ਬੁਨਿਆਦੀ ਉਦਯੋਗ ਪਬਲਿਕ ਸੈਕਟਰ (ਜਨਤਾ ਦੇ ਮੈਦਾਨ) ਵਿਚ ਲਿਆਉਣਾ
3. ਕਿਰਤ ਦਾ ਸਤਿਕਾਰ ਕਰਨਾ ਤੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਉਚਾ ਚੁਕਣਾ
4. ਗੁਰੂ ਨਾਨਕ ਜੀ ਦੇ 'ਘਾਲਿ ਖਾਇ' ਮਹਾਂਵਾਕ ਦੀ ਪੂਰਤੀ ਕਰਨਾ...

ਜੇ. ਐਸ. ਗਰੇਵਾਲ, *ਅਕਾਲੀਆਂ ਦੇ 75 ਸਾਲ*, ਪੰਨੇ 187-200. (ਅਨੁਬੰਦ)

ਨੋਟ: ਇਤਿਹਾਸ ਵਿਚ 'ਅਕਾਲੀ' ਉਕਤ ਸਿਧਾਂਤ, ਵਿਹਾਰ 'ਚ ਨਾ ਲਿਆ ਸਕੇ, ਇਹ ਵਿਡੰਮਣਾ ਹੀ ਅਖੀ ਜਾ ਸਕਦੀ ਹੈ।



## ਅਧਿਆਇ ਚੌਥਾ
## ਸੁਕ੍ਰਿਤ : ਸੰਸਥਾਗਤ ਅਧਿਐਨ

**ਇ**ਸ ਅਧਿਆਇ ਵਿਚ ਅਸੀਂ ਸਿੱਖ ਪੰਥ ਦੀਆਂ ਜ਼ਿਕਰਯੋਗ ਸੰਸਥਾਵਾਂ ਤੇ ਸੰਪਰਦਾਵਾਂ ਨੂੰ ਇਤਿਹਾਸਕ ਪ੍ਰਸੰਗ ਵਿਚ, ਸਿਧਾਂਤਕ ਦ੍ਰਿਸ਼ਟੀ ਤੋਂ ਵਿਚਾਰਾਧੀਨ ਲਿਆ ਰਹੇ ਹਾਂ।

### ਸੰਸਥਾਵਾਂ

ਸਿੱਖ ਪੰਥ ਦੀਆਂ ਬੁਨਿਆਦੀ ਸੰਸਥਾਵਾਂ ਗੁਰੂ ਸੰਸਥਾ ਤੇ ਪੰਥ ਸੰਸਥਾ ਹਨ, ਜਿਨ੍ਹਾਂ ਦੇ ਆਧਾਰ 'ਤੇ ਸੰਗਤ, ਪੰਗਤ, ਲੰਗਰ, ਦਸਵੰਧ, ਅਕਾਲਤਖ਼ਤ, ਗੁਰਮਤਾ/ਸਰਬਤ ਖਾਲਸਾ, ਗੁਰਦੁਆਰਾ/ਧਰਮਸ਼ਾਲ ਆਦਿ ਦੀ ਉਸਾਰੀ ਹੋਈ ਹੈ। ਇਨ੍ਹਾਂ ਵਿਚੋਂ ਬਹੁਤੀਆਂ ਸੰਸਥਾਵਾਂ ਦੀ ਉਸਾਰੀ ਗੁਰੂ ਸਾਹਿਬਾਨ ਨੇ ਆਪ ਕੀਤੀ ਤੇ ਕੁਝ-ਇਕ ਦੀ ਗੁਰੂ ਪੰਥ ਨੇ। ਇਨ੍ਹਾਂ ਦੇ ਮਨੋਰਥ ਗਹਿਰੇ ਰੂਪ ਵਿਚ ਅੰਤਰ-ਸੰਬੰਧਿਤ ਹਨ ਤੇ ਇਕ ਦੂਸਰੇ 'ਤੇ ਆਧਾਰਿਤ ਹਨ। ਇਥੇ ਸਮਗਰ ਰੂਪ ਵਿਚ ਉਕਤ ਸੰਸਥਾਵਾਂ ਦੇ ਕਿਰਤ ਨਾਲ ਸੰਬੰਧਿਤ ਅੰਤਰ-ਸੰਬੰਧਿਤ ਪਰਿਪੇਖ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਤਿਹਾਸਕ ਕਾਲ-ਕ੍ਰਮ ਵਿਚ ਸਭ ਤੋਂ ਪਹਿਲਾਂ ਹੋਂਦ ਵਿਚ ਆਉਣ ਵਾਲੀਆਂ ਸੰਸਥਾਵਾਂ ਸੰਗਤ, ਪੰਗਤ, ਧਰਮਸ਼ਾਲਾ, ਲੰਗਰ ਆਦਿ ਹਨ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਜਿਥੇ ਵੀ ਗਏ ਉਥੇ 'ਸੰਗਤਾਂ' ਸਥਾਪਿਤ ਕਰਦੇ ਰਹੇ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਸੰਗਤਾਂ ਦਾ ਦੇਸ਼-ਵਿਆਪੀ ਪ੍ਰਸਾਰ ਹੋ ਚੁਕਿਆ ਸੀ। ਭਾਈ ਗੁਰਦਾਸ ਜੀ ਨੇ *ਘਰਿ ਘਰਿ ਅੰਦਰਿ ਧਰਮਸਾਲ*[1] ਲਿਖ ਕੇ ਉਕਤ ਤਥ ਵਲ ਸਪਸ਼ਟ ਇਸ਼ਾਰਾ ਕੀਤਾ ਹੈ। *ਪੁਰਾਤਨ ਜਨਮਸਾਖੀ* ਅਨੁਸਾਰ ਪਹਿਲੀ ਸੰਗਤ/ਧਰਮਸਾਲ ਤੁਲੰਭੇ (ਭਾਈ ਸਜਣ 'ਠਗ' ਦੇ ਇਲਾਕੇ) ਬਧੀ।[2] ਪ੍ਰਿੰ. ਤੇਜਾ ਸਿੰਘ ਨੇ ਅਜਿਹੇ ਸੰਗਤ ਕੇਂਦਰਾਂ ਵਿਚ ਜਗਨਾਥ, ਕਾਮਰੂਪ (ਅਸਾਮ), ਸੂਰਤ, ਕਟਕ, ਬਿਹਾਰ, ਨਾਨਕਮਤਾ, ਕਾਠਮੰਡੂ ਆਦਿ ਨੂੰ ਸ਼ਾਮਿਲ ਕੀਤਾ ਹੈ।[3] ਛੇਵੇਂ ਪਾਤਸ਼ਾਹ ਤਕ ਸੰਗਤਾਂ ਦੇ ਕੇਂਦਰ ਮਧ-ਏਸ਼ੀਆ ਤਕ ਪਹੁੰਚ ਗਏ ਤੇ ਦਸਵੇਂ ਪਾਤਸ਼ਾਹ ਤਕ ਇਨ੍ਹਾਂ ਦੀ ਗਿਣਤੀ ਵਿਚ ਹੈਰਾਨੀਕੁਨ ਵਾਧੇ

1. ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥ *ਵਾਰ/ਪਉੜੀ* ੧/੨੭.

2. ਸਾਖੀ/ਪੰਨਾ

"ਤਬ ਦਰਸਨ ਕਾ ਸਦਕਾ {ਸਜਣ ਕਉ} ਬੁਧਿ ਆਈ... ਨਾਉ ਧਰੀਕ ਸਿਖ ਹੋਆ। ਪਹਿਲੀ ਧਰਮਸਾਲ ਓਥੇ ਬਧੀ...॥"

3. *Sikhism: Its Ideals and Institutions,* p. 36.

ਹੋਏ।[4] ਬਹੁਤ ਸਾਰੇ ਸੰਗਤ-ਕੇਂਦਰ ਪਿਛੋਂ ਧਰਮਸ਼ਾਲਾਵਾਂ ਵਿਚ ਤਬਦੀਲ ਹੋ ਗਏ ਤੇ ਇਹੋ ਪਿਛੋਂ ਗੁਰਦੁਆਰੇ ਬਣੇ। ਧਰਮਸ਼ਾਲ ਜਾਂ ਗੁਰਦੁਆਰੇ ਦੇ ਉਦੇਸ਼ ਬਾਬਤ ਬੀਜ ਰੂਪ ਤਾਂ ਗੁਰਬਾਣੀ ਵਿਚੋਂ ਹੀ ਪ੍ਰਾਪਤ ਹੋ ਜਾਂਦੇ ਹਨ, ਪਰ ਸੰਸਥਾਗਤ ਪਖੋਂ ਇਸ ਸੰਸਥਾ ਦਾ ਅਹਿਮ ਭਾਗ ਸੰਗਤ, ਪੰਗਤ ਅਤੇ ਲੰਗਰ ਸੰਸਥਾਵਾਂ ਬਣੀਆਂ, ਜਿਨ੍ਹਾਂ ਵਿਚੋਂ ਸੰਗਤ ਦੇ ਸਰੂਪ ਤੇ ਉਦੇਸ਼ ਬਾਰੇ ਗੁਰਬਾਣੀ ਵਿਚ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ।[5]

ਗੁਰਬਾਣੀ ਦੀ ਸਿਧਾਂਤਕ ਸੇਧ ਅਨੁਸਾਰ ਵਾਹਿਗੁਰੂ ਨੇ ਪੂਰੀ ਧਰਤੀ ਨੂੰ ਹੀ ਧਰਮਸਾਲ ਬਣਾਇਆ ਹੈ, ਜਿਥੇ ਧਰਮ ਕਮਾਇਆ ਜਾ ਸਕੇ।[6] ਆਪਣਾ ਮਨੋਰਥ ਸਪਸ਼ਟ ਕਰਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਸਚ ਦੀ ਧਰਮਸਾਲ ਗੁਰਸਿਖਾਂ ਲਈ ਸਥਾਪਿਤ ਕੀਤੀ ਹੈ, ਜਿਥੇ ਸੇਵਾ ਰਾਹੀਂ ਨਿਮਰਤਾ ਦਾ ਸਬਕ ਸਿਖਾਇਆ ਜਾਂਦਾ ਹੈ :

*ਮੈ ਬਧੀ ਸਚੁ ਧਰਮਸਾਲ ਹੈ ॥*
*ਗੁਰਸਿਖਾ ਲਹਦਾ ਭਾਲ ਕੈ ॥*
*ਪੈਰ ਧੋਵਾ ਪਖਾ ਫੇਰਦਾ ਤਿਸ ਨਿਵਿ ਨਿਵਿ ਲਗਾ ਪਾਇ ਜੀਉ ॥*[7]

ਭਾਈ ਗੁਰਦਾਸ ਜੀ ਅਨੁਸਾਰ ਧਰਮਸਾਲ ਅਜਿਹਾ ਮਾਨਸਰੋਵਰ ਹੈ, ਜਿਥੋਂ ਗੁਰਸ਼ਬਦ ਦੇ ਰਤਨ ਪ੍ਰਾਪਤ ਹੁੰਦੇ ਹਨ।[8] ਇਸ ਚਟਸਾਲ ਵਿਚ ਸੇਵਾ ਸਿਖੀ/ਸਿਖਾਈ ਜਾਂਦੀ ਹੈ।[9] ਸੰਸਥਾਗਤ ਤੌਰ 'ਤੇ ਜਦੋਂ ਸੰਗਤਾਂ ਸਥਾਪਿਤ ਹੋਈਆਂ ਤਾਂ ਉਥੇ ਹੀ ਧਰਮਸ਼ਾਲਾਵਾਂ ਬਣੀਆਂ ਤੇ ਇਨ੍ਹਾਂ ਦੇ ਮੁਖੀ ਕਈ ਉਚ ਜੀਵਨ ਵਾਲੇ ਗੁਰਸਿਖ ਹੋਏ, ਜਿਨ੍ਹਾਂ ਵਿਚੋਂ ਕਈਆਂ ਦੇ ਨਾਂ ਭਾਈ ਗੁਰਦਾਸ ਜੀ ਨੇ ਦਿਤੇ ਹਨ।[10] ਉਦੇਸ਼ ਦੀ ਦ੍ਰਿਸ਼ਟੀ ਤੋਂ ਧਰਮਸ਼ਾਲਾ ਤੇ ਇਸ ਦੇ ਨਾਲ ਸੰਗਤ-ਪੰਗਤ, ਲੰਗਰ ਆਦਿ ਸੰਸਥਾਵਾਂ ਨੇ ਸਿੱਖੀ ਦੇ ਪੰਥਕ ਵਿਕਾਸ ਤੇ ਬਣਤਰ ਨੂੰ ਮਜ਼ਬੂਤ ਬਣਾਇਆ। ਇਹ ਸੰਸਥਾਵਾਂ ਸਿੱਖੀ ਦੇ ਹਰੇਕ ਪਖ ਦਾ ਕੇਂਦਰ ਬਣੀਆਂ। ਪਹਿਲੇ ਪੜਾਅ ਵਿਚ ਕਰਤਾਰਪੁਰ ਦੇ ਸਥਾਪਿਤ ਹੋਣ ਨਾਲ ਇਸ ਦੇ ਬਾਕੀ ਪ੍ਰਬੰਧ, ਜਿਸ ਵਿਚ ਨਾਮ ਸਿਮਰਨ; ਗੁਰਬਾਣੀ ਕੀਰਤਨ; ਸੰਗਤ-ਪੰਗਤ; ਲੰਗਰ ਦੀ ਵਿਵਸਥਾ ਸ਼ਾਮਿਲ ਸੀ,

---

4. ਵੇਖੋ : ਹੁਕਮਨਾਮਿਆ ਵਿਚ ਦੇਸ ਵਿਦੇਸ਼ ਦੀਆਂ ਸੰਗਤਾਂ ਦੇ ਜ਼ਿਕਰ :
(ਸੰਪਾ.) ਗੰਡਾ ਸਿੰਘ, ਪੰਨੇ 77-8; 135; 189 ਆਦਿ।
5. ਜਿਵੇਂ : ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥
ਨਾ ਕੋ ਬੈਰੀ ਨਹੀ ਬਿਗਾਨਾ ॥ ਸਗਲ ਸੰਗਿ ਹਮ ਕਉ ਬਨਿ ਆਈ ॥ *ਗੁਰੂ ਗ੍ਰੰਥ ਸਾਹਿਬ*, ੧੨੯੯.
6. ਧਰਤਿ ਉਪਾਇ ਕਰੀ ਧਰਮਸਾਲਾ ॥ *ਉਹੀ*, ੧੦੩੩.
7. *ਉਹੀ*, ੭੩.
8. ਧਰਮਸਾਲ ਹੈ ਮਾਨਸਰੁ ਹੰਸੁ ਗੁਰਸਿਖ ਵਾਹੁ ॥
ਰਤਨ ਪਦਾਰਥ ਗੁਰਸਬਦੁ ਕਰਿ ਕੀਰਤਨੁ ਖਾਹੁ ॥ *ਵਾਰ/ਪਉੜੀ* ੯/੧੪.
9. ਪਹਿਲੇ ਗੁਰਿ ਉਪਦੇਸ ਦੇ ਸਿਖ ਪੈਰੀ ਪਾਏ ॥
ਸਾਧਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ ॥ *ਉਹੀ* ੯/੧੭.
10. ਗੰਗਾ, ਸਹਗਲੁ, ਸੂਰਮਾ, ਹਰਵੰਸ ਤਪੇ, ਟਹਲ ਧਰਮਸਾਲਾ ॥ *ਉਹੀ* ੧੧/੨੭.



ਵਿਚ ਵਿਧੀਬਧਤਾ ਬਣ ਗਈ। ਇਸਦੇ ਆਰਥਿਕ ਆਧਾਰ ਨੂੰ ਮਜਬੂਤ ਕਰਨ ਲਈ ਕਿਰਤ ਕਮਾਈ ਦਾ ਪ੍ਰਬੰਧ ਵੀ ਨਾਲ ਹੀ ਕੀਤਾ ਗਿਆ। *ਮਿਹਰਬਾਨ ਜਨਮਸਾਖੀ* ਅਨੁਸਾਰ ਜਦੋਂ "ਉਸਿ {ਕਰਤਾਰਪੁਰ ਦੀ} ਧਰਤੀ ਕਾ ਜੁ ਪੂਰਵਲਾ ਕੋਈ ਭਲਾ ਅੰਕੁਰੁ ਥਾ ਸੋ ਆਇ ਪਰਗਟੁ ਭਇਆ।..."[11] ਤਾਂ ਗੁਰੂ ਸਾਹਿਬ ਨੇ ਕਰਤਾਰਪੁਰ ਦੀ ਸਥਾਪਨਾ ਕੀਤੀ ਤੇ ਵਾਹੁਣ ਯੋਗ ਜ਼ਮੀਨ ਵੇਖ ਕੇ ਸੇਵਕਾਂ ਨੂੰ ਆਖਿਆ "ਵਾਹ ਹੁ ਗਾਹ ਹੁ ਤੁਸੀ ਹੀ ਅਤੈ ਜੇ ਕਿਛੁ ਅੰਨੁ ਪੈਦਾ ਹੋਵੈ ਸੁ ਗੁਰੂ ਬਾਬੇ ਦੀ ਧਰਮਸਾਲਾ ਬਾਹਹੁ।"[12] ਭਾਈ ਗੁਰਦਾਸ ਜੀ ਵੀ ਅਜਿਹਾ ਇਸ਼ਾਰਾ ਕਰਦੇ ਹਨ।[13]

ਇਸ ਤਰ੍ਹਾਂ ਹਥੀਂ ਕਿਰਤ ਕਮਾਈ ਕਰਕੇ ਕਰਤਾਰਪੁਰ ਦੀ ਧਰਮਸ਼ਾਲ ਦਾ ਪ੍ਰਬੰਧ ਤੋਰਿਆ ਗਿਆ ਤੇ ਇਥੇ ਗੁਰੂ ਬਾਬੇ ਪਾਸ ਆਉਣ ਵਾਲੇ "ਹਿੰਦੂ, ਮੁਸਲਮਾਨੁ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਤਪਸੀ, ਦਿਗੰਬਰੁ, ਬੈਸਨਉ, ਉਦਾਸੀ, ਕਿਨਹੀ, ਬੈਰਾਗੀ, ਖਾਨੁ-ਪਵੀਨੁ, ਉਮਰਾਉ, ਕਰੋੜੀਆ, ਭੂਮੀਆ {ਆਦਿ} ਜਿ ਕੋਈ ਸੀ ਪਰਮੇਸੁਰ ਕਾ ਪੈਦਾ ਕੀਆ... ਸੁ ਸੰਤੋਖਿਆ ਜਾਇ...ਨਿਹਾਲੁ ਹੋਵਹਿ ॥"[14]

ਇਹ ਸੰਤੋਖ ਜਾਂ ਨਿਹਾਲ ਜਿਥੇ ਗੁਰਸ਼ਬਦ ਨਾਲ ਹੁੰਦਾ, ਉਥੇ ਲੰਗਰ ਨਾਲ ਵੀ ਹੁੰਦਾ। *ਆਦਿ ਸਾਖੀਆਂ* ਅਨੁਸਾਰ "ਦੁਇ ਵਖਤੁ ਸਿਖੋ ਨੋ ਰਸੋਈ ਹੁੰਦੀ।" ਗੁਰੂ ਸਾਹਿਬ ਲੰਗਰ ਦਾ ਪ੍ਰਬੰਧ ਖੁਦ ਦੇਖਦੇ "ਤਾ ਬਾਬਾ ਰਸੋਈ ਵਿਚ ਬਹਿ ਕਰਿ ਆਗਿਆ ਕਰੈ ਜਾਹਿ ਬਚਾ ਜੇਵਹੁ॥ ਸਿਆਲ ਹੋਇ ਤਾ ਖਿਚੜੀ ਰੋਟੀ॥ ਜੇ ਉਨਾਲ (ਗਰਮੀ) ਹੋਇ ਤਾ ਦਾਲ ਰੋਟੀ॥ ਜਿਤਨਾ ਆਹਾਰੁ ਕਿਸੈ ਦਾ ਹੋਵੈ ਸੋ ਲੈ ਉਠੈ... ਜੇਹੀ ਜਿਨਸ ਦਾ ਕੋਈ ਸੰਸਾਰੀ ਸਿਖ ਆਵੈ ਤੇਹਾ ਤੇਹਾ ਪ੍ਰਸਾਦੁ ਮਿਲਦਾ॥"[15] *ਆਦਿ ਸਾਖੀਆਂ* ਦੀ ਗਵਾਹੀ ਅਨੁਸਾਰ ਗੁਰੂ ਸਾਹਿਬ ਨੇ ਜ਼ਮੀਨ ਨੂੰ ਵਾਹੁਣ ਸਵਾਰਣ ਦੇ ਸੰਦਾਂ ਦਾ ਪ੍ਰਬੰਧ ਵੀ ਕਰਕੇ ਦਿਤਾ ਤਾਂ ਕਿ ਹਥੀਂ ਕਿਰਤ ਕਮਾਈ ਕਰਕੇ ਲੰਗਰਾਂ ਵਿਚ ਮੇਰੇ ਸਿਖ ਛਤੀਹ ਅੰਮ੍ਰਿਤ ਛਕਣ।[16]

ਲੰਗਰ, ਧਰਮਸਾਲਾ ਵਿਚ ਸਮੂਹਿਕ ਤੌਰ 'ਤੇ 'ਕਠੇ ਹੋਏ ਲੋਕ ਇਕੋ ਪੰਗਤ ਵਿਚ ਬੈਠ ਕੇ ਛਕਦੇ, ਜਿਸ ਨਾਲ ਛੂਤ-ਛਾਤ, ਸੁਚ-ਭਿਟ ਤੇ ਜਾਤੀ ਪ੍ਰਥਾ ਨਾਲ ਜੁੜੇ ਕੂੜੇ ਕਰਮਾਂ; ਵਹਿਮਾਂ ਭਰਮਾਂ ਤੇ ਪਰੰਪਰਾਗਤ ਧਾਰਮਿਕ ਵਿਚਾਰਾਂ ਦੀਆਂ ਜੜ੍ਹਾਂ ਹਿਲ ਗਈਆਂ। ਸਮੇਂ ਦੇ ਵਿਕਾਸ ਨਾਲ ਉਕਤ ਸੰਸਥਾਵਾਂ ਸਿੱਖ ਪੰਥ ਦੀ ਬੁਨਿਆਦੀ ਬਣਤਰ ਬਣ ਕਿ ਹੁਣ ਇਤਿਹਾਸ ਦੇ ਕਈ ਪੜਾਅ ਪਾਰ ਕਰ ਚੁਕੀਆਂ ਹਨ, ਪਰ ਇਨ੍ਹਾਂ ਦੇ ਬੁਨਿਆਦੀ ਮਨੋਰਥਾਂ

---

11. ਭਾਗ 1, ਸਾਖੀ/ਪੰਨਾ ੧੩/੫੧੬.
12. *ਉਹੀ*, ੧੫੩/੫੧੮.
13. ਧਰਮਸਾਲ ਕਰਤਾਰਪੁਰੁ... *ਵਾਰ/ਪਉੜੀ* ੨੪/੧.
14. *ਮਿਹਰਬਾਨ ਜਨਮਸਾਖੀ*, ਭਾਗ 1, ਸਾਖੀ/ਪੰਨਾ ੧੫੩/੫੧੭.
15. ਸਾਖੀ/ਪੰਨਾ ੨੪/੨੭੨-੭੮.
16. *ਉਹੀ*, ੨੫/੧੯੧.

ਵਿਚ ਹਾਲੇ ਵੀ ਕੋਈ ਕਮੀ ਨਹੀਂ ਆਈ। ਸੁਚ-ਭਿਟ, ਜਾਤ-ਪਾਤ ਦੇ ਕੂੜੇ ਕਲਚਰ ਤੋਂ ਮੁਕਤ ਇਨ੍ਹਾਂ ਸੰਸਥਾਵਾਂ ਨੇ ਸਚੀ ਕਿਰਤ ਤੇ ਦਸਾਂ ਨਹੁੰਆਂ ਨਾਲ ਕਮਾਈ ਰੋਟੀ ਦੇ ਵਿਚਾਰ ਨੂੰ ਵਿਹਾਰ ਵਿਚ ਬਦਲਿਆ ਤੇ ਨਾਲ ਹੀ ਗਰੀਬ-ਗੁਰਬੇ, ਅਤਿਥੀ ਦਾ ਢਿਡ ਭਰਿਆ। ਕੇਸਰ ਸਿੰਘ ਛਿਬਰ ਅਠਾਰਵੀਂ ਸਦੀ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ-ਪੰਗਤ ਦੀ ਇਕ ਅਖੀਂ ਵੇਖੀ ਗਵਾਹੀ ਪੇਸ਼ ਕਰਦਾ ਹੋਇਆ ਲਿਖਦਾ ਹੈ :

> *ਸਦਾ ਬ੍ਰਿਤ ਜੋ ਕੋਈ ਸਾਧ ਸੰਤ ਸਿਖ ਫਕੀਰ ਪਰਦੇਸੀ ਆਵੈ॥...*
> *ਸੂਰਦਾਸ (ਅੰਨਾ) ਲੰਗਾ ਬੁਢਾ ਹੀਣਾ ਅਰਥੀ...*
> *ਹੋਰੁ ਮਾਈ ਬੁਢੀ ਠੇਰੀ...*
> *ਸੋਈ ਭੋਜਨ ਮਾਤ੍ਰ ਦਰਬਾਰੋ ਲੇਵੈ।*
> *ਇਸ ਖਰਚ ਤੇ ਦੇ ਲੈ ਵਧੇ ਜੋ ਮਾਇਆ।*
> *ਮਹੀਨੇ ਕਾਮਿਆ ਮੁਸੰਦੀਆ ਦਰੋ ਗਿਆ ਏ ਠਹਿਰਾਇਆ॥*[17]

ਛਿਬਰ ਇਹ ਵੀ ਗਵਾਹੀ ਦਿੰਦਾ ਹੈ ਕਿ ਜੋ ਵੀ ਆਟਾ, ਘਿਉ, ਦਾਲ ਆਦਿ ਗੁਰੂ ਕੇ ਲੰਗਰਾਂ ਵਿਚ ਆਉਂਦਾ ਸੀ, ਉਹ ਕਿਰਤੀ ਸਿੱਖ ਨਹੀਂ ਸੀ ਲੈਂਦੇ, ਕਿਉਂਕਿ ਉਹ ਤਾਂ ਕਮਾ ਕੇ ਖਾਂਦੇ ਸਨ, ਉਹ ਅਕਸਰ ਅਨਾਥਾਂ ਨੂੰ ਦਿਤਾ ਜਾਂਦਾ ਸੀ।[18] ਇਸੇ ਤਰ੍ਹਾਂ ਹੀ ਚਾਰਲਸ ਵਿਲਕਿਨਜ਼ ਇਕ ਅੰਗਰੇਜ਼ ਅਫਸਰ, 1781 ਈ. ਦੀ ਪਟਨਾ ਫੇਰੀ ਸਮੇਂ ਤਖ਼ਤ ਸਾਹਿਬ ਉਤੇ ਵਰਤਾਏ ਜਾਂਦੇ ਲੰਗਰ, ਉਥੇ ਦੀ ਸੰਗਤ ਤੇ ਪੰਗਤ ਦਾ ਵਿਸਤ੍ਰਿਤ ਵੇਰਵਾ ਦਿੰਦਾ ਹੋਇਆ ਸਪਸ਼ਟ ਕਰਦਾ ਹੈ ਕਿ ਸਾਰੇ ਇਕੋ ਪੰਗਤ ਵਿਚ ਬਹਿ ਕੇ ਬਿਨ੍ਹਾਂ ਕਿਸੇ ਭੇਦ-ਭਾਵ ਦੇ ਹਥੀਂ ਬਣਾਇਆ ਚੰਗਾ ਭੋਜਨ ਛਕਦੇ ਹਨ।[19]

*ਸ੍ਰੀ ਗੁਰ ਸੋਭਾ* ਦਾ ਕਰਤਾ ਭਾਈ ਸੈਨਾ ਸਿੰਘ ਲਿਖਦਾ ਹੈ ਸਿੱਖ ਦੇ ਸਮੁਚੇ ਜੀਵਨ ਦਾ ਆਸਰਾ (ਠਉਰ) ਹੀ ਸੰਗਤਾਂ ਬਣੀਆਂ।[20] *ਗੁਰਬਿਲਾਸ* ਦੇ ਹਵਾਲੇ ਅਨੁਸਾਰ ਸੰਗਤ-ਪੰਗਤ ਵਿਚ ਭੇਖ ਜਾਂ ਪਾਖੰਡ ਬਾਹਰ ਰਹਿ ਜਾਂਦੇ, ਕੇਵਲ ਨਿਮਰਤਾ ਨਾਲ ਹੁੰਦੀ।[21] ਕਰਤਾ ਅਨੁਸਾਰ ਗੁਰੂ ਘਰਾਂ ਦੀ ਤਾਂ ਓਟ ਹੀ ਸੰਗਤ, ਪੰਗਤ ਹੈ ਤੇ ਇਥੇ ਚਲਦਾ ਲੰਗਰ ਚਹੁੰ ਵਰਨਾ ਵਿਚ ਸਾਂਝਾ ਹੈ, ਜਿਥੇ ਰਾਜੇ ਤੋਂ ਲੈ ਕਿ ਭਿਖਾਰੀ ਤਕ

17. *ਬੰਸਾਵਲੀਨਾਮਾ*, ਚਰਣ/ਬੰਦ/ਪੰਨਾ ੧੩/੧੬-੮/੧੪੩.
18. ਕਿਰਤੀ ਸਿਖ ਨਹੀ ਲੈਇ ਗਰੀਬ ਅਨਾਥ ਸੀਧਾ ਲੇਵਨ।
*ਉਹੀ*, ੧੩/੩੪/੧੪੪.
19. Charles Wilkins, 'The Sikhs and Their College at Patna' reprinted in *Early Europeon Accounts of the Sikhs,* pp. 69-74.
20. ਅਧਿ./ਬੰਦ/ਪੰਨਾ ੬/੨੧੦/੯੦.
21. ਅਧਿ./ਬੰਦ/ਪੰਨਾ ੧/੧੨੫/੧੪.



ਆਉਂਦੇ ਹਨ।[22] ਗੁਰੂ ਸਾਹਿਬ ਆਪ ਵੀ ਚਹੁੰ ਵਰਨਾਂ ਦੀਆਂ ਸੰਗਤਾਂ ਵਿਚ ਬੈਠ ਕੇ ਛਕਦੇ ਹਨ।[23] *ਮਹਿਮਾ ਪ੍ਰਕਾਸ਼ ਕਵਿਤਾ* ਅਨੁਸਾਰ ਪੰਗਤ ਅਸਲ ਵਿਚ ਵਰਣਾਸ਼ਰਮ ਪਰੰਪਰਾ ਦਾ ਨਿਸ਼ੇਧ ਸੀ। ਇਥੇ ਚਾਰੇ ਵਰਨਾਂ ਦੇ ਹਰ ਵਡੇ-ਛੋਟੇ, ਬਿਨ੍ਹਾਂ ਭੇਦ-ਭਾਵ ਦੇ, ਮਿਟੀ ਦੇ ਬਰਤਨਾਂ ਵਿਚ ਛਕਦੇ।[24] ਕਰਤਾ *ਮਹਿਮਾ ਪ੍ਰਕਾਸ਼* ਨੇ ਲਿਖਿਆ ਹੈ ਕਿ ਲੰਗਰ, ਪੰਗਤ, ਸੰਗਤ ਆਦਿ ਸੰਸਥਾਵਾਂ ਨੂੰ ਗੁਰੂ ਸਾਹਿਬ ਨੇ ਅਧਿਆਤਮਕ ਉਨਤੀ ਦਾ ਇਕ ਸਾਧਨ ਬਣਾਇਆ।[25] ਲੰਗਰ ਸੰਸਥਾ ਦੀ ਮਹਾਨਤਾ ਦਾ ਅੰਦਾਜ਼ਾ ਇਸ ਤਥ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਜੇ ਗੁਰੂ ਸਾਹਿਬ ਦਿਆਲ ਹੋ ਕਿ ਕਿਸੇ ਨੂੰ ਸੇਵਾ ਬਖਸ਼ਦੇ ਤਾਂ ਲੰਗਰ ਦੀ ਸੇਵਾ ਬਖ਼ਸ਼ਦੇ।[26] ਸਤਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਜਿਥੇ ਲੋੜਵੰਦ ਪ੍ਰਸੰਨ ਹੋਣ, ਉਹੋ ਭਾਉ-ਭਗਤੀ ਵਾਲੀ ਲੰਗਰ-ਸੇਵਾ ਗੁਰੂ ਘਰ ਵਿਚ ਪ੍ਰਵਾਨ ਹੋਵੇਗੀ।[27] ਕਰਤਾ ਅਨੁਸਾਰ ਲੰਗਰ ਵਿਚ ਸੁਆਦਲਾ ਭੋਜਨ ਦਸਾਂ ਨਹੁੰਆਂ ਦੀ ਧਰਮੀ ਕਿਰਤ ਵਾਲੇ ਸਿੱਖਾਂ ਦੀ ਕਿਰਤ ਕਰਕੇ ਬਣਦਾ।[28]

*ਮਹਿਮਾ ਪ੍ਰਕਾਸ਼* ਅਨੁਸਾਰ ਲੋੜਵੰਦ, ਅਤਿਥੀ ਜਾਂ ਗਰੀਬ ਨੂੰ ਲੰਗਰ ਛਕਾਉਣਾ, ਗੁਰੂ ਨੂੰ ਲੰਗਰ ਛਕਾਉਣ ਦੇ ਤੁਲ ਸਮਝਿਆ ਜਾਂਦਾ ਸੀ।[29] ਗੁਰੂ ਅਮਰਦਾਸ ਜੀ ਦਾ ਤਾਂ ਇਹ ਜ਼ਰੂਰੀ ਹੁਕਮ ਸੀ ਕਿ ਪਹਿਲਾਂ ਪੰਗਤ ਪਿਛੋਂ ਸੰਗਤ, ਇਥੋਂ ਤਕ ਇਹ ਹੁਕਮ ਬਾਦਸ਼ਾਹ ਅਕਬਰ ਨੂੰ ਵੀ ਮੰਨਣਾ ਪਿਆ।[30] ਸਰਦਾਰ ਰਤਨ ਸਿੰਘ ਭੰਗੂ ਨੇ ਇਨ੍ਹਾਂ ਸੰਸਥਾਵਾਂ (ਲੰਗਰ, ਪੰਗਤ, ਸੰਗਤ) ਵਿਚ ਦੁਸ਼ਮਣਾਂ ਦੇ ਆਉਣ ਤੇ ਪ੍ਰਸੰਨ ਹੋਣ ਦੇ ਵੇਰਵੇ ਵੀ ਦਿਤੇ ਹਨ।[31]

ਉਕਤ ਵਿਚਾਰ/ਹਵਾਲੇ ਧਰਮਸਾਲਾ, ਲੰਗਰ, ਪੰਗਤ, ਸੰਗਤ ਆਦਿ ਸੰਸਥਾਵਾਂ ਦੀ ਮਹਾਨਤਾ ਤੇ ਉਦੇਸ਼ ਨੂੰ ਸਪਸ਼ਟ ਕਰਨ ਲਈ ਕਾਫੀ ਹਨ। ਸਾਡੇ ਵਿਸ਼ੇ ਦੇ ਧਿਆਨਯੋਗ ਤਥ ਸਿਰਫ ਇਹ ਹੈ ਕਿ ਇਹ ਵਡੇ ਪ੍ਰਬੰਧ ਕਿਰਤੀ ਸਿੱਖਾਂ ਦੀ ਮਿਹਨਤ ਨਾਲ ਚਲਦੇ ਸਨ।

ਜਿਵੇਂ-ਜਿਵੇਂ ਪੰਥ ਦਾ ਵਿਕਾਸ ਹੁੰਦਾ ਗਿਆ ਤਿਵੇਂ-ਤਿਵੇਂ ਹੋਰ ਨਵੇਂ ਪ੍ਰਬੰਧਾਂ, ਸੰਸਥਾਵਾਂ ਦਾ ਉਦੈ ਹੁੰਦਾ ਗਿਆ। ਸਮੇਂ ਨਾਲ ਦਸਵੰਧ,ਮਸੰਦ, ਮੰਜੀ ਆਦਿ ਸੰਸਥਾਵਾਂ ਨੇ ਜਨਮ ਲਿਆ, ਜਿਨ੍ਹਾਂ ਦਾ ਸੰਬੰਧ ਦਸਾਂ ਨਹੁੰਆਂ ਦੀ ਕਿਰਤ ਕਮਾਈ (ਸੁਕ੍ਰਿਤ) ਨਾਲ ਗੰਭੀਰ ਰੂਪ ਵਿਚ ਜੁੜਿਆ ਹੋਇਆ ਹੈ।

22. *ਉਹੀ*, ੯/੯੦੭/੩੯੬; ੨੧/੩੮੮/੭੬੯; ੧/੧੦੪/੧੨ ਆਦਿ।
23. *ਉਹੀ*, ੯/੮੧੬/੩੮੪.
24. ਭਾਗ II, ਗੁਰੂ/ਸਾਖੀ/ਪੰਨਾ ੨/੬੮/੮੪; ੩/੮੩/੧੫੩.
25. ਵੇਖੋ: 'ਭਾਈ ਸਚਨਸਚ ਦੀ ਸਾਖੀ', *ਉਹੀ,*
26. *ਉਹੀ*, ੫/੧੨੭/੩੨੮; ਭਾਗ III, ੭/੧੭੫/੫੪੭.
27. *ਉਹੀ*, ਭਾਗ III, ੭/੧੭੬/੫੫੧.
28. *ਉਹੀ*, ੭/੧੬੭/੫੧੮.
29. *ਮਹਿਮਾ ਪ੍ਰਕਾਸ਼ ਵਾਰਤਕ*, ਸਾਖੀ/ਪੰਨਾ ੩੫/੭੮.
30. *ਉਹੀ*, ੪੨/੮੬.
31. *ਸ੍ਰੀ ਗੁਰ ਪੰਥ ਪ੍ਰਕਾਸ਼*, ਸਾਖੀ/ਬੰਦ/ਪੰਨਾ ੭੮/੪-੬/੧੭੯.

ਮੰਜੀ ਪ੍ਰਬੰਧ ਦੀ ਸਥਾਪਨਾ ਸਮਕਾਲੀ ਲੋੜ ਵਿਚ ਪੈਦਾ ਹੋਈ ਸੀ ਤੇ ਇਹ ਗੁਰੂ ਅਮਰਦਾਸ ਜੀ ਦੇ ਥਾਉਂ-ਥਾਈਂ ਸਥਾਪਿਤ ਕੀਤੇ ਸਿਖੀ ਦੇ ਪ੍ਰਚਾਰ ਕੇਂਦਰ ਸਨ, ਜਿਨ੍ਹਾਂ ਦੀ ਗਿਣਤੀ ਬਾਈ (22) ਸੀ।[32] ਇਹ ਇਕ ਤਰ੍ਹਾਂ ਦਾ ਅਹੁਦਾ ਸੀ ਤੇ ਅਧਿਕਾਰ ਪਖੋਂ ਸਿੱਖ ਪੰਥ ਵਿਚ ਗੁਰੂ (ਅਮਰਦਾਸ ਜੀ) ਵਲੋਂ ਸਿੱਖਾਂ ਨੂੰ ਬਖਸ਼ਿਆ ਜਾਣ ਵਾਲਾ ਸਭ ਤੋਂ ਵਡਾ ਸਤਿਕਾਰਤ ਸਨਮਾਨ ਸੀ।[33] ਇਥੇ ਇਕ ਤਥ ਧਿਆਨ ਗੋਚਰਾ ਹੈ ਕਿ *ਮਹਿਮਾ ਪ੍ਰਕਾਸ਼ ਗੁਰੂ ਅਮਰਦੇਵ* ਵਿਚ 'ਬਾਈ ਸੂਬੇ'[34] ਦੇ ਵਾਕੰਸ਼ ਤੋਂ ਪ੍ਰਭਾਵਿਤ ਹੋ ਕੇ ਪਰੰਪਰਾ ਵਿਚ ਇਹ ਪ੍ਰਚਲਿਤ ਹੋ ਗਿਆ ਕਿ ਅਕਬਰ ਦੇ ਬਾਈ ਸੂਬਿਆਂ ਤੋਂ ਪ੍ਰਭਾਵਿਤ/ਸਮਾਨਾਂਤਰ ਗੁਰੂ ਸਾਹਿਬ ਨੇ ਬਾਈ ਸੂਬੇ-ਨੁਮਾ ਪ੍ਰਚਾਰ ਕੇਂਦਰ ਬਣਾਏ।[35] ਇਤਿਹਾਸਕ ਤੌਰ ਤੇ ਇਹ ਵਿਚਾਰ ਦਰੁਸਤ ਨਹੀਂ, ਕਿਉਂਕਿ ਅਕਬਰ ਸਮੇਂ ਮੁਗਲ ਸਾਮਾਰਾਜ ਦੇ 12 ਸੂਬੇ ਸਨ।[36] ਵੈਸੇ ਵੀ ਗੁਰੂ ਸਾਹਿਬ ਨੂੰ ਅਕਬਰ ਦੇ ਕਿਸੇ ਪ੍ਰਬੰਧ ਤੋਂ ਪ੍ਰਭਾਵਿਤ ਜਾਂ ਸਮਾਨਾਂਤਰ ਹੋਣ ਦੀ ਲੋੜ ਨਹੀਂ ਸੀ। ਇਹ ਗੁਰੂ ਸਾਹਿਬ ਦਾ ਆਪਣਾ ਧਰਮੀ-ਰਾਜ ਸੀ।

ਮੰਜੀ ਬਖਸ਼ਿਸ਼ ਪ੍ਰਾਪਤ ਗੁਰਸਿਖ ਬੜੇ ਉਚੇ-ਸੁਚੇ ਜੀਵਨ ਵਾਲੇ ਸਨ, ਜਿਹੜੇ ਤਕਰੀਬਨ ਸਾਰੇ ਹੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਖਾਣ ਵਾਲੇ ਪਰਿਵਾਰਾਂ ਵਿਚੋਂ ਸਨ।[37] ਉਦਾਹਰਣ ਮਾਤਰ ਲਈ ਅਲਾਯਾਰ, ਪਿੰਡ ਡੱਲਾ (ਸੁਲਤਾਨਪੁਰ) ਦਾ ਇਕ ਪਠਾਣ ਮੁਸਲਮਾਨ ਸੀ, ਜਿਹੜਾ ਘੋੜਿਆਂ ਦਾ ਵਪਾਰ ਕਰਦਾ ਸੀ।[38] ਇਹ ਭਾਈ ਪਾਰੋ ਰਾਹੀਂ ਗੁਰੂ ਦਰਬਾਰ ਵਿਚ ਪਹੁੰਚ ਕੇ ਗੁਰੂ ਚਰਨਾਂ ਦਾ ਭੌਰਾ ਬਣਿਆ ਤੇ ਗੁਰੂ ਜੀ ਨੇ ਇਸਨੂੰ ਮੰਜੀ ਬਖਸ਼ਿਸ਼ ਕੀਤੀ।[39] ਭਾਈ ਸਚਨਸਚ ਪਿੰਡ ਮੰਦ (ਲਾਹੌਰ) ਦਾ ਰਹਿਣ ਵਾਲਾ ਸੀ, ਜਿਹੜਾ ਲੰਗਰ ਲਈ ਲਕੜਾਂ ਲਿਆਉਂਦਾ ਹੁੰਦਾ ਸੀ।[40] ਇਸ ਦਾ ਵਿਆਹ ਵੀ ਗੁਰੂ ਸਾਹਿਬ ਨੇ ਕਰਵਾਇਆ ਤੇ ਫਿਰ ਜੋੜੀ ਨੇ ਮੰਜੀ ਸੇਵਾ ਨੂੰ ਸਾਰੀ ਉਮਰ ਨਿਭਾਇਆ।[41] ਭਾਈ

32. ਤੋਲਾ ਸਿੰਘ ਭਲਾ, *ਗੁਰਰਤਨਾਵਲੀ*, ਬੰਦ , ਸਾਖੀ ਮਹਲਾ , ਪੰਨਾ 87;
ਗਣੇਸ਼ਾ ਸਿੰਘ ਬੇਦੀ, *ਸ੍ਰੀ ਗੁਰੂ ਬੰਸ ਬਿਨੋਦ*, ਪੰਨੇ ੫੦-੨.
33. ਡਾ. ਗੋਪਾਲ ਸਿੰਘ ਨੇ ਇਸਨੂੰ seats of spiritual authority ਕਿਹਾ ਹੈ, ਵੇਖੋ : *A History of the Sikh People,* p.162.
34. ਸਾਖੀ/ਬੰਦ .
35. ਇਹ ਪਾਤਸ਼ਾਹੀ ਦਾਅਵੇ ਦੀ ਪ੍ਰਤੀਕ 'ਰੂੜ੍ਹੀ' ਹੈ, ਵੇਖੋ: *ਸ੍ਰੀ ਗੁਰ ਪੰਥ ਪ੍ਰਕਾਸ਼*, ਅਧਿ./ਬੰਦ/ਪੰਨਾ ੧੨/੩/੨੨.
36. R.P. Tripathi, *Rise and Fall of Mughal Empire,* p.259.
37. ਇਨ੍ਹਾਂ ਦਾ ਵੇਰਵਾ (ਨਾਂ/ਥਾਂ/ਜਾਤ/ਗੋਤ/ਇਲਾਕਾ ਆਦਿ) ਸਾਨੂੰ ਹੇਠ ਲਿਖੇ ਪ੍ਰਮੁਖ ਸ੍ਰੋਤਾਂ ਤੋਂ ਥੋੜ੍ਹਾ-ਭਿੰਨਤਾ ਸਹਿਤ ਪ੍ਰਾਪਤ ਹੁੰਦਾ ਹੈ :
    - ਗਣੇਸ਼ਾ ਸਿੰਘ ਬੇਦੀ, *ਸ੍ਰੀ ਗੁਰੂ ਬੰਸ ਬਿਨੋਦ* (1884)
    - ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ* (1884)
    - ਗੋਇੰਦਵਾਲ ਗੁਰਦਵਾਰਾ ਹਵੇਲੀ ਸਾਹਿਬ ਦਾ *ਸੁਨਹਿਰੀ ਪਤਰਾ* (ਸਿੱਖ ਰਾਜ)
    - ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼* (1930)
38. ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ ੨੭੩.
39. ਗਣੇਸ਼ਾ ਸਿੰਘ ਬੇਦੀ, *ਸ੍ਰੀ ਗੁਰੂ ਬੰਸ ਬਿਨੋਦ*, ਪੰਨਾ ੫੨.
40. ਭਾਈ ਸੰਤੋਖ ਸਿੰਘ, *ਸੂਰਜ ਪ੍ਰਕਾਸ਼*, ਜਿ , ਪੰਨਾ ੧੪੫੭.
41. *ਉਹੀ.*



ਸਾਧਾਰਨ, ਗੋਇੰਦਵਾਲ ਦਾ ਹਿੰਦੂ ਲੋਹਾਰ, ਲਕੜੀ ਦਾ ਕੰਮ ਕਰਦਾ ਸੀ ਤੇ ਬਉਲੀ ਨਿਰਮਾਣ ਵਿਚ ਲਕੜੀ ਦੇ ਕੰਮ (ਕਿਰਤ) ਦੀ ਜ਼ਿੰਮੇਵਾਰੀ ਇਸੇ ਦੀ ਸੀ।[42] ਮੰਜੀ ਪ੍ਰਾਪਤੀ ਉਪਰੰਤ ਗੁਰੂ ਹੁਕਮਾਂ ਅਨੁਸਾਰ ਇਹ ਪਿੰਡ (ਘਰ) ਰਹਿ ਕੇ ਪ੍ਰਚਾਰ ਕਰਦਾ ਰਿਹਾ।[43] ਇਸੇ ਤਰ੍ਹਾਂ ਭਾਈ ਸਾਵਣ ਮਲ ਨੇ ਦੂਰ-ਦੂਰ ਜਾ ਕੇ ਪੰਥ ਦੇ ਅਨੇਕਾਂ ਕੰਮ/ਕਾਰਜ ਕੀਤੇ, ਜਿਵੇਂ ਬਉਲੀ ਨਿਰਮਾਣ ਤੇ ਗੋਇੰਦਵਾਲ ਨਗਰ ਦੀ ਉਸਾਰੀ ਸਮੇਂ ਪਹਾੜੀ ਰਿਆਸਤ ਹਰੀਪੁਰ ਤੋਂ ਲਕੜੀਆਂ ਦਾ ਪ੍ਰਬੰਧ ਕੀਤਾ।[44] ਪੁਰਾਤਨ ਸੂਚਨਾ ਅਨੁਸਾਰ[45] ਸਭ ਤੋਂ ਪਹਿਲੀ ਮੰਜੀ ਇਸੇ ਨੂੰ ਮਿਲੀ ਸੀ।

ਇਸੇ ਤਰ੍ਹਾਂ ਭਾਈ ਸੁਖਣ, ਕੇਦਾਰੀ, ਖੇਡਾ, ਹੰਦਾਲ[46], ਗੰਗਸ਼ਾਹ, ਦਰਬਾਰੀ, ਪਾਰੋ (ਪਰਮਹੰਸ), ਫੇਰਾ, ਬੂਆ, ਬੇਣੀ ਮਾਧੋ, ਮਹੇਸਾ, ਮਾਈਦਾਸ, ਮਾਣਕ ਚੰਦ, ਮਥੋਮੁਰਾਰੀ[47], ਰਾਜਾ ਰਾਮ, ਭਾਈ ਲਾਲ/ਲਾਲੋ/ਲਾਲੂ ਆਦਿ ਸਾਰੇ ਹੀ ਧਰਮ ਦੀ ਕਿਰਤ ਕਮਾਈ ਕਰਕੇ ਖਾਣ ਵਾਲੇ, ਉਚ-ਜੀਵਨੀਏ ਸਿੱਖ ਸਨ।[48]

ਜਿਸ ਤਰ੍ਹਾਂ ਪਹਿਲਾਂ ਸੰਕੇਤ ਆ ਚੁਕਿਆ ਹੈ, ਮੰਜੀਦਾਰਾਂ ਦਾ ਮੁਖ ਕੰਮ ਧਰਮ ਦਾ ਪ੍ਰਚਾਰ ਸੀ, ਪਰ ਇਹ ਨਿਰਾਪੁਰਾ ਪ੍ਰਚਾਰ ਹੀ ਨਹੀਂ ਸੀ ਕਰਦੇ ਬਲਕਿ ਆਪਣੇ-ਆਪਣੇ ਇਲਾਕੇ ਦੇ ਲੋਕਾਂ ਦੇ ਧਾਰਮਕ/ਰਾਜਸੀ ਮਸਲੇ ਵੀ ਨਜਿਠਦੇ ਸਨ। ਉਹ ਆਪਣੇ ਇਲਾਕੇ ਵਿਚ ਇਕ ਆਗੂ ਦੀ ਤਰ੍ਹਾਂ ਸਨ ਤੇ ਗੁਰੂ ਵਲੋਂ ਉਨ੍ਹਾਂ ਨੂੰ ਸਾਰੇ ਅਧਿਕਾਰ (ਬਖਸ਼ਿਸ਼ਾਂ) ਮਿਲੇ ਹੋਏ ਸਨ।[49] ਇਸੇ ਸੰਦਰਭ ਵਿਚ ਹੀ ਸ਼ਾਇਦ ਸਾਡੇ ਕੁਝ ਲੇਖਕ[50] ਇਸਨੂੰ ਮੁਗਲ ਹਕੂਮਤ ਦੇ ਸਮਾਨਾਂਤਰ ਇਕ ਪ੍ਰਬੰਧ ਸਮਝਦੇ ਹਨ, ਜੋ ਕਿ ਇਸ ਪ੍ਰਸੰਗ ਵਿਚ ਠੀਕ ਜਾਪਦਾ ਹੈ।

ਮੰਜੀਦਾਰਾਂ ਦਾ ਵਿਸ਼ੇਸ਼ ਕੰਮ, ਜਿਸਦਾ ਸਿਧਾ ਸੰਬੰਧ ਸਾਡੇ ਹਥਲੇ ਕਾਰਜ ਨਾਲ ਤਲੁਕਾਤ ਰਖਦਾ ਹੈ, ਸਿੱਖ ਸੰਗਤਾਂ ਵਲੋਂ ਭੇਟ 'ਦਸਵੰਧ' ਦੇ ਰੂਪ ਵਿਚ ਭੇਂਟ ਕੀਤੀ ਮਾਇਆ, ਗੁਰੂ ਦਰਬਾਰ ਤਕ ਪਹੁੰਚਾਉਣ ਦਾ ਸੀ। ਇਹ ਮਾਇਆ ਨਗਦੀ, ਅਨਾਜ ਜਾਂ ਸਮਾਨ ਦੇ ਰੂਪ

42. *ਮਹਿਮਾ ਪ੍ਰਕਾਸ਼* (ਵਾਰਤਕ), ਸਾਖੀ/ਪੰਨਾ
43. ਸੰਤ ਰੇਣਿ ਪ੍ਰੇਮ ਸਿੰਘ, *ਸ੍ਰੀ ਗੁਰਪੁਰ ਪ੍ਰਕਾਸ਼*, ਭਾਗ ਪਹਿਲਾ, ਪੰਨਾ 460.
44. ਭਾਈ ਸੰਤੋਖ ਸਿੰਘ, *ਸੂਰਜ ਪ੍ਰਕਾਸ਼*, ਜਿ. , ਪੰਨਾ .
45. ਸੰਤ ਰੇਣਿ ਪ੍ਰੇਮ ਸਿੰਘ, *ਸ੍ਰੀ ਗੁਰਪੁਰ ਪ੍ਰਕਾਸ਼*, ਭਾਗ ਪਹਿਲਾ, ਪੰਨਾ 420.
46. ਹੰਦਾਲ ਗੁਰੂ ਸਾਹਿਬ ਦਾ ਸਚਾ ਸਿੱਖ ਸੀ, ਪਰ ਇਸਦੀ ਮੌਤ ਉਪਰੰਤ ਇਸ ਦਾ ਪੁਤਰ ਬਿਧੀਆ ਭਟਕ ਗਿਆ ਤੇ ਸਿੱਖ ਸਾਹਿਤ ਵਿਚ ਮਿਲਾਵਟ ਪਾਉਣ ਲਗ ਪਿਆ। ਇਸ ਦਾ 'ਨਿਰੰਜਨੀ ਪੰਥ' ਹਮੇਸ਼ਾਂ ਸਿੱਖ ਲਹਿਰ ਦੇ ਵਿਰੋਧ ਵਿਚ ਭੁਗਤਦਾ ਰਿਹਾ। ਅਠਾਰਵੀਂ ਸਦੀ ਵਿਚ ਜੰਡਿਆਲੀਏ, ਸਿਖਾਂ ਦੇ ਸਭ ਤੋਂ ਵਡੇ ਦੁਸ਼ਮਣ ਬਣੇ, ਵੇਖੋ: Dr. Ganda Singh, *Ahmed Shah Durrani,* p.275.
47. ਇਨ੍ਹਾਂ ਵਿਚੋਂ ਮੁਰਾਰੀ ਦੀ ਸੁਪਤਨੀ ਦਾ ਨਾਂ ਮਥੋ ਹੈ। ਇਹ ਜੋੜੀ ਗੁਰ-ਸੇਵਾ ਨੂੰ ਸਮਰਪਿਤ ਸੀ।
48. ਵਿਸਤਾਰ ਲਈ ਵੇਖੋ: ਭਾਈ ਸੰਤੋਖ ਸਿੰਘ, *ਸੂਰਜ ਪ੍ਰਕਾਸ਼*, ਜਿ. , ਪੰਨੇ .
49. ਗੋਕਲ ਚੰਦ ਨਾਰੰਗ, *ਸਿਖ ਮਤ ਦਾ ਪਰਿਵਰਤਨ* (ਪੰਜਾਬੀ ਅਨੁ.), ਪੰਨੇ 21-2.
50. ਗਿ. ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼*, ਭਾਗ ਪਹਿਲਾ , ਪੰਨਾ 592.

ਵਿਚ ਹੋ ਸਕਦੀ ਸੀ ਤੇ ਸੰਗਤ ਮੁਖੀ (ਮੰਜੀਦਾਰ) ਪੂਰੇ ਇਮਾਨ ਸਹਿਤ ਸਾਲ ਵਿਚ ਦੋ ਵਾਰ ਗੁਰੂ ਘਰ ਵਿਚ ਪਹੁੰਚਾ ਦਿੰਦਾ ਸੀ, ਜਿਸ ਨਾਲ ਲੰਗਰ, ਰਿਹਾਇਸ਼, ਇਮਾਰਤਾਂ ਤੇ ਹੋਰ ਅਨੇਕਾਂ ਪ੍ਰਕਾਰ ਦਾ ਪ੍ਰਬੰਧ ਚਲਦਾ ਸੀ।

ਇਸੇ ਤਰ੍ਹਾਂ ਹੀ ਮੰਜੀ ਪ੍ਰਬੰਧ ਵਾਂਗ ਪੀਹੜੇ ਵੀ ਸਥਾਪਿਤ ਕੀਤੇ ਗਏ, ਜਿਨ੍ਹਾਂ ਦੀ ਗਿਣਤੀ 52 ਜਾਂ ਇਸ ਤੋਂ ਵਧੇਰੇ (72) ਪ੍ਰਾਪਤ ਹੁੰਦੀ ਹੈ। ਇਨ੍ਹਾਂ ਉਤੇ ਆਮ ਕਰਕੇ ਸਿੱਖ ਔਰਤਾਂ ਨੂੰ ਪ੍ਰਚਾਰਕ ਬਣਾਇਆ ਗਿਆ। ਬੀਬੀਆਂ ਵਿਚੋਂ ਮਾਈ ਸੇਵਾਂ, ਮਾਈ ਮਾਲਾ, ਬੀਬੀ ਭਾਗੀ ਆਦਿ ਨਾਂ ਪ੍ਰਸਿਧ ਹਨ। ਇਹ ਅਸਲ ਵਿਚ ਮੰਜੀਦਾਰਾਂ ਤੋਂ ਅੱਗੇ ਛੋਟੇ ਇਲਾਕਿਆਂ ਵਿਚ ਪ੍ਰਚਾਰ ਦੇ ਛੋਟੇ ਕੇਂਦਰ ਸਨ। ਇਨ੍ਹਾਂ ਰਾਹੀਂ ਪ੍ਰਚਾਰ ਕਰਨ ਵਾਲੇ ਵੀ ਆਮ ਕੰਮਕਾਜ਼ੀ ਸਿੱਖ ਔਰਤ-ਮਰਦ ਸਨ।

ਸਮੇਂ ਦੇ ਨਾਲ ਸਿੱਖ ਪੰਥ ਦਾ ਵਿਕਾਸ ਬਹੁਤ ਵਡੇ ਪਧਰ 'ਤੇ ਹੋ ਗਿਆ ਤੇ ਬਹੁਤ ਸਾਰੇ ਨਵੇਂ ਕੇਂਦਰਾਂ (ਤਰਨਤਾਰਨ, ਅੰਮ੍ਰਿਤਸਰ ਆਦਿ) ਦੀ ਸਥਾਪਨਾ ਸ਼ੁਰੂ ਹੋ ਗਈ। ਇਸ ਤਰ੍ਹਾਂ ਪੰਥ ਵਿਚ ਗਰੀਬ ਅਤੇ ਪਛੜੀਆਂ ਜਾਤਾਂ ਦੇ ਕਿਰਤੀ ਕਿਸਾਨ ਲੋਕ ਵਡੇ ਪਧਰ ’ਤੇ ਸ਼ਾਮਿਲ ਹੋਣੇ ਸੁਰੂ ਹੋ ਗਏ। ਘੋੜਿਆਂ ਆਦਿ ਦਾ ਵਪਾਰ ਦੂਰ ਦੁਰਾਡੇ ਇਲਾਕਿਆਂ ਵਿਚ ਹੋਣਾ ਸ਼ੁਰੂ ਹੋ ਗਿਆ ਤਾਂ ਪੰਚਮ ਪਾਤਸ਼ਾਹ ਨੇ ਮੰਜੀ ਪ੍ਰਬੰਧ ਦਾ ਪੁਨਰਗਠਨ ਕਰਕੇ ਮਸੰਦ ਪ੍ਰਬੰਧ ਚਾਲੂ ਕੀਤਾ ਤੇ ਆਰਥਿਕਤਾ ਨੂੰ ਉਸਾਰੂ ਰੂਪ ਦੇਣ ਲਈ 'ਦਸਵੰਧ' ਦਾ ਠੋਸ ਰੂਪ ਬਣਾਇਆ।

ਮਸੰਦ ਦੀ ਚੋਣ ਵਿਚ ਪਵਿਤਰਤਾ, ਵਫ਼ਾਦਾਰੀ, ਇਮਾਨਦਾਰੀ ਤੇ ਉਚ ਆਚਰਨ ਆਦਿ ਮੁਖ ਯੋਗਤਾਵਾਂ ਸਨ।[51] ਇਨ੍ਹਾਂ ਨੂੰ 'ਸੰਗਤੀਆ' ਕਹਿਣ ਦੇ ਪ੍ਰਮਾਣ ਵੀ ਪ੍ਰਾਪਤ ਹੁੰਦੇ ਹਨ।[52] ਮਸੰਦ, ਉਚੀ ਸ਼ਰਧਾ ਦਾ ਪ੍ਰਤੀਕ ਸੀ, ਇਸੇ ਕਰਕੇ ਭਾਈ ਗੁਰਦਾਸ ਜੀ ਇਨ੍ਹਾਂ ਲਈ 'ਗੁਰਮੁਖਿ' ਸ਼ਬਦ ਵਰਤਦੇ ਹਨ।[53]

ਮਸੰਦਾਂ ਦਾ ਮੁਖ ਕਾਰਜ ਗੁਰਸਿਖੀ ਪ੍ਰਚਾਰ ਤੇ ਸੰਗਤਾਂ ਤੋਂ ਦਸਵੰਧ ਇਕਠਾ ਕਰਕੇ, ਮੰਜੀਦਾਰਾਂ ਵਾਂਗ ਦਿਵਾਲੀ ਤੇ ਵਿਸਾਖੀ ਮੌਕੇ ਗੁਰੂ-ਦਰਬਾਰ ਵਿਚ ਪਹੁੰਚਾਉਣਾ ਹੁੰਦਾ ਸੀ। ਸਮਕਾਲੀ ਮੁਗਲ ਸਟੇਟ ਵਿਚ ਬਾਦਸ਼ਾਹ ਦਰਬਾਰ ਲਗਾ ਕੇ ਆਪਣੇ ਅਹਿਲਕਾਰਾਂ ਤੋਂ ਨਜ਼ਰਾਨੇ ਭੇਂਟ ਲੈਂਦਾ ਸੀ। ਇਸ ਪ੍ਰਬੰਧ ਤੋਂ ਪ੍ਰਭਾਵਿਤ ਕਈ ਵਿਦਵਾਨ ਗੁਰੂ ਘਰ ਵਿਚ ਪਹੁੰਚਾਇਆ ਜਾਣ ਵਾਲਾ ਧਨ-ਪਦਾਰਥ ਵੀ ਉਸੇ ਮਗਲ ਪ੍ਰਬੰਧ ਦੇ ਪ੍ਰਸੰਗ ਵਿਚ ਦੇਖਦੇ ਹੋਏ ਇਸ ਨੂੰ ਸੰਗਤਾਂ ਉਤੇ ਲਗਿਆ ਕਰ (tax) ਸਮਝਦੇ ਹਨ।[54] ਕਈ ਅਣਜਾਣ ਇਸਨੂੰ

51. ਗੋਕਲ ਚੰਦ ਨਾਰੰਗ, *ਸਿਖ ਮਤ ਦਾ ਪਰਿਵਰਤਨ,* (ਪੰਜਾਬੀ ਅਨੁ.), ਪੰਨਾ 34.

52. Hari Ram Gupta, *History of Sikhs,* vol.I, p.278.

53. ਗੁਰਮੁਖਿ ਵਡਿਆ ਵਡੇ ਮਸੰਦਾ॥ *ਵਾਰ/ਪਉੜੀ* .

54. J.D. Cunnigham, *A History of the Sikhs,* p.52; ਗੋਕਲ ਚੰਦ ਨਾਰੰਗ, *ਸਿਖ ਮਤ ਦਾ ਪਰਿਵਰਤਨ* (ਪੰਜਾਬੀ ਅਨੁ.), ਪੰਨਾ 36.



ਦਾਨ ਸਮਝਦੇ ਸਨ।[55] ਅਸਲ ਇਹ 'ਦਸਵੰਧ' ਨਾ 'ਕਰ' ਸੀ ਤੇ ਨਾ 'ਦਾਨ', ਸਗੋਂ ਇਹ ਸਿੱਖ ਸੰਗਤਾਂ ਦੀ ਧਰਮ ਦੀ ਸਚੀ ਕਮਾਈ ਦਾ ਹਿਸਾ ਸੀ, ਜਿਹੜਾ ਕਿ ਆਮ ਤੌਰ ਉਤੇ ਕੁਲ ਉਪਜ ਦਾ ਦਸਵਾਂ ਭਾਗ ਹੁੰਦਾ, ਪਰ ਇਤਿਹਾਸ ਵਿਚੋਂ ਇਕ ਵੀ ਹਵਾਲਾ ਪ੍ਰਾਪਤ ਨਹੀਂ ਜਿਥੇ ਗੁਰੂ ਘਰ ਨੇ ਇਸ ਬਾਰੇ ਕਿਸੇ ਨੂੰ ਮਜ਼ਬੂਰ ਕੀਤਾ ਹੋਵੇ। ਇਹ ਅਸਲ ਵਿਚ ਉਪਜ ਦਾ ਕੁਝ; ਮਰਜੀ ਜਾਂ ਮਨ ਦੀ ਖੁਸ਼ੀ ਨਾਲ ਦਿਤਾ ਗਿਆ ਹਿਸਾ ਹੁੰਦਾ ਸੀ ਤੇ ਮਸੰਦ ਇਸਨੂੰ ਗੁਰੂ ਘਰ ਤਕ ਪਹੁੰਚਾਉਂਦੇ ਸਨ। ਇਹ ਗੁਰਮਤਿ ਫਲਸਫੇ ਦੇ ਘਾਲਿ ਖਾ ਕੇ ਕੁਝ ਹਥੋਂ ਦੇਣ ਦਾ ਇਕ ਪ੍ਰਬੰਧ ਸ਼ੁਦਾ ਵਿਹਾਰ ਸੀ।[56]

ਇਸ ਤਥ ਦਾ ਧਿਆਨ ਰਹੇ ਕਿ ਮਸੰਦ ਗੁਰੂ ਤੇ ਸੰਗਤਾਂ ਵਿਚਕਾਰ ਇਕ ਕੜੀ ਸਨ ਤੇ ਉਹ ਕੇਵਲ ਪ੍ਰਚਾਰ ਜਾਂ ਦਸਵੰਧ ਹੀ ਇਕਠਾ ਨਹੀਂ ਸੀ ਕਰਦੇ, ਬਲਕਿ ਸਥਾਨਿਕ ਝਗੜੇ ਵੀ ਨਿਬੇੜਦੇ ਸਨ ਤੇ ਗੁਰੂ ਘਰ ਵਿਚ ਲੋੜੀਂਦੀ ਹਰ ਵਸਤ ਦਾ, ਸਥਾਨਿਕ ਜਾਂ ਸਮਕਾਲੀ ਲੋੜ ਮੁਤਾਬਿਕ, ਪ੍ਰਬੰਧ ਵੀ ਕਰਦੇ ਸਨ, ਜਿਵੇਂ ਕਿ ਸੰਕਟ ਮੌਕੇ ਹਥਿਆਰ, ਗੋਲੀ-ਸਿੱਕਾ ਜਾਂ ਘੋੜੇ ਆਦਿ ਭੇਜਣੇ। *ਹੁਕਮਨਾਮੇ* ਇਸ ਤਥ ਦੀ ਵਡੇ ਪਧਰ 'ਤੇ ਗਵਾਹੀ ਭਰਦੇ ਹਨ।[57]

ਇਤਿਹਾਸਕ ਸਰੋਤਾਂ ਦੀਆਂ ਸੂਚਨਾਵਾਂ[58] ਅਨੁਸਾਰ ਮਸੰਦ ਤਨਖਾਹਦਾਰ ਨਹੀਂ ਸਨ। ਇਹ ਸੰਗਤ ਭੇਟਾਵਾਂ ਵਿਚੋਂ ਹੀ ਗੁਜ਼ਾਰੇ ਜੋਗਾ ਰਖਦੇ ਸਨ।[59] *ਦਾਬਿਸਤਾਨ* ਦੀ ਸੂਚਨਾ ਮੁਤਾਬਿਕ ਰੁਜ਼ਗਾਰ ਵਾਲਾ ਮਸੰਦ ਕੇਵਲ ਸੇਵਾ ਕਰਦਾ ਸੀ, ਤਨਖਾਹ ਨਹੀਂ ਸੀ ਲੈਂਦਾ।[60] ਗੁਰੂ ਸਾਹਿਬ ਸਤਿਕਾਰ ਵਜੋਂ ਗੁਰੂ ਘਰ ਪਹੁੰਚਣ ਵੇਲੇ ਇਨ੍ਹਾਂ ਨੂੰ 'ਸਰੋਪਾ' (ਸਿਰਪਾਉ) ਦਿੰਦੇ ਸਨ। ਸਮੇਂ ਨਾਲ ਇਸ ਪ੍ਰਬੰਧ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਗਿਰਾਵਟ ਦੇ ਅਨੇਕਾਂ ਕਾਰਨਾਂ ਵਿਚ ਕੁਝ-ਇਕ ਦਾ ਵਰਨਣ ਜ਼ਰੂਰੀ ਜਾਪਦਾ ਹੈ।

ਗੁਰਮਤਿ ਨੇ ਕਿਉਂਕਿ ਇਮਾਨ ਦੀ ਕਿਰਤ ਕਰਕੇ ਰੋਟੀ ਖਾਣ ਜਾਂ ਗੁਜ਼ਰਾਨ ਕਰਨ ਦਾ ਸਿਧਾਂਤਕ ਤੇ ਵਿਹਾਰਕ ਅਸੂਲ ਦਸਿਆ ਹੋਇਆ ਹੈ, ਇਸ ਲਈ ਜਿੰਨ੍ਹਾਂ ਚਿਰ ਮਸੰਦ ਇਮਾਨ ਨਾਲ ਕਿਰਤ ਕਰਦੇ ਰਹੇ ਤੇ ਸਿੱਖਾਂ ਦੀ ਕਿਰਤ 'ਕਠੀ ਕਰਦੇ ਰਹੇ, ਤਦ ਤਕ ਤਾਂ ਠੀਕ ਰਿਹਾ, ਪਰ ਜਦ 'ਪੂਜਾ ਦਾ ਧਾਨ'[61] ਖਾਣਾ ਸ਼ੁਰੂ ਕਰ ਦਿਤਾ, ਤਦ ਉਨ੍ਹਾਂ ਦੀ

55. ਇੰਦੂ ਭੂਸ਼ਣ ਬੈਨਰਜੀ, *ਖਾਲਸੇ ਦੀ ਉਤਪਤੀ* (ਪੰਜਾਬੀ ਅਨੁ.), ਜਿ.I, ਪੰਨਾ 195.

56. ਘਾਲਿ ਖਾਇ ਕਿਛੁ ਹਥਹੁ ਦੇਇ॥ *ਗੁਰੂ ਗ੍ਰੰਥ ਸਾਹਿਬ,* ੧੨੪੫.

57. ਵੇਖੋ: ਹੁਕਮਨਾਮਾ 'ਭਾਈ ਮਿਹਰ ਚੰਦ ਪਿਸ਼ਾਵਰ ਯੋਗ' 6 ਫਰਵਰੀ, 1702 ਦਾ ;
“ਸਿਤਾਬੀ ਹੁੰਡੀ ਕਰਾਇ ਭੇਜਣੀ... ਅਰੁ ਹਥੀਆਰ ਬੰਨ੍ਹ ਕੇ ਦਰਸਨਿ ਆਵਨਾ...” *ਹੁਕਮਨਾਮੇ,* ਪੰਨਾ ੧੬੯.

58. ਵਿਸਤਾਰ ਲਈ : Hari Ram Gupta, *History of the Sikhs,* vol.I, p.130.

59. ਮਸੰਦਾਂ ਨੂੰ ਹੁਕਮ ਸੀ ਕਿ ਉਹ ਆਪਣੀ ਰੋਜ਼ੀ, ਕਿਰਤ ਕਰਕੇ ਖਾਣ।

60. 'ਨਾਨਕ ਪੰਥੀ', *ਡਾ. ਗੰਡਾ ਸਿੰਘ ਦੀ ਸਿੱਖ ਇਤਿਹਾਸ ਸਰੋਤ ਪੁਸਤਕ,* (ਸੰਪਾ.) ਹਰਚੰਦ ਸਿੰਘ ਬੇਦੀ, ਪੰਨਾ 157.

61. 'ਪੂਜਾ ਦੇ ਧਾਨ' ਬਾਰੇ ਵਿਸਤਾਰ ਲਈ ਵੇਖੋ : ਭਾਈ ਗੁਰਦਾਸ *ਵਾਰ/ਪਉੜੀ* ੩੫/੧੨-੧੬;
*ਕਬਿਤ* ੩੮੪-੮੫, ੫੦੫,੫੧੭ ਆਦਿ।

ਮਤ ਮਾਰੀ ਗਈ। ਸਿੱਖ ਪੰਥ ਦੀ ਦੋ ਫਰੰਟਾਂ ਤੇ ਜਦੋ-ਜਹਿਦ ਸ਼ੁਰੂ ਹੋਈ -ਇਕ ਲੋਕਾਂ 'ਤੇ ਜ਼ੁਲਮ ਕਰ ਰਹੀ (ਮੁਗਲ) ਸਟੇਟ ਖਿਲਾਫ਼ ਤੇ ਇਕ ਬੌਣਵਾਦੀ ਵਿਚਾਰਧਾਰਾਵਾਂ (ਬ੍ਰਾਹਮਣਵਾਦ) ਨਾਲ। ਬ੍ਰਹਮਣੀਕਲ ਸਾਜ਼ਿਸ਼ੀ ਧਿਰਾਂ ਨੇ ਪੰਥ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰਨ ਲਈ ਪੈਦਾ ਕੀਤੇ ਰਾਮਰਾਈਆਂ, ਧੀਰਮਲੀਆਂ ਆਦਿ ਰਾਹੀਂ ਕੁਝ ਕਚੇ-ਪਿਲੇ ਮਸੰਦਾਂ ਨੂੰ ਨਾਲ ਗੰਢਿਆ ਤੇ ਕੁਝ ਨਕਲੀ ਮਸੰਦ ਲੋਕਾਂ ਵਿਚ ਵਾੜ ਦਿਤੇ। ਇਸ ਤਰ੍ਹਾਂ ਦਸਮ ਪਾਤਸ਼ਾਹ ਨੇ ਇਹ ਪ੍ਰਬੰਧ 'ਖਾਲਸਾ ਸਾਜਨਾ ਸਮੇਂ' ਮੁਕੰਬਲ ਰੂਪ ਵਿਚ ਸਮਾਪਤ ਕਰ ਦਿਤਾ।[62]

ਉਕਤ ਤੋਂ ਸਪਸ਼ਟ ਹੋਇਆ ਕਿ ਮੰਜੀ, ਮਸੰਦ, ਦਸਵੰਧ ਆਦਿ ਸੰਸਥਾਵਾਂ ਦਾ ਪੂਰਾ-ਪੂਰਾ ਆਧਾਰ ਸਚੀ ਕਿਰਤ ਕਮਾਈ 'ਤੇ ਟਿਕਿਆ ਹੋਇਆ ਸੀ। ਜਦੋਂ ਮਸੰਦ ਵਰਗੀ ਸੰਸਥਾ 'ਕਿਰਤ' ਦੀ ਥਾਂ 'ਪੂਜਾ' ਤੇ ਪਲਣ ਲਗੀ ਤਾਂ ਗੁਰੂ ਸਾਹਿਬ ਨੇ ਤੁਰੰਤ ਸਮਾਪਤ ਕਰ ਦਿਤੀ।

ਪੰਥ ਵਿਚ ਛੇਵੇਂ ਪਾਤਸ਼ਾਹ ਸਮੇਂ ਸ੍ਰੀ ਅਕਾਲਤਖਤ ਤੇ ਮੀਰੀ-ਪੀਰੀ ਦੀਆਂ ਪੈਦਾ ਹੋਈਆਂ ਸੰਸਥਾਵਾਂ ਦਾ ਵਿਸ਼ੇਸ਼ ਥਾਂ ਹੈ। ਇਹ ਸੰਸਥਾਵਾਂ ਵਿਹਾਰਕ ਲੋੜ ਵਿਚ ਪੈਦਾ ਹੋਈਆਂ ਮੰਜੀ, ਮਸੰਦ, ਦਸਵੰਧ ਵਾਂਗ ਨਹੀਂ, ਇਹ ਗੁਰਮਤਿ ਦੇ ਬੁਨਿਆਦੀ ਅਸੂਲਾਂ ਦਾ ਵਿਹਾਰਕ ਤੇ ਸਦੀਵੀ ਰੂਪ ਹਨ। ਇਨ੍ਹਾਂ ਸੰਸਥਾਵਾਂ ਦੇ ਬੀਜ ਰੂਪ ਗੁਰੂ ਨਾਨਕ ਜੀ ਤੋਂ ਸ਼ੁਰੂ ਹੋ ਜਾਂਦੇ ਹਨ[63], ਪਰ ਬਿਰਖ, ਗੁਰੂ ਹਰਿਗੋਬਿੰਦ ਸਾਹਿਬ ਸਮੇਂ ਬਣਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਪ੍ਰਗਟ ਕੀਤੀਆਂ ਇਨ੍ਹਾਂ ਸੰਸਥਾਂਵਾ ਦੇ ਸਰੂਪ ਤੇ ਉਦੇਸ਼ ਬਾਬਤ ਕਈ ਵਡੇ ਤੇ ਕਹਿੰਦੇ ਕਹਾਉਂਦੇ ਵਿਦਵਾਨਾਂ[64] ਨੇ ਵੀ ਉਕਾਈ ਖਾਧੀ ਹੈ ਤੇ ਕਈ ਇਸ ਸਮੇਂ ਨੂੰ 'ਪਰਿਵਰਤਨ' (transformation) ਦੇ ਰੂਪ ਵਿਚ ਵੇਖਦੇ ਹਨ।[65] ਸਾਡਾ ਉਦੇਸ਼ ਇਨ੍ਹਾਂ ਸੰਸਥਾਵਾਂ ਦੇ 'ਕਿਰਤ' ਸੰਬੰਧਾਂ ਤੋਂ ਹੈ।

ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਅੰਤਿਮ ਸਮੇਂ ਵਿਚ ਸਿੱਖਾਂ ਨੂੰ, ਸਿੱਖੀ ਵਿਕਾਸ ਦੇ ਭਵਿਖਤ ਸਮੇਂ ਵਿਚ ਆਉਣ ਵਾਲੀਆਂ ਔਕੜਾਂ ਨੂੰ ਵੇਖਦਿਆਂ ਬਚਨ ਕੀਤਾ ਕਿ "ਅਸਾਂ ਜੋ ਸਸਤਰ ਪਕੜਨੇ ਹੈਨਿ ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰਕੇ ਪਕੜਨੇ ਹੈਨਿ...ਸਸਤਰਾਂ ਦੀ ਵਿਦਿਆ ਕਰਿ ਮੀਰ ਦੀ ਮੀਰੀ ਖਿਚ ਲੈਣੀ ਤੇ ਸਬਦ ਦੀ ਪ੍ਰੀਤ ਸਮਝ ਕਰ ਪੀਰ ਦੀ

62. ਜੋ ਕਰਿ ਸੇਵ ਮਸੰਦਨ ਕੀ ਕਹੈ ਆਨਿ ਪ੍ਰਸਾਦਿ ਸਬੈ ਮੋਹਿ ਦੀਜੈ॥ ਗੁਰੂ ਗੋਬਿੰਦ ਸਿੰਘ, *ਤੇਤੀ ਸਵੈਯੇ*, ਬੰਦ ੨੯ ; ਭਾਈ ਸੈਨਾ ਸਿੰਘ, *ਸ੍ਰੀ ਗੁਰ ਸੋਭਾ*, ਅਧਿ./ਬੰਦ/ਪੰਨਾ ੫/੧੩੧/੭੯; ੫/੧੪੮/੮੧; ੫/੧੯੦/੮੭.

63. ਵੇਖੋ: *ਗੁਰੂ ਗ੍ਰੰਥ ਸਾਹਿਬ*, ਪੰਨੇ ੧੨੨, ੧੪੩, ੩੫੦, ੧੦੩੯, ੧੦੮੮ ਆਦਿ।

64. ਜਿਵੇਂ ਫਰੈਡਰਿਕ ਪਿਨਕੋਟ (H.Frederic Pincot) ਅਨੁਸਾਰ ਗੁਰੂ ਨਾਨਕ ਦਾ ਸੱਚਾ ਉਦੇਸ਼ ਗੁਰੂ ਹਰਿਗੋਬਿੰਦ ਦੇ ਰਾਜਸੀ ਸੁਭਾਅ ਕਰਕੇ ਸਿਰੇ ਨਾ ਚੜ੍ਹ ਸਕਿਆ; See. Thomas Patric Hughes (ed.), *Dictionary of Islam*, p. 592.; ਟਾਇਨਬੀ (Arnold Tynbee) ਇਨ੍ਹਾਂ ਸੰਸਥਾਵਾਂ ਨੂੰ ਗੁਰੂ ਨਾਨਕ ਦੇ 'ਅਧਿਆਤਮਕ ਮਾਰਗ' ਤੋਂ ਭਟਕਣਾ ਦਸਦਾ ਹੈ, See. *An Historians' Approach to Religion*, p. 113.; ਜਾਦੂ ਨਾਥ ਸਰਕਾਰ ਅਨੁਸਾਰ ਇਹ ਧਾਰਮਿਕ ਵਿਚਾਰਾਂ ਦਾ ਤਿਆਗ ਸੀ, See : *History of Aurangzeb*, p.206 ਆਦਿ।

65. ਜਿਵੇਂ : Gocal Chand Narang ਨੇ ਆਪਣੀ ਪੁਸਤਕ ਦਾ ਨਾਂ ਹੀ *Trans formation of Sikhism* (Calcutta, 1912) ਰਖਿਆ।



ਪੀਰੀ ਲੈ ਲੈਣੀ ਹੈ।"[66] ਭਾਈ ਗੁਰਦਾਸ ਜੀ ਲਿਖਦੇ ਹਨ ਕਿ ਆਮ ਲੋਕਾਂ ਨੂੰ ਗੁਰੂ ਦੀਆਂ ਰੀਤਾਂ ਪਹਿਲੇ ਗੁਰੂ ਸਾਹਿਬਾਨ ਤੋਂ ਭਿੰਨ ਜਾਪੀਆਂ, ਪਰ ਗੁਰੂ (ਹਰਿਗੋਬਿੰਦ ਜੀ) ਦੀ ਮਾਨਸਿਕ ਅਵਸਥਾ ਨੂੰ ਸਮਝਣਾ ਆਮ ਖਾਸ ਦੇ ਵਸ ਨਹੀਂ। ਚੰਦਨ ਕੋਲ ਜਿਵੇਂ ਸੱਪ, ਬੂਹੇ ਅੱਗੇ ਕੁੱਤਾ ਜਾਂ ਜੰਦਰਾ, ਖੇਤੀ ਅੱਗੇ ਵਾੜ, ਬਾਗ ਦੁਆਲੇ ਕੰਡੇ ਆਦਿ ਜਿਵੇਂ ਰਾਖੀ ਕਰਦੇ ਹਨ, ਤਿਵੇਂ ਗੁਰੂ ਨੇ (ਇਨ੍ਹਾਂ ਸੰਸਥਾਵਾਂ: ਅਕਾਲਤਖ਼ਤ; ਮੀਰੀ-ਪੀਰੀ ਰਾਹੀਂ) ਸੰਗਤ ਤੇ ਪੰਥ ਨੂੰ 'ਵਾੜ' ਕੀਤੀ ਹੈ।[67]

ਮਰਾਠਾ ਸੰਤ ਰਾਮਦਾਸ ਦੇ ਉਕਤ ਮਸਲੇ ਪੁਰ ਸਵਾਲ ਦੇ ਜਵਾਬ ਵਿਚ ਗੁਰੂ ਹਰਿਗੋਬਿੰਦ ਜੀ ਨੇ ਦਸਿਆ ਕਿ ਬਾਤਨ ਫਕੀਰੀ ਜਾਹਿਰ ਅਮੀਰੀ'[68], ਭਾਵ ਇਹ ਸੰਸਥਾਵਾਂ ਸਾਡੀ (ਸਿੱਖੀ ਦੀ) ਅਮੀਰੀ ਦਾ 'ਭਾਵ' ਹਨ।

*ਗੁਰਬਿਲਾਸ ਪਾਤਸ਼ਾਹੀ ੬* ਦਾ ਕਰਤਾ ਇਨ੍ਹਾਂ ਸੰਸਥਾਵਾਂ ਨੂੰ ਦੈਵੀ ਤਤ ਨਾਲ ਜੋੜਦਾ ਸਪਸ਼ਟ ਕਰਦਾ ਹੈ ਕਿ ਅਕਾਲਪੁਰਖ ਨੇ ਆਪ ਗੁਰੂ ਸਾਹਿਬ ਨੂੰ ਹੁਕਮ ਕੀਤਾ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਬਣਾਇਆ ਜਾਵੇ।[69] ਕਰਤਾ ਅਨੁਸਾਰ ਗਰੀਬਾਂ ਦੇ ਰਖਿਅਕ ਗੁਰੂ ਨੇ ਇਸ ਅਬਿਚਲ ਤਖ਼ਤ ਦੀ ਨੀਂਹ ਖੁਦ ਰਖੀ ਤੇ ਆਪਣੇ ਹਥਾਂ ਨਾਲ ਇਹ ਜਹਾਜ਼ ਰੂਪੀ ਐਸਾ ਤਖਤ ਬਣਾਇਆ, ਜਿਹੜਾ ਜਗਤ ਨੂੰ ਗੁਲਾਮੀਆਂ ਤੇ ਡਰਾਂ ਦੇ ਭਵਸਾਗਰ ਤੋਂ ਪਾਰ ਲੈ ਕੇ ਜਾਵੇਗਾ।[70] ਇਥੇ ਦੁਨਿਆਵੀ ਡਰ, ਭੈ ਖਤਮ ਹੋ ਜਾਂਦੇ ਹਨ।[71] ਕੇਸਰ ਸਿੰਘ ਛਿਬਰ ਨੇ ਮੀਰੀ-ਪੀਰੀ ਨੂੰ ਰਾਜ-ਜੋਗ ਦੇ ਅਰਥਾਂ ਵਿਚ ਲਿਆ ਹੈ।[72]

ਗੁਰੂ ਹਰਿਗੋਬਿੰਦ ਸਾਹਿਬ ਨੇ ਵਿਚਾਰਾਧੀਨ ਸੰਸਥਾਵਾਂ ਅਸਲ ਵਿਚ, ਉਪਰੋਕਤ ਸੰਦਰਭ ਤੋਂ ਸਪਸ਼ਟ ਹੁੰਦਾ ਹੈ ਕਿ, ਪੰਥ ਦੀ ਵਾੜ ਦੇ ਰੂਪ ਵਿਚ ਰਾਖੀ ਕਰਨ ਲਈ ਬਣਾਈਆਂ। ਇਹ ਸਮਕਾਲੀ ਬਾਦਸ਼ਾਹਤ ਨੂੰ ਸਿੱਧਾ ਚੈਲਿੰਜ ਸਨ ਕਿ ਪੰਥ ਹੁਣ ਗਰੀਬ-ਗੁਰਬੇ ਤੇ ਕਿਰਤੀ ਦੀ ਹਿਫਾਜ਼ਤ ਕਰੇਗਾ। ਇਹ ਆਪਣੀ ਏਕਤਾ ਦੇ ਹਕ ਵਿਚ ਖੜ੍ਹੀਆਂ ਕੀਤੀਆਂ ਅਜਿਹੀਆਂ 'ਧਿਰਾਂ' ਸਨ, ਜਿਨ੍ਹਾਂ ਗੁਰੂ ਕਾਲ ਤੋਂ ਲੈ ਕੇ ਸਾਡੇ ਸਮਕਾਲ ਤਕ ਸਥਾਪਿਤ ਅਤੇ ਆਕੀ ਧਿਰਾਂ ਨਾਲ ਕਈ ਵਾਰ ਹਥਿਆਰਬੰਦ ਜਦੋ-ਜਹਿਦ ਲੜੀ ਹੈ।[73] ਇਹ

66. *ਸਿਖਾਂ ਦੀ ਭਗਤਮਾਲਾ*, ਸਾਖੀ/ਪੰਨਾ 93/140; ਭਾਈ ਸੰਤੋਖ ਸਿੰਘ ਜੀ ਗੁਰ-ਬਚਨਾਂ ਨੂੰ ਇਉਂ ਪ੍ਰਗਟਾਉਂਦੇ ਹਨ :

ਸਾ ਯੁਧ ਹੋਇ ਤਖਤ ਪਰ ਰਾਜਹੁ॥ ...
ਨਈ ਰੀਤ ਇਕ ਰਣ ਕੀ ਕੀਜਹਿ॥ *ਸੂਰਜ ਪ੍ਰਕਾਸ਼*,

67. *ਵਾਰ/ਪਉੜੀ* ੨੬/੨੪.੨੫; ੩੪/੧੩ ਆਦਿ।

68. Dr. Ganda Singh, 'Guru Hargobind and Samrath Ram Das', *Punjab Past and Present*, april 1, 1979, p.241.

69. ਅਧਿ./ਬੰਦ/ਪੰਨਾ

70. *ਉਹੀ*,

71. *ਉਹੀ*,

72. *ਬੰਸਾਵਲੀਨਾਮਾ*, ਚਰਣ/ਬੰਦ/ਪੰਨਾ

73. ਅਹਿਮਦਸ਼ਾਹ ਅਬਦਾਲੀ (1710); '84 ਆਦਿ ਸਮੇਂ...

ਗਰੀਬਾਂ, ਲੋੜਵੰਦਾਂ ਤੇ ਕਿਰਤੀਆਂ 'ਤੇ ਡਾਕੇ ਮਾਰਦੀਆਂ ਧਿਰਾਂ ਵਿਰੁਧ ਮਜ਼ਲੂਮਾਂ ਨਾਲ ਵਫਾਦਾਰੀ ਪਾਲਣ ਦਾ ਪ੍ਰਤੀਕ ਬਣ ਕਿ ਇਤਿਹਾਸ ਵਿਚ ਪ੍ਰਗਟ ਹੋਈਆਂ।

ਸ੍ਰੀ ਅਕਾਲਤਖ਼ਤ ਤੇ ਮੀਰੀ-ਪੀਰੀ ਦੀਆਂ ਸੰਸਥਾਵਾਂ ਦੇ ਵਿਹਾਰਕ ਰੂਪ ਨੇ ਉਸ ਸਿਧਾਂਤ ਨੂੰ ਪ੍ਰਗਟ ਕਰ ਦਿਤਾ, ਜਿਹੜਾ ਗੁਰੂ ਨਾਨਕ ਜੀ ਨੇ ਸੰਕਲਪਿਆ ਸੀ। ਇਹ ਸਿਧਾਂਤ ਉਸਾਰੇ ਜਾਣ ਵਾਲੇ ਪੰਥ ਦੇ ਅਨੁਨਾਈਆਂ ਦੀ ਜੀਵਨ-ਜਾਚ ਸੀ, ਜਿਹੜੇ ਗ੍ਰਹਿਸਥ ਵਿਚ ਰਹਿ ਕੇ ਉਦਾਸ ਜਾਂ ਨਿਰਬਾਣ ਰਹਿ ਸਕਦੇ ਸਨ; ਆਪਣੀ ਆਪਣੀ ਉਪਜੀਵਕਾ ਕਮਾਉਂਦੇ, ਲੋੜਬੰਦਾਂ ਨੂੰ ਦਿੰਦੇ (ਵੰਡ ਛਕਣਾ) ਤੇ ਖੋਹਣ ਵਾਲਿਆਂ ਨਾਲ ਦਸਤ-ਪੰਜਾ ਲੈਂਦੇ ਸਨ। ਗੁਰਬਾਣੀ ਅਨੁਸਾਰ ਵਾਹਿਗੁਰੂ ਨੇ ਅਨਾਜ ਦੀ ਉਪਜ 'ਦੇਗ' ਧਰਤੀ ਉਤੇ ਇਕ ਵਾਰ ਵਰਤਾ ਦਿਤੀ, ਪਰ ਚੋਰਾਂ ਨੇ ਉਸ 'ਤੇ ਜੱਫਾ ਮਾਰ ਲਿਆ; ਭੰਡਾਰੀ ਨੇ ਭੰਡਾਰ ਕਰਨਾ ਸ਼ੁਰੂ ਕਰ ਦਿਤਾ।[74] ਇਨ੍ਹਾਂ ਭੰਡਾਰੀਆਂ (ਜਾਗੀਰਦਾਰਾਂ, ਮਾਇਆਧਾਰੀਆਂ) ਦੇ ਜੱਫੇ ਕਾਰਨ ਹੀ ਹਜ਼ਾਰਾਂ ਲੋਕ ਭੁੱਖੇ ਸੌਂਦੇ ਤੇ ਨੰਗੇ ਪੈਂਦੇ ਹਨ, ਵਰਨਾਂ ਨਾ ਅੰਨ-ਪਾਣੀ (ਖੁਰਾਕ) ਦੀ ਕਮੀ ਹੈ ਤੇ ਨਾ ਧਰਤੀ (ਥਾਂ) ਦੀ। ਆਕੀਆਂ ਤੇ ਸਥਾਪਿਤ ਧਿਰਾਂ ਦੇ ਜੱਫਿਆਂ 'ਚੋਂ 'ਕਿਰਤ' ,ਕਿਰਤੀਆਂ ਤਕ ਲੈਜਾਣ ਲਈ ਉਕਤ ਸੰਸਥਾਵਾਂ ਨੇ ਜਿਹੜਾ ਰੋਲ ਨਿਭਾਇਆ, ਉਹ ਸਾਡੇ ਇਤਿਹਾਸ ਦਾ ਗੌਰਵਮਈ ਅਧਿਆਇ ਹੈ।

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ-ਕਾਲ ਵਿਚ ਉਸਰੀਆਂ ਪੰਥ ਦੀ ਸਾਰੀਆਂ ਸੰਸਥਾਵਾਂ ਸਿਧੇ ਜਾਂ ਅਸਿਧੇ ਰੂਪ ਵਿਚ ਗੁਰਮਤਿ ਦੇ ਸਚੀ ਕਿਰਤ ਦੇ ਸਿਧਾਂਤ ਨਾਲ ਜੁੜੀਆਂ ਹੋਈਆਂ ਹਨ। ਇਹ ਸਿੱਖ ਇਤਿਹਾਸਕ ਅਨੁਭਵ ਤੇ ਸਿੱਖ ਚਿੰਤਨ ਦੇ ਥੰਭ ਹਨ।

ਅਠਾਰਵੀਂ ਸਦੀ ਦੀ ਭਿਆਨਕ ਜਦੋ-ਜਹਿਦ ਸਮੇਂ ਪੈਦਾ ਹੋਈ ਅਹਿਮ ਸੰਸਥਾ 'ਗੁਰਮਤਾ' ਸੀ, ਜਿਹੜੀ ਆਮ ਕਰਕੇ ਸ੍ਰੀ ਅਕਾਲਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ 'ਸਰਬਤ ਖਾਲਸੇ' ਦੇ ਇਕਠ ਵਿਚ ਨੇਪਰੇ ਚੜ੍ਹਦੀ ਸੀ। ਇਸ ਸੰਸਥਾ ਨੇ ਖਾਲਸਾ ਪੰਥ ਦੀ ਸਰਬਸਾਂਝੀ ਰਾਏ ਨੂੰ ਜਥੇਬੰਦਕ ਰੂਪ ਵਿਚ ਪ੍ਰਗਟ ਕਰਕੇ ਕੌਮ ਨੂੰ ਇਕ ਮੁਠ ਰਖਿਆ।

ਸਾਝੀਂ ਰਾਏ ਪ੍ਰਗਟਾਉਣ ਦੇ ਬੀਜ ਵਿਚਾਰ ਤਾਂ ਗੁਰਬਾਣੀ ਵਿਚ ਹੀ ਪਏ ਹਨ,[75] ਪਰ ਜਥੇਬੰਦਕ ਰੂਪ ਵਿਚ ਪ੍ਰਗਟ ਹੋਣ ਲਈ ਉਨ੍ਹਾਂ ਨੂੰ ਇਕ ਇਤਿਹਾਸਕ ਅਮਲ ਵਿਚੋਂ ਗੁਜ਼ਰਨਾ ਪਿਆ। ਵੈਸੇ ਵੀ ਗੁਰੂ ਸਾਹਿਬਾਨ ਸਮੇਂ ਸਾਂਝੀ ਰਾਇ ਦੀ ਲੋੜ ਨਹੀਂ ਉਭਰੀ, ਕਿਉਂਕਿ ਗੁਰੂ ਸਾਹਿਬਾਨ ਦਾ ਹੁਕਮ ਹੀ ਸਾਂਝੀ ਰਾਇ ਹੁੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716) ਤੋਂ ਬਾਅਦ ਪੰਥ ਦੀ ਲੀਡਰਸ਼ਿਪ ਖਤਮ ਹੋਣ ਕਾਰਨ, ਕੌਮੀ ਪਧਰ ਦੇ ਫੈਸਲੇ ਲੈਣ ਲਈ ਇਸ ਸੰਸਥਾ ਨੇ ਜਨਮ ਲਿਆ, ਭਾਵੇਂ ਕਿ ਸੁਖਾ ਸਿੰਘ[76], ਮੈਲਕਮ[77] (Malcolm) ਆਦਿ ਵਿਦਵਾਨ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ

74. ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥ *ਗੁਰੂ ਗ੍ਰੰਥ ਸਾਹਿਬ*, ੧੧੯੦.

75. ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ *ਉਹੀ*, ੧੧੮੫.

76. *ਗੁਰਬਿਲਾਸ ਪਾ.੧੦*, ਅਧਿ.ਬੰਦ/ਪੰਨਾ ੧੯/੧੦/੨੨੮.

77. *Sketch of the Sikhs,* p.123.



ਸਮੇਂ ਤੋਂ ਹੋਣਾ ਹੀ ਲਿਖਦੇ ਹਨ। ਇਹ ਅਸਲ ਵਿਚ ਗੁਰੂ ਸਾਹਿਬ ਦਾ 'ਦੀਵਾਨ' ਹੁੰਦਾ ਸੀ, ਜਿਹੜਾ ਵਿਸਾਖੀ, ਦਿਵਾਲੀ ਨੂੰ ਵਧੇਰੇ ਸਜਦਾ। ਸੁਜਾਨ ਰਾਏ ਭੰਡਾਰੀ ਨੇ 1696 ਈ. (ਜਦੋਂ ਹਾਲੇ ਖਾਲਸਾ ਨਹੀਂ ਸੀ ਸਾਜਿਆ ਗਿਆ) ਨੂੰ ਅੰਮ੍ਰਿਤਸਰ ਵਿਖੇ ਹੋਣ ਵਾਲੇ ਵਡੇ ਇਕਠਾਂ ਦਾ ਜਿਕਰ ਕੀਤਾ ਹੈ।[78]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮਤਾ, ਗੁਰਮਤਿ ਅਨੁਸਾਰ ਕੀਤਾ ਕੰਮ ਹੈ... ਪੁਰਾਣੇ ਸਿੰਘ, ਸੰਸਾਰੀ ਅਤੇ ਧਰਮ ਦੇ ਕੰਮ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਬਾਨ ਵਿਚ ਸਲਾਹ ਕਰਦੇ ਸਨ, ਜੋ ਗੁਰਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ ਉਸ ਦਾ ਨਾਉਂ ਗੁਰਮਤਾ ਕਿਹਾ ਜਾਂਦਾ।[79] ਗੁਰਮਤੇ ਨੂੰ ਸਮਕਾਲੀ ਇਤਿਹਾਸਕਾਰਾਂ/ਲੇਖਕਾਂ ਨੇ national council,[80] diet; grand diet; grand convention,[81] assembly of chiefs[82] ਆਦਿ ਕਿਹਾ ਹੈ।

ਗੁਰਮਤਾ ਕਰਨ ਲਈ ਸਰਬਤ ਖਾਲਸੇ ਦਾ ਇਕਠ, ਸ੍ਰੀ ਅਕਾਲਤਖ਼ਤ ਸਾਹਿਬ ਵਿਖੇ ਹੁੰਦਾ, ਜਿਥੇ ਵਿਅਕਤੀਗਤ ਮਸਲੇ ਅਤੇ ਇਤਰਾਜ ਭੁਲਕੇ ਪੰਥਕ ਜਾਂ ਕੌਮੀ ਫੈਸਲੇ ਲਏ ਜਾਂਦੇ। ਸਮਕਾਲੀ ਪ੍ਰਸਥਿਤੀਆਂ ਅਨੁਸਾਰ, ਸ. ਰਤਨ ਸਿੰਘ ਭੰਗੂ ਮੁਤਾਬਿਕ ਜਿੰਨੇ ਵੀ ਮਹਤਾਪੂਰਨ ਫੈਸਲੇ ਹੋਏ, ਉਹ ਸਾਰੇ ਗੁਰਮਤੇ ਰਾਹੀਂ ਹੋਏ, ਭਾਵੇਂ ਕਸੂਰ ਲੁਟਣਾ ਸੀ[83], ਬਿਸੰਭਰ ਦਾਸ ਨੂੰ ਸੋਧਣਾ ਸੀ[84], ਨਵਾਬ ਜੈਨ ਖਾਨ ਨੂੰ ਮਾਰਨਾ ਸੀ[85], ਜਾਂ ਹੋਰ ਕੋਈ ਕੌਮੀ ਕੰਮ ਸੀ।

ਸਮੇਂ ਦੀਆਂ ਪ੍ਰਸਥਿਤੀਆਂ ਕਾਰਨ ਇਹ ਸੰਸਥਾ ਭਾਵੇਂ ਲੁਪਤ ਹੋ ਗਈ ਤੇ ਸਾਨੂੰ ਇਤਿਹਾਸ ਵਿਚ ਕੋਈ ਫੈਸਲਾ ਵੀ 'ਕਿਰਤ' ਦੇ ਸੰਦਰਭ ਵਿਚ ਸਿਧਾ ਪ੍ਰਾਪਤ ਨਹੀਂ, ਪਰ ਸਾਡੇ ਵਿਚਾਰਨਯੋਗ ਮੁਦਾ ਸਿਰਫ਼ ਇਹ ਹੈ ਕਿ ਪੰਥ ਕੋਲ ਇਹੀ ਇਕੋ-ਇਕ ਸੰਸਥਾ ਹੈ, ਜਿਸ ਰਾਹੀਂ ਪੰਥ ਨੂੰ ਮੁੜ ਕਿਰਤੀ ਬਣਾਇਆ ਜਾ ਸਕਦਾ ਹੈ ਤੇ ਕਿਰਤ ਦੇ ਹਕ ਲਏ ਜਾ ਸਕਦੇ ਹਨ। ਇਸ ਤਰ੍ਹਾਂ ਸਚੀ ਕਿਰਤ ਦਾ ਸਿਧਾਂਤ, ਵਿਹਾਰ ਵਿਚ ਲਾਗੂ ਕਰਨ ਲਈ ਸਮਾਜਕ ਜਾਂ ਰਾਜਸੀ ਦ੍ਰਿਸ਼ਟੀਕੋਣ ਤੋਂ ਗੁਰਮਤਾ ਸੰਸਥਾ ਹੀ ਕਾਰਗਰ ਸੰਸਥਾ ਹੈ, ਜਿਹੜੀ ਵਡਾ ਰੋਲ ਅਦਾ ਕਰ ਸਕਦੀ ਹੈ।

78. *ਖੁਲਾਸਤੁਤ-ਤਵਾਰੀਖ*, (ਪੰਜਾਬੀ ਅਨੁ.), ਪੰਨੇ ੭੭-੮.

79. *ਮਹਾਨ ਕੋਸ਼*, ਪੰਨਾ ੩੧੫.

80. J.H.Gordon, *The Sikhs,* p.53; C.H.Pane, *A Short History of The Sikhs,* p.63.

81. George Foster 'Observation on the Sikhs', in *Early Europeon Accounts of the Sikhs,* pp.77-87.

82. Cunnigham, *A History of Sikhs,* p.132.

83. *ਸ੍ਰੀ ਗੁਰ ਪੰਥ ਪ੍ਰਕਾਸ਼*, ਅਧਿ./ਬੰਦ/ਪੰਨਾ ੧੩੮/੪੮/੩੬੩.

84. *ਉਹੀ*, ੧੪੧/੭/੩੭੧.

85. *ਉਹੀ*, ੧੪੬/੫/੩੭੭.

## ਸੰਪਰਦਾਵਾਂ

ਸਿੱਖ ਧਰਮ ਰੂਪੀ ਵਡੇ ਬਿਰਖ ਦੀਆਂ, ਇਤਿਹਾਸਕ ਤੇ ਕੁਦਰਤੀ ਹਕੀਕਤ ਅਨੁਸਾਰ, ਸਮੇਂ ਨਾਲ ਦੇਸ਼, ਕਾਲ, ਭੂਗੋਲ ਆਦਿ ਪ੍ਰਭਾਵਾਂ ਕਾਰਨ ਕਈ ਸ਼ਾਖਾਵਾਂ ਬਣ ਗਈਆਂ। ਇਨ੍ਹਾਂ ਸ਼ਖਾਵਾਂ ਨੂੰ ਹੀ ਸੰਪਰਦਾਵਾਂ ਕਿਹਾ ਜਾਂਦਾ ਹੈ। ਗਿਣਾਤਮਕ ਪਖੋਂ ਇਨ੍ਹਾਂ ਦੀ ਗਿਣਤੀ ਜੇ ਉਪ-ਵੰਡ ਤਕ ਕਰ ਲਈ ਜਾਵੇ ਤਾਂ ਇਹ ਅਧ ਸੈਂਕੜੇ(50)ਦੇ ਨੇੜੇ ਹਨ, ਪਰ ਗੁਣਾਤਮਕ ਤਥਾ ਇਤਿਹਾਸਕ ਮਹਤਵ ਪਖੋਂ ਪੰਜ-ਚਾਰ ਸੰਪਰਦਾਵਾਂ ਹੀ ਵਿਸ਼ੇਸ਼ ਮਹਤਵ ਦੀਆਂ ਧਾਰਨੀਆਂ ਹਨ, ਜਿਨ੍ਹਾਂ ਵਿਚੋਂ ਉਦਾਸੀ, ਨਿਰਮਲੇ, ਸੇਵਾਪੰਥੀ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਥੇ ਅਸੀਂ ਉਕਤ ਤਿੰਨਾਂ ਦੇ ਇਤਿਹਾਸਕ ਪਿਛੋਕੜ ਨੂੰ ਸੰਖੇਪ ਵਿਚ ਜਾਣਕੇ, ਕਿਰਤ ਸੰਬੰਧੀ ਵਿਚਾਰ ਤੇ ਵਿਹਾਰ ਨੂੰ ਸਮਝਣ ਦੇ ਜਤਨ ਵਿਚ ਹਾਂ।

**ਉਦਾਸੀ:** ਇਤਿਹਾਸਕ ਤੌਰ 'ਤੇ ਇਸ ਸੰਪਰਦਾ ਦੇ ਮੋਢੀ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਸਪੁਤਰ ਬਾਬਾ ਸ੍ਰੀ ਚੰਦ (1494-1630) ਜੀ ਹਨ। ਇਹ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦਾ ਹੀ ਦੂਰ-ਦੂਰ ਤਕ ਪ੍ਰਚਾਰ ਕਰਦੇ ਰਹੇ, ਭਾਵੇਂ ਕਿ ਨਿਜੀ ਸੁਭਾਅ ਤੇ ਪਹਿਰਾਵੇ ਦਾ ਪ੍ਰਭਾਵ ਵੀ ਇਨ੍ਹਾਂ ਦੇ ਪ੍ਰਭਾਵ ਹੇਠ ਆਉਂਦੇ ਸਾਧੂਆਂ ’ਤੇ ਪੈਂਦਾ ਰਿਹਾ। ਕਾਫੀ ਸਾਰੇ ਉਦਾਸੀ ਵਿਦਵਾਨਾਂ ਨੇ[86] ਗੁਰੂ ਨਾਨਕ ਜੀ ਦੀ ਬਾਣੀ[87] ਤੇ ਭਾਈ ਗੁਰਦਾਸ ਜੀ ਦੇ ਹਵਾਲੇ[88] ਨਾਲ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ 'ਉਦਾਸੀ ਮਤਿ' ਹੀ ਬਾਬੇ ਨਾਨਕ ਦਾ ਅਸਲ ਮਤਿ ਸੀ, ਪਰ ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਬਾਣੀ ਹਵਾਲਾ[89] ਸਪਸ਼ਟ ਕਰਦਾ ਹੈ ਕਿ ਸਥਾਨਕ ਲੋੜ ਅਨੁਸਾਰ ਉਦਾਸੀ 'ਭੇਖ' ਤੇ 'ਸਾਧਨ', ਗੁਰੂ ਜੀ ਨੇ ਜ਼ਰੂਰ ਅਪਣਾਇਆ, ਪਰ ਇਹ ਉਨ੍ਹਾਂ ਦਾ ਉਦੇਸ਼ ਨਹੀਂ ਸੀ।

ਛੇਵੇਂ ਤੇ ਸਤਵੇਂ ਪਾਤਸ਼ਾਹ ਦੇ ਸਮੇਂ ਤਕ ਉਦਾਸੀ ਸੰਪਰਦਾ ਗੁਰੂ ਘਰ ਦੀ ਮੁਖ ਧਾਰਾ ਦੇ ਕਾਫੀ ਨੇੜੇ ਆ ਚੁਕੀ ਸੀ ਤੇ ਪ੍ਰਚਾਰ ਹਿਤ ਗੁਰੂ ਸਾਹਿਬਾਨ ਨੇ ਚਾਰ ਧੂਏਂ (ਭਾਈ

86. ਸ੍ਰੀ ਮਾਨ ਮਹੰਤ ਗਣੇਸ਼ਾ ਸਿੰਘ, *ਭਾਰਤ ਮਤ ਦਰਪਣ*, ਪੰਨਾ 9; ਪੰਡਿਤ ਬ੍ਰਹਮਾਨੰਦ, *ਗੁਰੂ ਉਦਾਸੀਨ ਮਤ ਦਰਪਣ*, ਪੰਨਾ 318.
87. ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥ ...
ਗੁਰਮੁਖਿ ਖੋਜਤ ਭਏ ਉਦਾਸੀ॥ *ਗੁਰੂ ਗ੍ਰੰਥ ਸਾਹਿਬ*, ੯੩੯.
88. ਪਹਿਲਾ ਬਾਬੇ ਪਾਯਾ ਬਖਸੁਦਰਿ...
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥ *ਵਾਰ/ਪਉੜੀ* ੧/੨੪.
89. ਕਿਸੁ ਕਾਰਣਿ ਇਹ 'ਭੇਖੁ' ਨਿਵਾਸੀ॥ *ਗੁਰੂ ਗ੍ਰੰਥ ਸਾਹਿਬ*, ੯੩੯.
ਭਾਈ ਗੁਰਦਾਸ ਜੀ ਵੀ ਸਪਸ਼ਟ ਕਰਦੇ ਹਨ :
ਬਾਬੇ 'ਭੇਖ' ਬਣਾਇਆ...॥
ਜਦੋਂ ਉਦੇਸ਼ ਪੂਰਾ ਹੋਇਆ, ਫਿਰ :
ਫਿਰਿ ਬਾਬਾ ਆਇਆ ਕਰਤਾਰਪੁਰ 'ਭੇਖ' ਉਦਾਸੀ ਸਗਲ ਉਤਾਰਾ॥ .



ਅਲਮਸਤ, ਬਾਲੂ ਹਸਨਾ, ਭਾਈ ਫੂਲ, ਗੋਬਿੰਦਾ ਆਦਿ) ਅਤੇ ਛੇ ਬਖਸ਼ਿਸ਼ਾਂ (ਸੁਥਰੇਸ਼ਾਹੀ, ਭਗਤ ਭਗਵਾਨੀਏ, ਸੰਗਤਿ ਸਾਹਿਬੀਏ, ਮੀਹਾਂ ਸ਼ਹੀਏ, ਬਖਤ ਮਲੀਏ ਤੇ ਜੀਤ ਮਲੀਏ) ਸਥਾਪਿਤ ਕੀਤੀਆਂ।[90] ਇਨ੍ਹਾਂ ਸਥਾਪਨਾਵਾਂ ਰਾਹੀਂ ਦਖਣੀ ਭਾਰਤ ਦੇ ਧੁਰ ਤਕ ਸਿੱਖੀ ਦਾ ਵਡੇ ਪਧਰ 'ਤੇ ਪ੍ਰਚਾਰ ਹੋਇਆ।[91] ਉਤਰ ਵਿਚ ਰੂਸ ਤਕ ਪਹੁੰਚਣ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ।[92]

ਉਦਾਸੀ ਸਾਧੂ ਗੁਰੂ ਨਾਨਕ ਜੀ ਨੂੰ ਆਪਣਾ ਇਸ਼ਟ ਮੰਨ ਕੇ ਸਿਮਰਦੇ ਸਨ ਤੇ ਹਰ ਡੇਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਸਮੇਂ ਨਾਲ ਜਦੋਂ ਪੰਥ ’ਤੇ ਬਿਖੜੇ ਹਾਲਾਤ ਬਣੇ ਤਾਂ ਆਮ ਸਿੱਖ ਜਗਤ ਨੂੰ ਧਾਰਮਿਕ ਰਹੁ-ਰੀਤ ਤੇ ਸਹਾਰਾ ਦੇਣ ਵਾਲੇ ਇਹੀ ਸਾਧੂ ਸਨ।[93] ਅੰਗਰੇਜ ਕੁਟਲਨੀਤੀ ਤੇ ਕੁਝ ਸਿੱਖ ਲੀਡਰਸ਼ਿਪ ਦੀ ਬੇਵਸੀ ਕਾਰਨ ਇਹ ਪੰਥ ਦੀ ਮੂਲ ਧਾਰਾ 'ਚੋਂ ਹੁਣ ਬਹੁਤ ਦੂਰ ਚਲੇ ਗਏ ਹਨ।

ਉਦਾਸੀ ਸਾਧੂਆਂ ਨੇ ਪ੍ਰਚਾਰ ਸੰਸਾਰ ਵਿਚ ਹੀ ਕੀਤਾ, ਪਰ ਸੰਸਾਰ ਤੋਂ ਅਲਿਪਤ ਰਹਿ ਕੇ। ਇਹ ਸਾਧੂ ਪ੍ਰਚਾਰ ਨਾਲ ਗਰੀਬ-ਗੁਰਬਿਆਂ ਦੀ ਸੇਵਾ ਤੇ ਤਨ ਦੇ ਰੋਗ ਹਰਨ ਦੀ ਦਵਾ ਦਾਰੂ ਵੀ ਨਾਲ-ਨਾਲ ਕਰਿਆ ਕਰਦੇ ਸਨ। ਕਿਰਤ ਕਰਕੇ ਖਾਣਾ ਇਨ੍ਹਾਂ ਦਾ ਮੁਖ ਨਿਯਮ ਸੀ ਤੇ ਇਨ੍ਹਾਂ ਦੀ ਮਰਯਾਦਾ ਦਾ ਅਹਿਮ ਹਿਸਾ। ਅਠਾਰਵੀਂ ਸਦੀ ਦੇ ਇਕ ਪ੍ਰਮੁਖ ਉਦਾਸੀ ਅਚਾਰੀਆ ਸੰਤ ਰੇਣ ਜੀ ਆਪਣੇ ਪ੍ਰਸਿਧ ਗ੍ਰੰਥ *ਉਦਾਸੀ ਬੋਧ* ਵਿਚ ਉਦਾਸੀ ਸਾਧੂ ਨੂੰ ਸੰਬੋਧਨ ਹੋ ਕੇ ਲਿਖਦੇ ਹਨ :

*ਸੇਵਾ ਸੰਤਨਿ ਕੀ ਕਰੇ। ਕਿਰਤ ਕਮਾਇ ਜੁ ਖਾਇ॥*
*ਘਰ ਬੈਠੇ ਕੋ ਹਰਿ ਮਿਲੇ ਤਿਸਕੋ ਆਪ ਸੁ ਆਇ॥*[94]

ਸੰਤ ਰੇਣ ਜੀ ਲਿਖਦੇ ਹਨ ਕਿ ਗੁਰੂ ਨਾਨਕ ਜੀ ਦਾ 'ਭਵ ਸਾਗਰ' ਤੋਂ ਤਰਨ ਦਾ ਤਰੀਕਾ ਹੀ ਕਿਰਤ ਕਮਾਈ ਕਰਨਾ ਤੇ ਵੰਡ ਛਕਣ ਦਾ ਹੈ :

90. ਮਹੰਤ ਗਣੇਸ਼ਾ ਸਿੰਘ, *ਭਾਰਤ ਮਤ ਦਰਪਣ*, ਪੰਨੇ 9-15.
91. ਬਨਾਰਸ ਰਹਿਣ ਵਾਲੇ ਪ੍ਰਕਾਂਡ ਉਦਾਸੀ ਵਿਦਵਾਨ ਤ੍ਰਿਪਿਟਿਕਾਚਾਰੀਆ ਦੇ ਬਚਨਾਂ ਰਾਹੀਂ “ਬਿਹਾਰ ਦੇ ਲਖਾਂ ਪੜ੍ਹੇ ਤੇ ਅਨਪੜ੍ਹ ਲੋਕਾਂ ਦਿਆਂ ਦਿਲਾਂ ਤੇ ਦਿਮਾਗਾਂ ਉਤੇ ਨਾਨਕ ਨਾਂ ਦੀ ਏਨੀ ਪਕੀ ਮੁਹਰ ਲਗੀ ਹੋਈ ਹੈ, ਤਾਂ ਇਸ ਪਿਛੇ ਤੁਹਾਡੇ (ਸਿੱਖ ਪ੍ਰਚਾਰਕਾਂ) ਲੋਕਾਂ ਦੀ ਜਾਨਮਾਰੀ ਕੰਮ ਨਹੀਂ ਸੀ ਕਰ ਰਹੀ। ਇਸ ਦੇ ਪਿਛੇ ਉਦਾਸੀ ਸਾਧੂਆਂ ਦੀ ਕਰੜੀ ਘਾਲ ਕਾਰਜਸ਼ੀਲ ਸੀ। ਇਹੀ ਲੋਕ ਸਨ ਜੋ ਘਰ ਘਾਟ ਦਾ ਸੁਖ ਤਿਆਗ ਕੇ ਬਾਣੀ ਦਾ ਦੇਸ਼, ਪ੍ਰਦੇਸ਼ ਵਿਚ ਢੰਡੋਰਾ ਪਿਟਦੇ ਫਿਰੇ...”
ਪ੍ਰੋ. ਪ੍ਰੀਤਮ ਸਿੰਘ, 'ਉਦਾਸੀ ਸੰਪ੍ਰਦਾਇ ਦਾ ਭੂਤ ਤੇ ਭਵਿਖ', *ਦਸਵਾਂ ਗੁਰੂ ਨਾਨਕ ਤੇ ਹੋਰ ਲੇਖ*, ਪੰਨਾ 141.
92. 1850 ਦੇ ਕਰੀਬ ਸਾਧੂ ਰਾਮਦਾਸ ਉਦਾਸੀ ਨੇ ਰੂਸ ਦੀ ਰਾਜਧਾਨੀ ਪ੍ਰੀਟਰਜ਼ਬਰਗ (ਲੈਨਨ ਗਾਰਡ) ਵਿਚ ਧਰਮਸ਼ਾਲਾ ਬਣਾਈ ਤੇ ਕਿਸੇ ਹੋਰ ਸਾਧੂ ਨੇ ਬਾਕੂ ਸ਼ਹਿਰ ਵਿਚ ਡੇਰਾ ਬਣਾਇਆ। ਵੇਖੋ: ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨਾ 573.
93. ਗੁਰੂ ਸਾਹਿਬਾਨ ਨਾਲ ਇਹ ਜੰਗਾਂ ਜੁਧਾਂ 'ਚ ਵੀ ਸਹਾਇਤਾ ਕਰਦੇ ਰਹੇ, ਜਿਵੇਂ ਮਹੰਤ ਕਿਰਪਾਲ ਦਾਸ ਉਦਾਸੀ, ਭੰਗਾਣੀ ਦੀ ਜੰਗ, ਗੁਰੂ ਜੀ ਵਲੋਂ ਹੋ ਕੇ ਲੜਿਆ।
ਵੇਖੋ: ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਅਧਿ.ਬੰਦ/ਪੰਨਾ
94. *ਉਦਾਸੀ ਬੋਧ*, ਹਥ ਲਿਖਤ, 1858 ਈ.,ਪਤਰਾ 9ੳ.

*ਭਵ ਤਰਨੇ ਕਾ ਯੇਹ ਉਪਾਵੇ ਜਾਨਿਯੇ।*
*ਗੁਰ ਨਾਨਕ ਇਹ ਭਾਖਿਉ ਆਪ ਮਹਾਨਜੀਏ।*
*ਦੀਨ ਗਰੀਬਨ ਕੋ ਹਥ* ਤੇ ਕਛ* ਦੀਜੀਯੇ।* {*ਕੰਮ ਤੇ ਕਪੜਾ}
*ਹੋ ਸੰਤ ਰੇਣ ਇਹ ਜਨਮ ਸਫਲ ਕਰ ਲੀਜੀਯੇ॥*[95]

ਕਰਤਾ ਜੀ ਲਿਖਦੇ ਹਨ, ਜਿਹੜੇ ਪਰਾਇਆ ਮਾਲ (ਬੇਈਮਾਨੀ ਦੀ ਕਮਾਈ) ਚੁਰਾਉਂਦੇ ਹਨ, ਉਨ੍ਹਾਂ ਦੀ ਔਲਾਦ ਵਿਕਾਰਾਂ ਵਿਚ ਗਲ ਜਾਂਦੀ ਹੈ ਤੇ ਉਹ ਜਿਉਂਦੇ ਹੀ (ਆਤਮਿਕ ਮੌਤ) ਮਰ ਜਾਂਦੇ ਹਨ।[96]

ਉਦਾਸੀ ਮਹਾਤਮਾ ਨੇ ਬਹੁਤ ਸਾਰੀ ਲਿਖਤੀ ਸੇਵਾ (ਕਿਰਤ) ਵੀ ਕੀਤੀ। ਇਨ੍ਹਾਂ ਬਾਣੀ ਨੂੰ ਭਾਰਤੀ ਪਰੰਪਰਾ ਦੇ ਪ੍ਰਸੰਗ ਵਿਚ ਅਰਥਾਇਆ ਤੇ ਵਧੇਰੇ ਕਰਕੇ ਟੀਕੇ ਲਿਖੇ। ਪ੍ਰਸਿਧ ਉਦਾਸੀ ਸਾਧੂ ਅਨੰਦਘਣ ਜੀ ਦੇ ਟੀਕੇ, ਸਿੱਖ ਵਿਦਵਤਾ ਜਗਤ ਵਿਚ ਪ੍ਰਸਿਧ ਹਨ।[97] ਆਨੰਦਘਨ ਜੀ ਪਹਿਲੇ ਉਦਾਸੀ ਸਾਧੂ ਹਨ ਜਿੰਨ੍ਹਾਂ ਗੁਰਬਾਣੀ ਟੀਕਾ ਪਧਤੀ ਵਿਚ ਭਾਰਤੀ ਤੁਲਾਤਮਕ ਦ੍ਰਿਸ਼ਟੀ ਅਪਨਾਈ, ਭਾਵੇਂ ਉਹ ਠੀਕ ਸੰਦਰਭ ਗ੍ਰਹਿਣ ਨਹੀਂ ਕਰ ਸਕੇ।

**ਨਿਰਮਲਾ:** 1686 ਈ. ਨੂੰ ਜਦੋਂ ਦਸਵੇਂ ਪਾਤਸ਼ਾਹ ਪਉਂਟੇ ਪਹੁੰਚੇ ਤਾਂ ਉਥੇ ਸ਼ਸ਼ਤਰ ਵਿਦਿਆ ਦੇ ਨਾਲ, ਸਿੱਖਾਂ ਨੂੰ ਸ਼ਾਸ਼ਤਰ ਵਿਦਿਆ, ਵਿਸ਼ੇਸ਼ ਕਰਕੇ ਸੰਸਕ੍ਰਿਤ ਵਿਦਿਆ ਸਿਖਾਉਣ ਲਈ ਪੰਡਿਤ ਰਘੂਨਾਥ ਨੂੰ ਨਿਯੁਕਤ ਕੀਤਾ ਗਿਆ। ਕੁਝ ਅਰਸੇ ਬਾਅਦ ਜਦ ਰਘੂਨਾਥ ਨੂੰ ਆਪਣੇ ਵਿਦਿਆਰਥੀਆਂ ਦੀ ਜਾਤ-ਗੋਤ ਪਤਾ ਲਗਿਆ ਤਾਂ ਉਸਨੇ ਆਪਣੇ 'ਧਰਮ ਸ਼ਾਸ਼ਤਰ' ਦੇ ਨਿਯਮਾਂ ਮੁਤਾਬਿਕ ਪੜ੍ਹਾਉਣ ਤੋਂ ਇਨਕਾਰ ਕਰ ਦਿਤਾ, ਕਿਉਂਕਿ ਉਸਦਾ 'ਵਰਨਾਸ਼ਰਮ ਧਰਮ' 'ਕਿਰਤੀਆਂ' ਤੇ 'ਨੀਵੇਂ' ਲੋਕਾਂ ਨੂੰ ਪੜ੍ਹਣ ਦੀ ਇਜ਼ਾਤਜ ਨਹੀਂ ਦਿੰਦਾ ਸੀ। ਗੁਰੂ ਸਾਹਿਬ ਦੇ ਸਮਝਾਉਣ 'ਤੇ ਵੀ ਜਦ ਕੋਈ ਚਾਰਾ ਨਾ ਰਿਹਾ ਤਦ ਚੋਣਵੇਂ ਪੰਜ ਵਿਦਿਆਰਥੀ ਭਾਈ ਰਾਮ ਸਿੰਘ, ਬੀਰ ਸਿੰਘ, ਕਰਮ ਸਿੰਘ, ਗੰਡਾ ਸਿੰਘ ਤੇ ਸੈਨ ਸਿੰਘ ਬਨਾਰਸ ਵਿਦਿਆ ਲੈਣ ਲਈ ਭੇਜੇ ਗਏ। ਇਨ੍ਹਾਂ ਨੇ ਸਨਾਤਨ ਭੇਖ ਵਿਚ ਵੇਦਾਂਤ, ਵਿਆਕਰਣ ਤੇ ਹੋਰ ਅਨੇਕਾਂ ਵਿਦਿਆਵਾਂ ਪੰਡਿਤ ਸਚਾਨੰਦ ਵਰਗਿਆਂ ਤੋਂ ਕਈ ਵਰ੍ਹੇ ਪੜ੍ਹੀਆਂ ਤੇ ਵਾਪਸ ਆਨੰਦਪੁਰ ਆ ਕੇ ਪੜ੍ਹਣ-ਪੜ੍ਹਾਉਣ ਦੀ ਸੇਵਾ (ਕਿਰਤ) ਵਿਚ ਲਗ ਗਏ। ਇਨ੍ਹਾਂ ਤੋਂ ਸਿੱਖ ਪੰਥ ਵਿਚ ਪੜ੍ਹਨ-ਪੜ੍ਹਾਉਣ ਤੇ ਗੰਭੀਰ ਵਿਦਵਤਾ ਦੀ ਇਕ ਟਕਸਾਲ (ਹੁਣ ਦੇ ਸ਼ਬਦਾਂ ਵਿਚ ਯੂਨੀਵਰਸਿਟੀ) ਕਾਇਮ ਹੋਈ, ਜਿਸ ਤਹਿਤ ਇਹ ਨਿਰਮਲੇ ਸਾਧੂ 'ਵਿਦਵਾਨਾਂ ਦੀ ਮੰਡਲੀ' ਨਾਂ ਕਰਕੇ ਹੀ ਪ੍ਰਸਿਧ ਹੋ ਗਏ। ਇਨ੍ਹਾਂ ਨੂੰ ਵਿਦਵਾਨਾਂ ਦੀ ਸਭਾ ਕਰਕੇ ਵੀ ਬੁਲਾਇਆ ਜਾਂਦਾ ਹੈ।

95. *ਉਹੀ*, ਪਤਰਾ 176 ਅ.
96. *ਉਹੀ*, ਪਤਰੇ 72ਅ; 78 ੳ.
97. ਵੇਖੋ: *ਗੁਰਬਾਣੀ ਟੀਕੇ ਅਨੰਦਘਣ*, (ਸੰਪਾ.) ਡਾ. ਰਤਨ ਸਿੰਘ ਜੱਗੀ, ਪਟਿਆਲਾ, 1970.



ਨਿਰਮਲੇ ਵਿਦਵਾਨਾਂ ਨੇ ਸਿੱਖ ਵਿਦਵਤਾ ਦੇ ਖੇਤਰ ਵਿਚ ਜਿਨ੍ਹਾਂ ਸਾਹਿਤ ਰਚਿਆ, ਅਨੁਵਾਦਿਆ ਜਾਂ ਵਿਆਖਿਆਇਆ, ਇਸ ਦੀ ਥਾਹ ਲੈਣੀ ਸੈਂਕੜੇ ਥੀਸਿਸਾਂ ਤੋਂ ਵੀ ਵਸੋਂ ਬਾਹਰੀ ਗੱਲ ਹੈ। ਪ੍ਰਚਾਰ ਦੇ ਨਾਲ-ਨਾਲ ਇਨ੍ਹਾਂ ਦਾ ਮੁਖ 'ਕੰਮ' ਗੁਰਬਾਣੀ ਦੇ ਕੋਸ਼, ਟੀਕੇ, ਪਰਿਯਾਇ ਆਦਿ ਤਿਆਰ ਕਰਨਾ ਰਿਹਾ।

ਹਰ ਕਹਿੰਦੇ ਕਹਾਉਂਦੇ ਨਿਰਮਲੇ ਵਿਦਵਾਨ ਨੇ ਜਪੁ ਜੀ ਦਾ ਟੀਕਾ ਜ਼ਰੂਰ ਕੀਤਾ।[98] ਸੈਂਕੜਿਆਂ ਦੀ ਗਿਣਤੀ ਵਿਚ ਮਿਲਦੀਆਂ ਟੀਕਾਵਾਂ ਇਨ੍ਹਾਂ ਨਿਰਮਲੇ ਵਿਦਵਾਨਾਂ ਦੀ ਹੀ ਕਿਰਤ ਹਨ।[99]

1805 ਈ. ਵਿਚ 'ਨਿਰਮਲ ਪੰਚਾਇਤੀ ਅਖਾੜੇ' ਦੀ ਹਰਿਦੁਆਰ ਵਿਖੇ ਸਥਾਪਨਾ ਤੇ 1861 ਈ. ਨੂੰ ਪਟਿਆਲੇ 'ਧਰਮ ਧੁਜਾ' ਦੀ ਸਥਾਪਨਾ ਨਾਲ ਨਿਰਮਲੇ ਸਾਧੂਆਂ ਦਾ ਪ੍ਰਚਾਰ ਤੇ ਅਧਿਐਨ-ਅਧਿਆਪਨ ਇਕ ਸੰਗਠਤ ਰੂਪ ਵਿਚ ਆ ਗਿਆ। ਇਹ ਸਾਧੂ ਮੁਖ ਤੌਰ 'ਤੇ ਤਿੰਨ ਪ੍ਰਕਾਰ ਦੀ ਸੇਵਾ ਕਰਦੇ ਸਨ - ਪਹਿਲੀ ਗੁਰਮਤਿ ਸਿਧਾਂਤਾਂ ਦੀ ਵਿਆਖਿਆ, ਦੂਜੀ ਤਨ ਦੇ ਰੋਗ ਨਿਵਾਰਨ ਲਈ ਦਵਾ ਦਾਰੂ ਤੇ ਤੀਜਾ ਟੀਕਾਕਾਰੀ ਜਾਂ ਦਾਰਸ਼ਨਿਕ ਗ੍ਰੰਥਾਂ ਦੇ ਭਾਸ਼।[100] ਵਿਦਵਤਾ ਸਿਖਾਉਣ ਲਈ ਇਨ੍ਹਾਂ ਆਮ ਸਿਖਿਆਰਥੀਆਂ, ਕਿਰਤੀ ਤੇ ਗਰੀਬ ਬੱਚਿਆਂ ਨੂੰ ਚੁਣਨ ਵਿਚ ਵਿਸ਼ੇਸ਼ ਦਿਲਚਸਪੀ ਲਈ। ਤੁਰ ਫਿਰ ਕੇ ਮੰਡਲੀਆਂ ਵਿਚ ਪ੍ਰਚਾਰ ਕਰਦੇ ਹੋਏ ਸਾਧੂ ਆਪਣੇ ਨਾਲ ਅਨੇਕਾਂ ਵਿਦਿਆਰਥੀ ਰਖਦੇ।[101] ਇਸ ਤਰ੍ਹਾਂ ਨਿਰਮਲ ਸਾਧੂ ਸਮਾਜ ਦੀ ਸਭ ਤੋਂ ਵਡੀ ਕਿਰਤ, ਵਿਦਵਾਨ ਅਤੇ ਵਿਦਵਤਾ ਗ੍ਰੰਥ ਪੈਦਾ ਕਰਨੇ ਰਹੀ। ਪੰਥ ਦੇ ਸਮਕਾਲੀ ਹਾਲਾਤਾਂ ਨੇ ਦਾਨਸ਼ਮੰਦਾਂ ਦੀ ਇਸ ਦਾਨਸ਼ਗਾਹ (ਯੂਨੀਵਰਸਿਟੀ) ਨੂੰ ਵੀ ਹੌਲੀ-ਹੌਲੀ ਮੁਖਧਾਰਾ ਤੋਂ ਦੂਰ ਕਰ ਦਿਤਾ।

**ਸੇਵਾ ਪੰਥ:** ਸੇਵਾ ਪੰਥੀ ਸੰਪਰਦਾਇ ਸਿੱਖੀ ਦੀ ਇਕ ਮਹਤਾਪੂਰਨ ਸ਼ਾਖਾ ਤਥਾ ਸੰਪਰਦਾਇ ਹੈ ਜਿਹੜੀ ਕਿਰਤ ਨੂੰ ਅਸਲ ਵਿਚ ਵਿਹਾਰਾਂ ਵਿਚ ਲਿਆਈ। ਇਸ ਸੰਪਰਦਾਇ ਦੇ ਅਨੁਯਾਈ ਸਾਧੂਆਂ ਨੇ ਸਿੱਖ ਪੰਥ ਦੇ ਜੁਝਾਰੂ ਅਤੇ ਰਾਜਸੀ ਸਿਧਾਂਤਾਂ ਨੂੰ ਨਹੀਂ ਅਪਣਾਇਆ, ਪਰ ਇਹ ਨਿਰੋਲ ਮਠਵਾਦੀ ਵੀ ਨਹੀਂ ਬਣੇ। ਇਨ੍ਹਾਂ ਨੇ ਨਵਿਰਤੀ ਮਾਰਗ ਨੂੰ ਅਪਣਾ ਕੇ ਆਪਣਾ ਜੀਵਨ ਪੂਰੀ ਮਨੁਖ ਜਾਤੀ ਨੂੰ ਸਮਰਪਣ ਕੀਤਾ।

ਇਸ ਸੇਵਾ ਪੰਥ ਦਾ ਆਰੰਭ ਭਾਈ ਘਨੁਈਆ ਜੀ ਤੋਂ ਹੋਇਆ, ਜਿਹੜੇ ਕਿ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸ਼ਰਧਾਲੂ ਸਿੱਖ ਸਨ।[102] ਇਸ ਸੰਪਰਦਾਇ ਦਾ ਨਾਂ 'ਸੇਵਾ' ਵਿਚ ਵਿਸ਼ੇਸ਼ ਰੁਚੀ ਤੇ ਇਸੇ ਨੂੰ ਆਤਮਿਕ ਉਨਤੀ ਦਾ 'ਸਾਧਨ' ਮੰਨਣ

98. ਡਾ. ਜੋਗਿੰਦਰ ਸਿੰਘ, *ਜਪੁ ਜੀ ਦੇ ਟੀਕੇ : ਸਮੀਖਿਆਤਮਕ ਅਧਿਅਨ*, ਪੰਨਾ ਭੂਮਿਕਾ।
99. Kirpal Singh, *Guru Nanak Jap ji : A Descriptive Bibliography*, pp. 327-34.
100. ਪ੍ਰੋ. ਪ੍ਰੀਤਮ ਸਿੰਘ, 'ਨਿਰਮਲ ਸੰਪ੍ਰਦਾਇ ਦਾ ਭਵਿਖ', *ਦਸਵਾਂ ਗੁਰੂ ਨਾਨਕ ਤੇ ਹੋਰ ਲੇਖ*, ਪੰਨਾ 151.
101. *ਨਿਰਮਲ ਸੰਪ੍ਰਦਾਇ*, (ਸੰਪਾ.) ਪ੍ਰੋ. ਪ੍ਰੀਤਮ ਸਿੰਘ, ਪੰਨੇ 39-70.
102. 1648 ਵਿਚ ਪੈਦਾ ਹੋਏ ਭਾਈ ਘਨੁਈਆ ਜੀ, ਪਹਿਲਾਂ ਨੌਵੇਂ ਗੁਰੂ ਜੀ ਦੇ ਦਰਬਾਰ ਵਿਚ ਆਏ ਸਨ।

ਕਾਰਨ ਪਿਆ, ਭਾਵੇਂ ਕਿ ਇਸੇ ਸੰਪਰਦਾਇ ਦੇ ਇਕ ਵਿਦਵਾਨ ਸਾਧੂ ਲਿਖਾਰੀ ਭਾਈ ਲਾਲ ਚੰਦ ਜੀ ਨੇ ਸੰਪਰਦਾਇ ਦੇ ਨਾਂ ਨੂੰ ਭਾਈ ਘਨ੍ਹਈਆ ਜੀ ਦੇ ਪਰਮ ਸ਼ਿਸ਼ ਭਾਈ ਸੇਵਾ ਰਾਮ ਤੋਂ ਪਿਆ ਦਸਦੇ ਹਨ।[103] ਇਸ ਸੰਪਰਦਾਇ ਵਿਚ ਭਾਈ ਸੇਵਾ ਰਾਮ, ਭਾਈ ਅਡਣ ਸ਼ਾਹ, ਭਾਈ ਜਗਤਾ ਜੀ ਆਦਿ ਵਡੇ ਕਰਨੀ ਵਾਲੇ ਮਹਾਂਪੁਰਖ ਹੋਏ। ਭਾਈ ਅਡਣ ਸ਼ਾਹ ਦੇ ਡੇਰੇ ਵਿਚ ਢਾਈ ਸੌ ਦੇ ਕਰੀਬ ਅਜਿਹੇ ਹੋਰ ਸਾਧੂ ਸਨ। ਭਾਈ ਲਾਲ ਚੰਦ ਜੀ ਦੇ ਸ਼ਬਦਾਂ ਵਿਚ "ਅਢਾਈ ਸੈ ਸਾਧ ਭਾਈ ਅਡਣ ਜੀ ਪਾਸ ਰਹਿਤੇ ਅਰ ਮਾਨੋ ਮਾਨਸਰੋਵਰ ਮੈ ਹੰਸ ਇਕਤ੍ਰ ਭਏ ਹੈ, ਕੇਤੇ ਤਤ ਵੇਤੇ ਹੈ, ਕੇਤੇ ਮਹਾ ਹਠੀ, ਜਪੀ, ਤਪੀ, ਜਗਿਆਸੀ ਹੈ। ...ਸਭ ਕੀਰਤਨ ਸੁਨਤੇ ਹੈ {ਅਰ}ਸਮਾਧਿ ਪਰਾਇਣ ਜੈਸੇ ਜੋਗੀ ਬੈਠਤੇ ਹੈ।"[104] ਭਾਈ ਅਡਣ ਸ਼ਾਹ ਜੀ ਦੇ 36 ਚੇਲਿਆਂ[105] ਨੇ ਦੂਰ-ਦੂਰ ਤਕ ਗੁਰਮਤਿ ਦੀ ਤਨ, ਮਨ ਤੇ ਹਥੀਂ ਸੇਵਾ ਤੋਂ ਇਲਾਵਾ ਬਹੁਤ ਸਾਰੀ ਸਾਹਿਤਕ ਸੇਵਾ ਕੀਤੀ।[106] ਇਸੇ ਤਰ੍ਹਾਂ ਭਾਈ ਦੁਖ ਭੰਜਨ, ਭਾਈ ਬਲੂ, ਭਾਈ ਅਮੀਰ ਸਿੰਘ ਤੇ ਇਨ੍ਹਾਂ ਦੇ ਸੈਂਕੜੇ ਸ਼ਿਸ਼ਾਂ[107] ਨੇ ਦੂਰ-ਦੁਰਾਡੇ ਥਾਵਾਂ 'ਤੇ ਸਿੱਖੀ-ਸੇਵਾ ਦਾ ਪ੍ਰਵਾਹ ਚਲਾਇਆ।

ਜਿਵੇਂ ਕਿ ਪਹਿਲਾਂ ਸੰਕੇਤ ਕਰ ਆਏ ਹਾਂ, ਇਹ ਸਾਧੂ ਭਾਵੇਂ ਸਿੱਖੀ ਦੇ ਕਈ ਸਿਧਾਤਾਂ, ਜਿਵੇਂ ਜੁਝਾਰੂ ਬਿਰਤੀ, ਗ੍ਰਹਿਸਥ ਜੀਵਨ ਵਿਹਾਰ ਆਦਿ[108] ਤੋਂ ਦੂਰ ਰਹੇ, ਪਰ ਇਹ ਮਠਵਾਦੀ ਨਹੀਂ ਬਣੇ। ਇਨ੍ਹਾਂ ਨਿਰੋਲ ਸੇਵਾ-ਸਿਮਰਨ ਤੇ ਹਥੀਂ ਕਿਰਤ ਨੂੰ ਆਪਣਾ ਨਿਸ਼ਾਨਾ ਬਣਾਇਆ। ਇਸ ਸੰਪਰਦਾਇ ਦੇ ਸਾਧੂ ਦਸ ਗੁਰੂ ਸਾਹਿਬਾਨ ਦੇ ਉਪਾਸ਼ਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਪਰਮ ਇਸ਼ਟ ਮੰਨਦੇ ਰਹੇ ਹਨ। ਜੀਵਾਂ ਦੀ ਸੇਵਾ ਕਰਕੇ ਪਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਕਰਨੀ ਤੇ ਨਾਮ ਜਪ ਕੇ ਮੁਕਤੀ ਹਾਸਿਲ ਕਰਨੀ, ਇਨ੍ਹਾਂ ਦੀ ਜੀਵਨ-ਸਾਧਨਾ ਦਾ ਪਰਮ-ਮਨੋਰਥ ਰਿਹਾ, ਇਸ ਕਰਕੇ ਇਹ ਦਾਰਸ਼ਨਿਕ ਚਿੰਤਨ ਵਲ ਰੁਚਿਤ ਨਹੀਂ ਹੋਏ। ਇਹ "ਸ੍ਰੀ ਗੁਰੂ ਗ੍ਰੰਥ ਨੂੰ ਸ਼ਬਦ ਜਾਂ ਸੂਖਮ ਰੂਪ ਵਿਚ ਹੀ ਨਹੀਂ, ਪ੍ਰਤਖ ਤੇ ਸਥੂਲ ਰੂਪ ਵਿਚ, ਸਾਧਾਰਨ ਸਿੱਖ ਨਾਲੋਂ ਕਿਤੇ ਵਧ ਸ਼ਰਧਾ ਨਾਲ ਪੂਜਦੇ ਹਨ।"[109]

ਸੇਵਾਪੰਥੀ ਸੰਪਰਦਾਇ ਦੀ ਪਛਾਣ ਤੇ ਉਦੇਸ਼ ਸੇਵਾ ਤੇ ਹਥੀਂ ਕਿਰਤ ਕਰਨਾ ਹੈ। ਭਾਈ ਲਾਲ ਚੰਦ ਜੀ ਦੁਆਰਾ ਦਰਸਾਏ, ਇਸ ਸੰਪਰਦਾਇ ਦੇ, ਮੁਖ ਨਿਯਮਾਂ ਵਿਚ

103. ਸੇਵਾ ਪੰਥੀ ਅਡਣਸ਼ਾਹੀ।...
ਸੇਵਾ ਰਾਮ ਬਿਚਰ ਸੁਖ ਖਾਨ॥...
ਸੇਵਾ ਪੰਥੀ ਪੰਥ ਬਤਾਹੀ॥ *ਸ੍ਰੀ ਸੰਤ ਰਤਨਮਾਲਾ*, (ਸੰਪਾ.) ਮਹੰਤ ਹੀਰਾ ਸਿੰਘ, ਪੰਨੇ 598-99.

104. *ਉਹੀ*, 32.

105. 36 ਮਹਾਂਪੁਰਸ਼ਾਂ ਦੀ ਸੂਚੀ ਲਈ ਵੇਖੋ : ਮਹੰਤ ਕ੍ਰਿਪਾਲ ਸਿੰਘ, *ਸ੍ਰੀ ਅਮੀਰ ਸਿਧਾਂਤ*, ਭਾਗ ਦੂਜਾ, ਪੰਨਾ 3.

106. ਵੇਖੋ: ਡਾ. ਗੁਰਮੁਖ ਸਿੰਘ, *ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨੇ 76-312.

107. ਭਾਈ ਦੁਖ ਭੰਜਨ ਜੀ ਦੇ ਮੁਖ ਚੇਲੇ 21 ਅਤੇ ਬਲੂ ਜੀ ਦੇ 8 ਮੁਖ ਚੇਲੇ ਹੋਏ। ਨਾਵਾਂ ਦੀ ਸੂਚੀ ਲਈ ਵੇਖੋ : ਮਹੰਤ ਕ੍ਰਿਪਾਲ ਸਿੰਘ, *ਪੂਰਵ ਅੰਕਿਤ*, ਪੰਨਾ ਮ-ਯ (ਭੂਮਿਕਾ)।

108. ਸਮਕਾਲੀ (21 ਵੀਂ ਸਦੀ) ਸਮੇਂ ਇਹ ਪੰਥ ਅੰਮ੍ਰਿਤਧਾਰੀ ਤੇ ਗ੍ਰਹਿਸਥੀ ਬਣਦਾ ਜਾ ਰਿਹਾ ਹੈ।

109. *ਪਾਰਸ ਭਾਗ*, (ਸੰਪਾ.) ਪ੍ਰੋ. ਪ੍ਰੀਤਮ ਸਿੰਘ, ਪੰਨਾ 31 (ਭੂਮਿਕਾ)।



ਸੇਵਾ ਤੇ ਹਥੀਂ ਕਿਰਤ ਨੂੰ ਵਿਸ਼ੇਸ਼ ਤੌਰ ਤੇ ਸ਼ਾਮਿਲ ਕੀਤਾ ਗਿਆ ਹੈ।[110] ਪ੍ਰੋ. ਪ੍ਰੀਤਮ ਸਿੰਘ ਦੇ ਸ਼ਬਦਾਂ ਵਿਚ "ਇਨ੍ਹਾਂ ਦਾ ਪਰਮ ਧਰਮ ਸੇਵਾ ਹੈ। ਇਹ ਸੇਵਾ ਵਿਚ ਰੰਗ, ਲਿੰਗ, ਜਾਤ, ਧਰਮ ਜਾਂ ਛੂਤ ਦਾ ਕੋਈ ਵਿਤਕਰਾ ਨਹੀਂ ਕਰਦੇ। ਹਰ ਪ੍ਰਾਣੀ ਮਾਤਰ ਪਸ਼ੂ, ਪੰਛੀ ਤੇ ਹੋਰ ਜੀਅ-ਜੰਤ, ਸੇਵਾ ਦਾ ਪਾਤਰ ਬਣਨ ਦੇ ਯੋਗ ਹੈ।"[111] ਸੇਵਾ ਕਾਰਜਾਂ ਨੂੰ ਮੁਖ ਰਖ ਕੇ ਹੀ ਸੇਵਾਪੰਥੀ ਸਾਧੂਆਂ ਅਨੇਕਾਂ ਧਰਮਸ਼ਾਲਾਵਾਂ ਬਣਵਾਈਆਂ, ਖੂਹ ਲਗਵਾਏ, ਪੁਲ ਬਣਵਾਏ ਤੇ ਅਨੇਕਾਂ ਵਿਦਿਅਕ ਅਦਾਰੇ ਖੋਲ੍ਹੇ।

ਕਿਰਤ ਦੇ ਸੰਬੰਧ ਵਿਚ, ਸੇਵਾ ਪੰਥੀਆਂ ਨੇ ਜਿਥੇ ਗੁਰਮਤਿ ਦੇ 'ਘਾਲਿ ਖਾਣ' ਦੇ ਉਦੇਸ਼ ਨੂੰ ਅਮਲੀ ਰੂਪ ਵਿਚ ਅਪਣਾਇਆ, ਉਥੇ ਨਾਲ-ਨਾਲ ਪ੍ਰਚਾਰਿਆ ਵੀ। ਹਿੰਦੋਸਤਾਨ ਵਿਚ ਜਿੰਨੇ ਵੀ ਤਿਆਗੀ ਮਤਿ ਉਪਜੇ[112], ਉਨ੍ਹਾਂ ਵਿਚ ਇਸ ਮਤਿ ਦੇ ਤਿਆਗੀ ਸੁਭਾਅ ਹੋਣ ਦੇ ਬਾਵਜੂਦ, ਵਿਲਖਣਤਾ ਤੇ ਵਡਤਣਤਾ ਇਹੀ ਰਹੀ ਕਿ ਇਹ ਮਤਿ ਮੰਗ ਖਾਣ ਜਾਂ ਭਿਖਿਆ ਮੰਗਣ 'ਤੇ ਨਿਰਭਰ ਨਹੀਂ ਹੋਇਆ। ਭਾਈ ਸੋਭਾ ਰਾਮ ਦੇ ਸ਼ਬਦਾਂ ਵਿਚ ਜਦੋਂ ਭਾਈ ਘਨ੍ਹਈਆ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉਪਦੇਸ਼ ਦਿਤਾ ਤਾਂ ਨਾਲ ਨਾਲ 'ਦਸਾਂ ਨਖਾਂ' ਦੀ ਕਿਰਤ ਕਰਕੇ ਵੰਡ ਛਕਣ ਦਾ ਉਪਦੇਸ਼ ਵੀ ਕੀਤਾ :

*ਦਸਾਂ ਨਖਾਂ ਕੀ ਕਿਰਤਿ ਕਮਾਵੋ॥*
*ਵੰਡ ਕਰੁ ਖਾਵਨੁ ਸਭਨ ਸਿਖਾਵੋ... ॥*[113]

ਇਹੀ ਉਪਦੇਸ਼ ਭਾਈ ਘਨ੍ਹਈਆ ਜੀ ਨੇ ਭਾਈ ਸੇਵਾ ਰਾਮ ਨੂੰ ਕੀਤਾ ਤੇ ਭਾਈ ਸੇਵਾ ਰਾਮ ਨੇ ਅਗੋਂ ਕੀਤਾ :

*ਨਿਜ ਹਾਥਨ ਕੀ ਕਾਰ ਕਰੀਜੈ॥...*
*ਦਸਾਂ ਨਖਾਂ ਕੀ ਕਰੋ ਕਮਾਈ॥*[114]

ਸੇਵਾਪੰਥੀ ਸਾਧੂਆਂ ਨੇ ਹਥੀਂ ਕਿਰਤ ਵਿਚ ਵਿਸ਼ੇਸ਼ ਤੌਰ ਤੇ ਮੁੰਜ ਵਟਣ ਨੂੰ ਚੁਣਿਆ, ਜਿਹੜਾ ਇਸ ਤਥ ਦਾ ਪ੍ਰਤੀਕ ਹੈ ਕਿ ਕੋਈ ਵੀ ਕਿਰਤ ਨੀਵੀਂ ਜਾਂ ਮਾੜੀ ਨਹੀਂ ਹੁੰਦੀ, ਦੂਸਰਾ ਕਿਰਤ ਅਜਿਹੀ ਹੋਵੇ, ਜਿਹੜੀ ਨਾਮ ਸਿਮਰਨ ਦਾ ਸਾਧਨ ਬਣ ਜਾਵੇ, ਜਿਵੇਂ ਮੁੰਜ ਵਟਦਿਆਂ ਨਾਮ ਸਿਮਰਨ ਵਿਚ ਕੋਈ ਔਖਿਆਈ ਨਹੀਂ ਆਉਂਦੀ।

ਇਥੇ ਇਕ ਵਿਸ਼ੇਸ਼ ਧਿਆਨਯੋਗ ਵਿਚਾਰ ਇਹ ਹੈ ਕਿ ਜਿਥੇ ਸੇਵਾ ਪੰਥ ਦੇ ਇਹ ਸਾਧੂ ਆਪ ਮੁੰਜ ਕੁਟਕੇ, ਵਾਣ ਵਟ ਕੇ ਜਾਂ ਹੋਰ ਅਜਿਹੀ ਸੁਕ੍ਰਿਤ ਕਰਕੇ[115], ਆਪ

110. *ਸ੍ਰੀ ਸੰਤ ਰਤਨਮਾਲਾ*, ਪੂਰਨ ਅੰਕਤ, ਪੰਨੇ 5-8.

111. *ਪੂਰਨ ਅੰਕਤ*, ਪੰਨਾ 33.

112. ਵੇਖੋ: बलदेव उपाध्याय, *भागवत संप्रदाय*, काशी, १६५३.

113. *ਸੰਤ ਮਾਲ*, ਪਤਰਾ 33/ੳ (ਹਥ ਲਿਖਤ)।

114. *ਉਹੀ*, ਪਤਰਾ 58/ੳ.

115. ਸਾਧੂਆਂ ਦੀ ਕਿਰਤ ਵਿਚ ਗੁਰਬਾਣੀ ਦੀਆਂ ਪੋਥੀਆਂ ਲਿਖਣਾ ਵੀ ਜਰੂਰੀ ਹਿਸਾ ਸੀ; ਵਿਸਤਾਰ ਵੇਖੋ: ਡਾ. ਬਲਬੀਰ ਸਿੰਘ (ਸੰਪਾ.), *ਸ੍ਰੀ ਚਰਣ ਹਰਿ ਵਿਸਥਾਰ*, ਜਿ.1 ,ਪੰਨਾ 128.

ਵੇਚਕੇ, ਆਪਣੀ ਰੋਟੀ ਲਈ ਜ਼ਤਨਸ਼ੀਲ ਰਹੇ, ਉਥੇ ਕਿਸੇ ਸਾਧੂ ਨੇ ਵੀ ਆਪਣੀ ਕਿਰਤ ਨੂੰ ਧੰਦਾ ਜਾਂ ਜੰਜਾਲ ਨਹੀਂ ਬਣਾਇਆ। ਇਕ ਸਾਖੀ ਅਨੁਸਾਰ ਜਦੋਂ ਕਿਸੇ ਸਰਦਾਰ ਨੇ ਭਾਈ ਅਡਣ ਸ਼ਾਹ ਜੀ ਨੂੰ ਜ਼ਮੀਨ ਦਾ ਇਕ ਵਡਾ ਪਟਾ ਦੇਣ ਦੀ ਪੇਸ਼ਕਸ਼ ਕੀਤੀ ਤਾਂ ਭਾਈ ਜੀ ਨੇ ਇਹ ਕਹਿ ਕੇ ਪੇਸ਼ਕਸ਼ ਠੁਕਰਾ ਦਿਤੀ ਕਿ ਇਸ ਨਾਲ ਸਾਧੂ ਆਲਸੀ ਹੋ ਜਾਣਗੇ ਤੇ ਕਿਰਤ ਦੀ ਥਾਂ ਜੰਜਾਲ ਵਸ ਪੈ ਜਾਣਗੇ।[116] ਇਸੇ ਤਰ੍ਹਾਂ ਜਦੋਂ ਭਾਈ ਭਲਾ ਰਾਮ ਜੀ ਨੇ ਵਪਾਰ ਕਰਨਾ ਚਾਹਿਆ ਤਾਂ ਭਾਈ ਆਇਆ ਰਾਮ ਜੀ ਨੇ ਉਪਦੇਸ਼ ਦਿਤਾ ਕਿ ਮੁੰਢ ਦੀ ਕਿਰਤ ਬਿਨ੍ਹਾਂ ਹੋਰ ਵਪਾਰ ਕਰੋਗੇ ਤਾਂ ਠੀਕ ਨਹੀਂ ਹੋਵੇਗਾ।[117] ਕਿਰਤ ਵਿਚ ਈਮਾਨਦਾਰੀ ਹੋਵੇ ਤੇ ਧਰਮ ਦੀ ਕਿਰਤ ਹੋਵੇ, ਇਹ ਸੇਵਾ ਪੰਥੀ ਸਾਧੂਆਂ ਦਾ ਮੁਖ ਕਰਮ ਰਿਹਾ।

ਕਿਰਤ ਦੀ ਸੀਮਾ ਬਾਰੇ ਸਾਧੂਆਂ ਦਾ ਵਿਚਾਰ ਸੀ ਕਿ ਜਿੰਨ੍ਹੇ ਨਾਲ ਸੌਖਾ ਗੁਜ਼ਾਰਾ ਚਲੇ, ਕਿਰਤ ਉਨ੍ਹੀ ਹੀ ਕਰਨੀ ਚਾਹੀਦੀ ਹੈ। ਜਮ੍ਹਾਂ ਨਾ ਕਰਨਾ ਤੇ ਵਿਸਤਾਰ ਤੋਂ ਗੁੰਜਾਇਸ਼ ਕਰਨਾ ਇਸ ਕਿਰਤ ਦੇ ਮੁਖ ਲਛਣ ਰਹੇ। ਭਾਈ ਲਾਲ ਚੰਦ ਜੀ ਦੇ ਸ਼ਬਦਾਂ ਵਿਚ :

“ਭਾਈ ਜੀ ਬਚਨ ਕੀਆ। ਜੌ ਸਭ ਸਾਧ ਜੈਸੇ ਰਹਿਤੇ ਹੈ ਤੈਸੇ ਰਹੋ। ਸੋ ਸਭ ਆਪਨੀ ਰੋਟੀ ਕੀ ਗੁਜਰਾਨ ਕਰ ਲੈਤੇ ਹੈ ਕਿਸੀ ਕਿਰਿਆ ਦੁਆਰੇ। ਤੈਸੇ ਕਾਈ ਕਿਰਤ ਜੇਹੜੀ ਹੋਇ ਆਵੇ ਸਾਈ ਕਰਕੇ ਪਹਿਰ ਕੇ ਘਟ ਵਧ ਕਾਈ ਘੜੀ ਲਗਾਇਕੇ ਗੁਜਾਰਨ ਕਰ ਲੈਣੀ। ਅਰ ਕਥਾ ਕੀਰਤਨ ਕੇ ਸਮੇਂ ਸਾਧਸੰਗਤਿ ਮੈ ਹਾਜਰ ਰਹਣਾ।”[118]

ਭਾਈ ਅਡਣ ਜੀ ਦਾ ਬਚਨ ਸੀ ਕਿ “ਈਹਾਂ {ਇਸ ਪੰਥ ਵਿਚ} ਵਹੁ ਰਹੇ ਜੋ ਮਾਯਾ ਕੀ ਚਤੁਰਾਈ ਤੋਂ ਇਲਾਵਾ ਹੋਵੇ”[119], ਉਨ੍ਹਾਂ ਅਨੁਸਾਰ ਜੇਕਰ ਮਾਇਆ ਵਧੇਰੇ ਖਟ ਲਈਏ ਤਾਂ ਜੰਜਾਲ ਹੀ ਪਸਰਦਾ ਹੈ।[120]

ਉਪਰੋਕਤ ਤੋਂ ਸਪਸ਼ਟ ਹੈ ਕਿ ਸੇਵਾ ਪੰਥੀ ਸਾਧੂਆਂ ਨੇ ਕਿਰਤ ਨੂੰ ਧਰਮ ਸਮਝ ਕੇ ਅਪਣਾਇਆ ਤੇ ਇਸ ਦੀ ਕਮਾਈ ਵਿਚ ਸੀਮਾ ਰਖਕੇ ਇਸ ਨੂੰ ਮਾਇਆ ਦਾ ਧੰਦਾ ਹੋਣ ਤੋਂ ਬਚਾਈ ਰਖਿਆ ਅਤੇ ਆਤਮਿਕ ਜੀਵਨ ਦਾ ਸਾਧਨ ਬਣਾ ਕੇ ਕਿਰਤ ਨੂੰ ਸੁਕ੍ਰਿਤ ਬਣਾਈ ਰਖਿਆ। ਇਸੇ ਪ੍ਰਸੰਗ ਵਿਚ ਹੀ ਬਾਕੀ ਸੰਪਰਦਾਵਾਂ ਵੀ ਇਸ ਸਿਧਾਂਤ ਤੋਂ ਪਰ੍ਹੇ ਨਹੀਂ ਗਈਆਂ, ਭਾਵੇਂ ਵਰਤਮਾਨ ਸਥਿਤੀ ਹੋਰ ਹੋ ਗਈ ਹੈ।

116. ਭਾਈ ਲਾਲ ਚੰਦ, *ਸ੍ਰੀ ਸੰਤ ਰਤਨਮਾਲਾ*, ਪੂਰਵ ਅੰਕਿਤ, ਪੰਨਾ 74.

117. *ਉਹੀ*, 395.

118. *ਉਹੀ*, 152.

119. *ਉਹੀ*।

120. *ਉਹੀ*।



## ਅਧਿਆਇ ਪੰਜਵਾਂ
## ਤੁਲਨਾਤਮਕ ਅਧਿਐਨ

**ਜੀ**ਵਨ ਦੇ ਵਿਹਾਰਕ ਤੇ ਜੀਵੰਤ ਮਸਲਿਆਂ ਨਾਲ ਜੁੜਿਆ ਸੰਸਾਰ ਦਾ ਕੋਈ ਵੀ ਅਸਲ ਧਰਮ ਜਾਂ ਫਿਲਾਸਫੀ, ਕਿਰਤ ਦੇ ਸਿਧਾਂਤ ਜਾਂ ਵਿਹਾਰ ਤੋਂ ਟੁਟਿਆ ਹੋਇਆ ਨਹੀਂ, ਪਰ ਸਭ ਦਾ ਦ੍ਰਿਸ਼ਟੀਕੋਣ ਇਸ ਪ੍ਰਤੀ ਆਪਣੇ ਪ੍ਰਸੰਗ ਤੇ ਪਿਛੋਕੜ ਵਾਲਾ ਹੈ। ਇਥੇ ਵੇਦੀ ਤੇ ਕਤੇਬੀ ਪਰੰਪਰਾ ਦੇ ਕੁਝ ਮੁਖ ਧਰਮਾਂ ਦੇ ਕਿਰਤ ਸੰਬੰਧੀ ਵਿਚਾਰ ਗੁਰਮਤਿ ਦੇ ਤੁਲਨਾਤਮਕ ਸੰਦਰਭ ਵਿਚ ਜਾਣਨ ਦੀ ਸਾਧਾਰਨ ਕੋਸ਼ਿਸ਼ ਕੀਤੀ ਜਾ ਰਹੀ ਹੈ।

ਵੇਦੀ ਪਰੰਪਰਾ ਦਾ ਸਭ ਤੋਂ ਮੁਢਲਾ ਤੇ ਪ੍ਰਮੁਖ ਮਤਿ ਵੇਦਿਕ ਮਤਿ ਹੈ, ਜਿਸ ਦਾ ਸਮਕਾਲੀ ਰੂਪ ਹਿੰਦੂ ਮਤਿ ਹੈ। ਮੁਢਲੇ ਹਿੰਦੂ ਮਤਿ ਵਿਚ ਧਰਮ ਤੇ ਸੰਸਾਰ ਪਰਸਪਰ ਵਿਰੋਧੀ ਤਤ ਸਨ, ਇਸ ਕਰਕੇ 'ਕਿਰਤ' ਦਾ ਕੋਈ ਸਿਧਾ ਤਾਲਮੇਲ ਹੋਂਦ ਵਿਚ ਅਉਣਾ ਸੁਭਾਵਿਕ ਨਹੀਂ ਸੀ। ਇਥੇ ਅਧਿਆਤਮਕ ਪ੍ਰਾਪਤੀ ਲਈ ਨਿਵਿਰਤੀ ਮਾਰਗ ਅਪਣਾਇਆ ਗਿਆ।[1] ਇਸ ਤਿਆਗੀ ਮਾਰਗ ਵਿਚ ਕੰਮਕਾਜ ਦੀ ਕੋਈ ਥਾਂ ਨਾ ਹੋਣ ਕਾਰਨ ਹਜ਼ਾਰਾਂ 'ਵਿਹਲੜ' (ਸੰਨਿਆਸੀ) ਵਰਗ ਪੈਦਾ ਹੋ ਗਏ।

ਹਿੰਦੂ ਮਤਿ ਦੀਆਂ ਚੀੜ੍ਹੀਆਂ ਸੰਸਥਾਵਾਂ ਜਾਤੀ ਤੇ ਵਰਣ ਨੇ ਨੀਵੀਆਂ ਜਾਤਾਂ ਨੂੰ ਕਿਸੇ ਮੁਕਾਮ 'ਤੇ ਵੀ ਅਗੇ ਨਹੀਂ ਆਉਣ ਦਿਤਾ, ਇਸ ਕਰਕੇ ਕਿਰਤੀ ਕਿਸਾਨ ਲੋਕ 'ਉਚ ਜਾਤੀ’ ਦੇ ਲੋਕਾਂ ਦੇ ਇਤਿਹਾਸ ਦਾ ਹਿਸਾ ਨਹੀਂ ਬਣ ਸਕੇ। ਇਸ ਤਰ੍ਹਾਂ ਭਾਰਤ ਦੇ ਮੁਢਲੇ ਸਾਹਿਤ , ਸੰਸਕ੍ਰਿਤ/ਪਾਲੀ ਵਿਚ ਉਚ-ਜਾਤ, ਉਚ-ਵਰਗ , ਉਚ-ਪਰਿਵਾਰ ਜਾਂ ਉਚ-ਵੰਸ਼ ਦਾ ਹੀ ਜ਼ਿਕਰ ਮਿਲਦਾ ਹੈ, ਹੀਣੇ ਲੋਕਾਂ ਦਾ ਨਹੀਂ।[2]

ਬ੍ਰਹਮਣ ਵਰਗ, ਜਿਨ੍ਹਾਂ ਆਪਣੇ ਆਪ ਨੂੰ ਉਚੇ ਤੇ ਪਵਿਤਰ (ਦੇਵਤੇ) ਘੋਸ਼ਿਤ ਕੀਤਾ, ਐਨੇ ਸ਼ਕਤੀਸ਼ਾਲੀ ਬਣ ਗਏ ਕਿ ਰਾਜੇ ਵੀ ਉਨ੍ਹਾਂ ਦਾ ਭੈ ਮੰਨਦੇ ਸਨ। ਇਸ ਨੂੰ ਜਨਮ ਸਿਧ ਅਧਿਕਾਰ ਘੋਸ਼ਤ ਕਰ ਦਿਤਾ ਗਿਆ। ਉਪਰੰਤ ਆਪਣੀ ਉਚਤਮਾਂ ਨੂੰ ਦਿਬ ਨਾਲ ਜੋੜਿਆ, ਕਿਹਾ ਕਿ ਰਿਗਵੇਦ ਵਿਚ ਲਿਖਿਆ ਹੈ।[3]

1. परशुराम चतुरवेदी, *संत साहितय के प्रेरणा स्रोत*, प्रृ. १५८.

2. *The Book of Middle Length Sayings* (*tr. from Pali The Majjhima Nikaya*) , (tr.) I.B. Horner, vol.2, p.103.

3. ਵਿਸਤਾਰ ਲਈ ਵੇਖੋ: ਗੁਰਨਾਮ ਸਿੰਘ ਮੁਕਤਸਰ, *ਭਾਰਤੀ ਲੋਕ ਨੀਚ ਕਿਵੇਂ ਬਣੇ*, ਬਹੁਜਨ ਸਮਾਜ ਪ੍ਰਕਾਸ਼ਕ, ਜਲੰਧਰ, 2005 (ਸਤਵੀਂ ਵਾਰ)।

ਪੁਰਸ਼, ਨਿਸ਼ਾਦ, ਵੇਣ, ਚੰਡਾਲ ਆਦਿ (ਕਬੀਲਾ) ਲੋਕ ਜਿਹੜੇ ਅਸਲ ਵਿਚ ਕਿਰਤੀ ਲੋਕ ਸਨ, ਉਹ ਕੀੜੇ-ਮਕੌੜਿਆਂ ਤੋਂ ਵਧੇਰੇ ਅਹਿਮੀਅਤ ਨਹੀਂ ਸਨ ਰਖਦੇ।[4] ਉਕਤ ਵਿਚਾਰਾਂ ਤੋਂ ਸਿਟਾ ਕਢਿਆ ਜਾ ਸਕਦਾ ਹੈ ਕਿ ਵੇਦਿਕ ਮਤਿ ਵਿਚ ਸਚੀ ਕਿਰਤ ਕਮਾਈ ਬਾਰੇ ਸਾਨੂੰ ਕੋਈ ਨਿਰਣੇਜਨਕ ਮੂਲ ਹਵਾਲਾ ਉਪਲਬਧ ਨਹੀਂ, ਜਿਸ ਦੇ ਆਧਾਰ ਤੇ ਵਿਹਾਰਕ ਇਤਿਹਾਸ ਜਾਣਿਆ ਜਾ ਸਕੇ, ਪਰ ਉਸ ਮੌਕੇ ਦੇ ਕਿਤਿਆਂ ਦੇ ਵੇਰਵੇ ਜ਼ਰੂਰ ਉਪਲਬਧ ਹੋ ਜਾਂਦੇ ਹਨ।[5] ਆਮ ਤੌਰ 'ਤੇ ਕਿਰਤ ਕਮਾਈ ਤੇ ਕਿਰਤੀਆਂ ਨੂੰ ਇਸ ਮਤਿ ਨੇ ਕੋਈ ਮਾਣਯੋਗ ਥਾਂ ਨਹੀਂ ਦਿਤੀ। ਬ੍ਰਹਮਣ ਨੇ ਯਗ ਕਰਨੇ/ਕਰਾਉਣੇ, ਦਾਨ ਪੁੰਨ, ਬਲੀਆਂ ਆਦਿ ਕਰਮਕਾਂਡਾਂ ਨੂੰ ਹੀ ਆਪਣੇ ਖਾਤੇ ਵਿਚ ਰਖਿਆ ਤੇ ਬਹੁਤ ਸਾਰੇ ਪੇਸ਼ਿਆਂ ਨੂੰ ਅਸ਼ੁਧ ਘੋਸ਼ਿਤ ਕਰ ਦਿਤਾ ਗਿਆ।[6]

ਹਿੰਦੂ ਪੁਰਸ਼ਾਰਥ ਪ੍ਰਣਾਲੀ ਵਿਚ ਧਰਮ, ਅਰਥ, ਕਾਮ, ਮੋਕਸ਼ ਵਿਚੋਂ 'ਅਰਥ' ਦੌਲਤ ਜਾਂ ਆਰਥਿਕ ਖੁਸ਼ਹਾਲੀ ਤੇ ਕਿਰਤ ਨਾਲ ਸੰਬੰਧਿਤ ਪ੍ਰਬੰਧ ਨੂੰ ਸੰਕੇਤਕ ਹੈ। ਵਰਣਾਸ਼ਰਮ ਪਰੰਪਰਾ ਨੇ 'ਅਰਥ' ਨੂੰ ਵੀ ਹੋਰਨਾਂ ਪ੍ਰਬੰਧਾਂ ਵਾਂਗ 'ਧਰਮ' ਰਾਹੀਂ ਪ੍ਰੀਭਾਸ਼ਤ ਤੇ ਨਿਸ਼ਚਤ ਕੀਤਾ। ਚਾਰ ਆਸ਼ਰਮਾਂ-ਬ੍ਰਹਮਚਾਰੀ, ਗ੍ਰਹਿਸਤ, ਬਾਣਪ੍ਰਸਤ ਤੇ ਸੰਨਿਆਸ ਵਿਚੋਂ ਗ੍ਰਹਿਸਤ; ਦੂਜਾ ਆਸ਼ਰਮ, ਰਿਣ ਲਾਹੁਣ ਵਾਲਾ ਆਸ਼ਰਮ ਹੈ, ਜਿਸ ਵਿਚ ਗ੍ਰਹਿਸਥੀ ਘਰੇਲੂ ਜੀਵਨ ਜਿਉਂਦਾ ਹੋਇਆ ਕਈ ਪ੍ਰਕਾਰ ਦੀ ਕਿਰਤ ਕਰਦਾ ਹੈ।[7] ਪਰ ਇਸ 'ਵਰਣਾਸ਼ਰਮ' ਪ੍ਰਬੰਧ ਨੇ ਕਿਸੇ ਕਿਸਮ ਦੇ ਕੰਮ ਕਰਨ ਦੇ ਉਨ੍ਹਾਂ ਢੰਗਾਂ ਤੇ ਵਿਚਾਰ ਨਹੀਂ ਦਿਤੇ, ਜਿਨ੍ਹਾਂ ਦਾ ਸੰਬੰਧ ਈਮਾਨ ਜਾਂ ਬੇਈਮਾਨੀ ਦੀ ਕਿਰਤ ਨਾਲ ਹੋਵੇ। ਉਂਞ ਲੋੜ ਤੋਂ ਵਧੇਰੇ ਧਨ ਇਕਠਾ ਕਰਨਾ ਗਲਤ ਸਮਝਿਆ ਗਿਆ ਤੇ ਵਾਧੂ ਧਨ ਨੂੰ ਯਗਾਂ ਆਦਿਕ ਜਾਂ ਦਾਨ ਉਤੇ ਲਾ ਦੇਣਾ ਠੀਕ ਮੰਨਿਆ ਗਿਆ।[8]

ਗੀਤਾ ਤਕ ਪਹੁੰਚਿਆ 'ਕਰਮ' ਦਾ ਫਲਸਫਾ ਸਾਹਮਣੇ ਆਇਆ ਤੇ ਕਰਮ/ਕੰਮ ਨੂੰ ਇਸ ਗ੍ਰੰਥ ਨੇ ਵਧੇਰੇ ਨਿਸ਼ਕਾਮ ਕਰਮ ਦੇ ਅਰਥਾਂ ਵਿਚ ਲਿਆ। ਫਲ ਅਤੇ ਬੰਧਨ ਨੂੰ ਤਿਆਗ ਕੇ ਪ੍ਰਭੂ ਗਿਆਨ ਅਨੁਸਾਰ ਕਰਮ ਕਰਨਾ, ਕਰਨ ਯੋਗ ਕੰਮ ਮੰਨਿਆ ਗਿਆ।[9] ਗੀਤਾ ਵਿਚ ਕਰਮ/ਕੰਮ ਨੂੰ ਮੁਖ ਤੌਰ ਤੇ ਤਿੰਨ ਭਾਗਾਂ - ਸਾਤਵਿਕ; ਰਾਜਸੀ; ਤਾਮਸੀ ਵਿਚ ਵੰਡਿਆ ਗਿਆ ਤੇ ਸਾਤਵਿਕ ਕੰਮਾਂ ਨੂੰ ਉਤਮ ਮੰਨਿਆ।[10]

ਵੇਦੀ ਪਰੰਪਰਾ ਦੇ ਨਾਸਤਿਕ ਮਤਾਂ ਵਿਚ ਪਹਿਲਾ ਤੇ ਅਹਿਮ ਧਰਮ, ਜੈਨ ਧਰਮ ਹੈ,

---

4. See: R.S.Sharma, *Sudras in Ancient India*, pp 140-45; *The Book of Gradual Sayings* (tr. from pali), tr. E.L.Woodward, vol.2, p.85.
5. R.C.Dutt, *A History of Civilization in Ancient India,* pp. 105-07.
6. G.S.Ghurye, *Castes and Class in India,* p.159.
7. P.H.Prabhu, *Hindu Social Organization,* pp. 80-90.
8. ਜੀ.ਐਸ.ਭਟਨਾਗਰ, *ਭਾਰਤੀ ਸਮਾਜ*, ਪੰਨਾ 25.
9. ਅਧਿ. III, ਸਲੋਕ ੩.
10. ਅਧਿ.੧੪, ਸਲੋਕ ੫-੧੯.



ਜਿਸ ਵਿਚ ਕਰਮ ਜਾਂ ਕਿਰਤ ਨੂੰ ਸ਼ੁਧ ਗਿਆਨ ਨਾਲ ਹੀ ਸੰਬੰਧਿਤ ਕੀਤਾ ਗਿਆ। ਜੈਨ ਧਰਮ ਦੇ ਤਿੰਨ ਸਦਗੁਣਾਂ (ਰਤਨਾਂ)- ਸ਼ੁਧ ਗਿਆਨ; ਸ਼ੁਧ ਵਿਸਵਾਸ਼; ਸ਼ੁਧ ਆਚਰਣ ਵਿਚ ਸ਼ੁਧ ਕੰਮ (ਸਚੀ ਕਿਰਤ) ਸ਼ਾਮਿਲ ਨਹੀਂ, ਪਰ ਜੈਨ ਸੂਤਰਾਂ ਵਿਚ ਦੱਸੇ ਵ੍ਰਤਾਂ ਵਿਚ ਇਸ ਨੂੰ ਸ਼ਾਮਿਲ ਕੀਤਾ ਗਿਆ ਹੈ, ਜਿਵੇਂ *ਤਤਵਾਰਥ ਸੂਤਰ* ਵਿਚ ਦੱਸਿਆ ਹੈ ਕਿ ਹਿੰਸਾ, ਚੋਰੀ, ਮੈਥੁਨ ਤੇ ਪਰਗ੍ਰਿਹ (ਦੂਜੇ ਦਾ ਮਾਲ ਚੁਰਾਣ) ਦੁਆਰਾ ਮਨੁਖ ਦਾ ਵਿਘਟਨ ਹੋ ਜਾਂਦਾ ਹੈ।[11] ਭਾਵ ਉਕਤ ਕੰਮ/ਕਾਰਜ ਮਾੜੇ ਹਨ।

ਬੁਧ ਧਰਮ, ਭਾਰਤ ਦਾ ਪਹਿਲਾ ਅਜਿਹਾ ਧਰਮ ਹੈ ਜਿਸਨੇ ਨਿਮਨ ਲੋਕਾਂ ਦੀ ਬਾਂਹ ਫੜੀ ਤੇ ਜਿਸ ਨਾਲ ਕਿਰਤ ਨੂੰ ਮਹਤਵ ਮਿਲਿਆ। ਮਹਾਤਮਾ ਬੁਧ, ਜੋ ਇਸ ਮਤਿ ਦੇ ਸੰਸਥਾਪਕ ਤੇ ਮਹਾਂਮਾਨਵ ਸਨ, ਨੇ ਬ੍ਰਹਮਣੀ ਕਲਚਰ ਦੀ ਹਠਧਰਮੀ ਨੂੰ ਰਦ ਕੇ ਆਮ ਲੋਕਾਂ ਦੀ ਗਲ ਕੀਤੀ। ਉਨ੍ਹਾਂ 'ਜਾਤ' ਨਾਲ ਜੋੜੇ ਗਏ ਪ੍ਰਬੰਧ ਨੂੰ ਰਦ ਕੇ ਸਪਸ਼ਟ ਕੀਤਾ ਕਿ ਸਮਾਜ ਵਿਚ ਮਨੁਖ ਦੀ ਸਖਿਤੀ ਦਾ ਆਧਾਰ ਉਸਦਾ ਕਰਮ (ਕੰਮ) ਬਣਦਾ ਹੈ, ਉਸਦਾ ਰਵਈਆ ਉਸਨੂੰ ਉਚਾ-ਨੀਵਾਂ ਬਣਾਉਂਦਾ ਹੈ। ਉਨ੍ਹਾਂ ਕਿਹਾ "ਨੈਤਿਕ ਤੌਰ ਤੇ ਉਚਤਮ ਰਵਈਆ (ਕਾਰਜ ਕ੍ਰਿਆ) ਧਾਰਨ ਵਾਲਾ ਮਨੁਖ ਸ਼੍ਰੇਸ਼ਠ ਹੈ"।[12] ਕਰਮ-ਫਲ ਵਿਚ ਜਾਤ ਦੀ ਕੋਈ ਭੂਮਿਕਾ ਨਹੀਂ। *ਅਸੁਲਯਨਸੁਤ* ਵਿਚ ਉਨ੍ਹਾਂ ਕਿਹਾ ਕਿ ਚਾਰੇ ਜਾਤਾਂ ਸਦਗੁਣ ਦਾ ਪਾਲਣ ਕਰ ਸਕਦੀਆਂ ਤੇ ਸ਼ੁਧਤਾ (ਚਤੁਵਣਿੰ ਸੁਧਿੰ) ਪ੍ਰਾਪਤ ਕਰ ਸਕਦੀਆਂ ਹਨ।[13]

ਬੌਧ ਦਰਸ਼ਨ ਦੀ ਦ੍ਰਿਸ਼ਟੀ ਵਿਚ ਜੋ ਵੀ ਕੰਮ ਕੀਤਾ ਜਾਂਦਾ ਹੈ ਉਸਦਾ ਕੋਈ ਜਾਤੀਗਤ ਜਾਂ ਵੰਸ਼ਾਗਤ ਮਹਤਾ ਨਹੀਂ।[14] ਇਸੇ ਵਿਚਾਰ ਦੇ ਆਧਾਰ 'ਤੇ ਉਨ੍ਹਾਂ (ਮਹਾਤਮਾ ਬੁਧ) ਨੇ ਸੰਘ (ਬੁਧ ਪੰਥ/ਸੰਗਤ)ਲਈ ਹਰ ਕਿਸਮ ਦੇ ਕੰਮਕਾਜੀ ਲੋਕਾਂ ਲਈ ਦਰਵਾਜੇ ਖੁਲ੍ਹੇ ਰਖੇ, ਚਾਹੇ ਉਹ ਕਿਸੇ ਵੀ ਜਾਤ ਦੇ ਹੋਣ। ਸੰਘ ਨੇ ਵਿਹਾਰ ਵਿਚ ਪ੍ਰਗਟ ਕੀਤਾ ਕਿ ਚੰਗੇ ਕਰਮ (ਕੰਮ) ਕਰਕੇ ਆਪਣੀ ਦਸ਼ਾ ਸੁਧਾਰੀ ਜਾ ਸਕਦੀ ਹੈ। ਅਸ਼ਵਘੋਸ਼ ਕਹਿੰਦੇ ਹਨ ਕਿ "ਚਾਰੇ ਵਰਣਾਂ ਵਾਲਾ ਸਿਧਾਂਤ ਗਲਤ ਹੈ, ਮਨੁਖਾਂ ਦੀ ਇਕੋ ਜਮਾਤ ਹੈ।"[15] ਸਮਕਾਲੀ ਜਾਂ ਮੂਲ ਗ੍ਰੰਥਾਂ ਉਤੇ ਆਧਾਰਿਤ ਕੀਤੇ ਵਿਸ਼ਲੇਸ਼ਣ[16] ਸਪਸ਼ਟ ਕਰਦੇ ਹਨ ਕਿ ਭਾਵੇਂ ਥੋੜਾ ਹੀ ਸਹੀ, ਪਰ ਸੰਘ ਵਿਚ ਨਿਮਨ ਜਾਤੀਆਂ ਤੇ ਨਿਮਨ ਕਿਰਤ ਕਰਨ ਵਾਲੇ ਲੋਕਾਂ ਦਾ ਦਾਖਲਾ ਵਧ ਰਿਹਾ ਸੀ।

ਸਾਮੀ ਪਰੰਪਰਾ ਦੇ ਪ੍ਰਮੁਖ ਤਿੰਨ ਧਰਮਾਂ -ਯਹੂਦੀ, ਇਸਾਈ ਤੇ ਇਸਲਾਮ ਵਿਚ ਕਿਰਤ

---

11. वाचक उमास्वातिवितचित, *तत्वार्थ सूत्र*, (विवेचक) सुखलाल संधवी, (संपा.) सोहनलाल मेहता, अधि/बंद ७/१, पृ. १६६.
12. *Dialogues of the Buddha* (tr. from pali), T.W.J.C.A.F, vol.I, p.99.
13. *The Book o f Middle Length Sayings* (tr. from origine pali), by I.B.Horner, vol.II, p.147.
14. M.E.Spiro, *Budhism and Society,* pp. intro.
15. H.H.Wilson, *Indian Caste,* p.202 (f.n.)
16. ਵੇਖੋ: ਕਰਮਤੇਜ ਸਿੰਘ ਸਰਾਓ, *ਪ੍ਰਾਚੀਨ ਭਾਰਤੀ ਬੁਧ ਧਰਮ,* ਪੰਨਾ 139.

ਦੇ ਕਈ ਸੰਦਰਭ ਪ੍ਰਾਪਤ ਹੁੰਦੇ ਹਨ। ਸਾਮੀ ਪਰੰਪਰਾ ਦੇ ਸਭ ਤੋਂ ਮੁਢਲੇ ਧਰਮ, ਯਹੂਦੀ ਦੀ ਧਰਮ ਪੁਸਤਕ *ਪੁਰਾਣਾ ਅਹਿਦਨਾਮਾ* (old testament) ਵਿਚ ਸਰੀਰਕ ਤੇ ਮਾਨਸਿਕ ਕਿਰਤ ਦੇ ਕੁਝ ਸੰਕੇਤਾਂ ਤੋਂ ਬਿਨ੍ਹਾਂ ਕੁਝ ਫੁਰਮਾਣ-ਨੁਮਾ ਸਿਧਾਂਤ ਵੀ ਪ੍ਰਾਪਤ ਹੁੰਦੇ ਹਨ।

ਪੁਸਤਕ 'ਕੂਚ' (exodus) ਵਿਚ ਕਿਹਾ ਗਿਆ ਹੈ ਕਿ ਪਰਮਾਤਮਾ ਨੇ ਸਤ ਦਿਨਾਂ ਵਿਚੋਂ, ਛੇ ਦਿਨ ਕੰਮ, ਕਾਜ, ਮਿਹਨਤ ਕਰਨ ਲਈ ਦਿਤੇ ਹਨ ਤੇ ਸਤਵਾਂ ਦਿਨ ਆਪਣੇ ਲਈ (ਭਾਵ ਬੰਦਗੀ) ਲਈ ਰਾਖਵਾਂ ਕੀਤਾ ਹੈ।[17] ਲਿਖਿਆ ਹੈ ਕਿ ਯਾਹੋਵਾ (ਯਹੂਦੀ ਪਰਮਾਤਮਾ) ਆਪ ਕਿਰਤੀ ਹੈ, ਉਹ ਐਨੇ ਕੰਮ ਕਰਦਾ ਹੈ ਕਿ ਧਰਤੀ ਉਸਦੀ ਰਚਨਾ ਨਾਲ ਭਰੀ ਪਈ ਹੈ, ਮਨੁਖ ਸਵੇਰੇ ਤੋਂ ਸ਼ਾਮ ਤਕ ਮਿਹਨਤ ਮਜ਼ਦੂਰੀ ਉਸੇ ਦੀ ਰਚਨਾ ਵਿਚ ਕਰਦਾ ਹੈ।[18] 'ਉਪਦੇਸ਼ਕ ਪੋਥੀ' (ecclesiastes) ਅਨੁਸਾਰ ਮਿਹਨਤ; ਬੁਧਿ ਜਾਂ ਜਾਇਦਾਦ ਵਿਅਰਥ ਹਨ ਜੇ ਰੱਬ ਵਲ ਧਿਆਨ ਨਹੀਂ ਲੈ ਕੇ ਜਾਂਦੇ,[19] ਭਾਵ ਜਿਹੜੇ ਕੰਮ ਰੱਬ ਨਾਲ ਨਹੀਂ ਜੋੜਦੇ, ਉਹ ਸਾਰੇ ਵੇਕਾਰ ਹਨ। ਜਿਹੜਾ ਰੱਬ (ਯਾਹੋਵਾ) ਦੇ ਰਾਹ ਚਲਦਾ ਹੈ, ਉਹ ਆਪਣੇ ਹਥਾਂ ਦੀ ਕਮਾਈ ਜ਼ਰੂਰ ਖਾਂਦਾ ਹੈ।[20]

ਸਾਮੀ ਪਰੰਪਰਾ ਦਾ ਦੂਸਰਾ ਵਡਾ ਧਰਮ ਈਸਾਈ ਧਰਮ ਹੈ, ਜਿਸਦੇ ਸੰਸਥਾਪਕ ਈਸਾ ਮਸੀਹ (ਯੀਸੂ ਮਸੀਹ) ਹੋਏ ਹਨ। ਇਸ ਧਰਮ ਦੀ ਧਾਰਮਿਕ ਪੁਸਤਕ ਨੂੰ *ਨਵਾਂ ਅਹਿਦਨਾਮਾ* (new testament) ਕਹਿੰਦੇ ਹਨ। ਬਾਈਬਲ ਦੀ ਨਵੀਂ ਪੋਥੀ (new testament) ਵਿਚ ਮਕਦੂਨਿਯ ਦੇ ਲੋਕਾਂ ਨੂੰ ਉਪਦੇਸ਼ ਦਿੰਦੇ ਹੋਏ ਕਿਹਾ ਗਿਆ ਹੈ ਕਿ "ਤੁਸੀਂ ਵਧਦੇ ਜਾਓ...ਆਪੋ ਆਪਣੇ ਕੰਮ ਧੰਦੇ ਕਰਨ ਅਤੇ ਆਪਣੇ ਹਥੀਂ ਮਿਹਨਤ ਕਰਨ ਦੀ ਧਾਰਨਾ ਭਰੋ"[21] ਯੂਹੰਨਾ ਦੀ ਪੋਥੀ ਦਸਦੀ ਹੈ ਕਿ ਸਾਨੂੰ ਨਾਸ਼ ਹੋਣ ਵਾਲੇ ਭੋਜਨ/ਕੰਮ ਲਈ ਮਿਹਨਤ ਕਰਨ ਦੀ ਲੋੜ ਨਹੀਂ।[22] ਹਰੇਕ ਕੋਈ ਆਪਣੀ-ਆਪਣੀ ਮਿਹਨਤ ਦਾ ਫਲ ਪਾਵੇਗਾ, ਅਸੀਂ ਪਰਮੇਸ਼ਰ ਦੀ ਖੇਤੀ ਹਾਂ[23], ਇਸ ਕਰਕੇ ਸਾਡਾ ਖਾਣਾ-ਪੀਣਾ ਪਰਮੇਸ਼ਰ ਦੀ ਵਡਿਆਈ ਲਈ ਹੋਣਾ ਚਾਹੀਦਾ ਹੈ।[24] ਚੋਰੀ ਆਦਿਕ ਕੰਮਾਂ ਤੋਂ ਪਰਹੇਜ਼ ਕਰਕੇ 'ਨਿਹਚਾ ਦਾ ਕੰਮ ਤੇ ਪ੍ਰੇਮ ਦੀ ਮਿਹਨਤ'[25] ਨਾਲ ਭਗਤੀ ਵਰਗੀ ਸਾਧਨਾ ਹੋ ਜਾਂਦੀ ਹੈ।[26]

ਸਾਮੀ ਪਰੰਪਰਾ ਦਾ ਆਖਰੀ ਤੇ ਵਡਾ ਧਰਮ ਇਸਲਾਮ ਹੈ, ਜਿਸਦੇ ਬਾਨੀ ਹਜ਼ਰਤ ਮੁਹੰਮਦ

17. *ਦਸ ਹੁਕਮ*, ਅਧਿ.20, ਬੰਦ 9.
18. *ਜ਼ਬੂਰਾਂ ਦੀ ਪੋਥੀ (psalms)*, ਅਧਿ. 104, ਬੰਦ 23.
19. ਅਧਿ.2, ਬੰਦ 11.
20. *ਜ਼ਬੂਰਾਂ ਦੀ ਪੋਥੀ (psalms)*, ਅਧਿ. 128, ਬੰਦ 2.
21. *ਪੋਲੁਸ ਰਸੂਲ ਦੀ ਪਹਿਲੀ ਪਤ੍ਰੀ*, ਥਸਲੁਨੀਕੀਆ (thessalonians) ਨੂੰ, ਅਧਿ. 4, ਬੰਦ 11.
22. *ਜੌਹਨ*, ਅਧਿ. 6, ਬੰਦ 27.
23. *ਕੁਰਿੰਥੀਆ*, ਪਹਿਲੀ ਪਤ੍ਰੀ (first corintnnians), ਅਧਿ. 3, ਬੰਦ 9.
24. *ਉਹੀ*, ਅਧਿ. 10.
25. *ਪੋਲੁਸ ਰਸੂਲ ਦੀ ਪਹਿਲੀ ਪਤ੍ਰੀ* (ਥਸਲੁਨੀਕੀਆਂ ਨੂੰ, thessalonians), ਅਧਿ.1, ਬੰਦ 3.
26. *ਤਿਮੋਥਿਉਸ (timothy first)*, ਅਧਿ. 4, ਬੰਦ 7.



ਸਾਹਿਬ ਹਨ। ਇਸਲਾਮ ਦੀ ਪਵਿਤਰ ਧਾਰਮਿਕ ਪੁਸਤਕ *ਕੁਰਆਨ ਮਜੀਦ* ਵਿਚ ਨੇਕੀ ਦੀ ਕਿਰਤ ਬਾਰੇ ਵਿਸਤਾਰ ਸਹਿਤ ਵਰਣਨ ਮਿਲਦਾ ਹੈ। ਸੂਰਾ 'ਅਰ-ਰਮ' (ar-rum) ਅਨੁਸਾਰ ਜਿਨ੍ਹਾਂ ਲੋਕਾਂ ਨੇ ਸ਼ੁਭ ਕਰਮ (ਕੰਮ) ਕੀਤਾ ਹੈ, ਉਹ ਆਪਣੇ ਲਈ ਸਫ਼ਲਤਾ ਦਾ ਰਾਹ ਲਭ ਲੈਂਦੇ ਹਨ ਤੇ ਅਜਿਹੇ ਭਲੇ ਕੰਮਾਂ ਵਾਲਿਆਂ ਨੂੰ ਅਲਾਹ ਦਿਆਲਤਾ ਦਿੰਦਾ ਹੈ।[27] *ਕੁਰਆਨ* ਅਨੁਸਾਰ ਜਿਹੜਾ ਵੀ ਭਲਾਈ ਕਰੇਗਾ ਉਹ ਅਸਲ ਆਪਣੇ ਲਈ ਹੀ ਭਲਾਈ ਕਰੇਗਾ; ਜੋ ਬੁਰਾਈ ਕਰੇਗਾ, ਉਸਦਾ ਦੋਸ਼ ਉਸੇ 'ਤੇ ਹੋਵੇਗਾ।[28] ਭਾਵ ਚੰਗਾ-ਮਾੜਾ ਜੋ ਮਨੁਖ ਕਰਦਾ ਹੈ, ਉਸਦਾ ਫਲ ਉਹ ਆਪ ਭੁਗਤਦਾ ਹੈ।

ਉਪਦੇਸ਼ ਅਨੁਸਾਰ ਸਾਡਾ ਖਾਣ-ਪੀਣਾ ਅਜਿਹਾ ਹੋਵੇ, ਜਿਸ ਵਿਚ ਰੱਬ ਸ਼ਾਮਿਲ ਹੋਵੇ,[29] ਭਾਵ ਕਿਰਤ-ਕਮਾਈ ਤੇ ਖਾਣ-ਪਾਣ ਨਾਲ ਰੱਬ ਨਹੀਂ ਭੁਲਣਾ ਚਾਹੀਦਾ। ਮਨੁਖ ਨੂੰ ਭੁਲੇਖਾ ਹੈ ਕਿ ਉਸਦੇ ਗੁਨਾਹ ਕਿਹੜਾ ਕੋਈ ਵੇਖਦਾ ਹੈ। ਸਾਨੂੰ ਲੁਕਵੇਂ ਜਾਂ ਖੁਲ੍ਹੇ ਦੋਨੋਂ ਪ੍ਰਕਾਰ ਦੇ ਗੁਨਾਹਾਂ (ਮਾੜੇ ਕੰਮਾਂ) ਤੋਂ ਬਚਣਾ ਚਾਹੀਦਾ ਹੈ। ਜਿਹੜੇ ਲੋਕ ਪਾਪ ਖਟਦੇ ਹਨ, ਉਹ ਇਸ (ਪਾਪ) ਕਮਾਈ ਦਾ ਬਦਲਾ ਜ਼ਰੂਰ ਪਾਉਣਗੇ।[30] ਜਿਨ੍ਹਾਂ ਨੇ 'ਕੁਫਰ' (ਝੂਠ) ਦਾ ਰਾਹ ਫੜਿਆ ਹੈ ਅਲਾਹ ਉਨ੍ਹਾਂ ਨੂੰ ਸਜ਼ਾ ਦੇਵੇਗਾ ਤੇ ਜਿਨ੍ਹਾਂ ਈਮਾਨ ਤੇ ਨੇਕ ਅਮਲ ਧਾਰੇ ਉਨ੍ਹਾਂ ਨੂੰ ਅਲਾਹ ਬਦਲ ਤੇ 'ਪ੍ਰੇਮ' ਦੇਵੇਗਾ।[31]

ਕੁਰਆਨ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਨੇਕੀ ਦਾ ਭਾਵ ਕੀ ਹੈ? ਨੇਕੀ ਦਾ ਭਾਵ ਸਹਾਇਤਾ ਲਈ ਹਥ ਅਡਣ ਵਾਲਿਆਂ ਦੀ ਸਹਾਇਤਾ ਕਰਨਾ ਹੈ,[32] ਭਾਵ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕੀਤੀ ਜਾਵੇ। ਨਾਲ ਹੀ ਸਪਸ਼ਟ ਕੀਤਾ ਗਿਆ ਹੈ ਕਿ ਇਸ ਰਾਹ ਉਤੇ ਚਲਣ ਵਾਲੇ ਵਿਰਲੇ ਹੀ ਹਨ।[33]

ਈਮਾਨ ਦੇ ਰਾਹ 'ਤੇ ਤੁਰਨ ਵਾਲਿਆਂ ਲਈ ਸਪਸ਼ਟ ਹੁਕਮ ਹਨ, "ਹੇ ਈਮਾਨ ਲਿਆਉਣ ਵਾਲਿਓ! ਆਪੋ ਵਿਚ ਇਕ ਦੂਸਰੇ ਦੇ ਧਨ-ਪਦਾਰਥ ਅਣਹਕੇ ਢੰਗਾਂ ਨਾਲ ਨਾ ਖਾਇਓ... ਮਾਲ ਨਜ਼ਾਇਜ ਢੰਗ ਨਾਲ ਨਾ ਖਾਓ ਤੇ ਨਾ ਹੀ ਮੌਕਾ ਭਾਲੋ।"[34]

ਉਪਰੋਕਤ ਸੰਖੇਪ ਵਿਵਰਣ ਤੋਂ ਸਪਸ਼ਟ ਹੈ ਕਿ ਵੇਦੀ-ਕਤੇਬੀ ਪਰੰਪਰਾਵਾਂ ਦੇ ਮੁਖ ਧਰਮਾਂ ਵਿਚੋਂ ਸਮਾਜਿਕ ਜੀਵਨ ਨਾਲ ਜੁੜੇ ਧਰਮਾਂ ਵਿਚ (ਚੰਗੀ-ਮਾੜੀ) ਕਿਰਤ ਦੇ ਸੰਦਰਭ ਪ੍ਰਾਪਤ ਹੋ ਜਾਂਦੇ ਹਨ। ਇਨ੍ਹਾਂ ਮਤਾਂ ਵਿਚੋਂ ਬੁਧ ਧਰਮ ਦਾ ਸੰਦਰਭ ਜਾਤੀ-ਕਿੱਤੇ

27. ਸੂਰਾ 30, ਆਇਤ 44, ਪਾਰਾ (part) 21.
28. ਸੂਰਾ 'ਫੁਸੀਲਤ' (fussilat) 41, ਆਇਤ 46, ਪਾਰਾ 24.
29. ਸੂਰਾ 'ਅਲ-ਅਨਆਮ' (al-anam) 6, ਆਇਤ 118, ਪਾਰਾ 8.
30. *ਉਹੀ*, ਆਇਤ 120-21.
31. ਸੂਰਾ 'ਆਲੇ-ਇਮਰਾਨ' (âl-imrân) 3, ਆਇਤ 57, ਪਾਰਾ 3.
32. ਸੂਰਾ 'ਅਲ-ਬਕਰਹ' (al-baqarah) 2, ਆਇਤ 177, ਪਾਰਾ 2.
33. ਸੂਰਾ 'ਆਲੇ-ਇਮਰਾਨ' (âl-imrân) 3, ਆਇਤ 115, ਪਾਰਾ 4.
34. ਸੂਰਾ 'ਅਨ-ਨਿਸਾ' (an-nisâ) 4, ਆਇਤ 29, ਪਾਰਾ 5; 'ਅਲ ਬਕਰਹ' (al-baqarah) 2, ਆਇਤ 188, ਪਾਰਾ 2.

ਦੀ ਰੂੜ੍ਹੀ ਨੂੰ ਤੋੜਦਾ ਹੈ ਜਦਕਿ ਇਸਲਾਮ ਵਿਚ ਮੁਖ ਸੰਦਰਭ 'ਈਮਾਨ' ਲਿਆਉਣ ਵਾਲਿਆਂ ਲਈ ਹੈ। ਬਾਕੀ ਮਤਾਂ ਦੇ ਪ੍ਰਵਚਨ ਵਧੇਰੇ ਅਧਿਆਤਮਕਤਾ ਨੂੰ ਸੰਬੋਧਤ ਹੀ ਜਾਪਦੇ ਹਨ। ਵੇਦਿਕ ਜਾਂ ਹਿੰਦੂ ਮਤ ਦਾ ਪ੍ਰਵਚਨ ਜਾਤੀ ਦੀ ਚੀੜ੍ਹੀ ਦਰਜਬੰਦੀ ਤੋਂ ਬਾਹਰ ਕੋਈ ਮਹਤਵ ਜਾਂ ਹੋਂਦ ਨਹੀਂ ਰਖਦਾ। ਉਕਤ ਸਭ ਦੇ ਉਲਟ ਗੁਰਮਤਿ ਨੇ ਸਚੀ ਕਿਰਤ ਕਮਾਈ ਨੂੰ ਅਧਿਆਤਮਕ ਤੇ ਸਮਾਜਿਕ ਪ੍ਰਸੰਗ ਵਿਚ ਰਖਿਆ ਹੈ। ਇਸ ਸੰਕਲਪ ਵਿਚ ਗੁਰਮਤਿ ਦਾ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਦਰਸ਼ਨ ਛੁਪਿਆ ਹੋਇਆ ਹੈ।

ਗੁਰਮਤਿ ਨੇ ਕਿਰਤ ਦੇ ਸੰਦਰਭ ਨੂੰ ਸਰਵ-ਵਿਆਪਕ ਬਣਾਇਆ ਹੈ, ਜਦਕਿ ਯਹੂਦੀ ਅਤੇ ਇਸਲਾਮ ਵਿਚ ਇਹ ਜਮਾਤੀ ਲਛਣਾਂ ਦਾ ਅਨੁਸਾਰੀ ਹੈ। ਨੇਕ ਅਮਲ ਤਾਂ ਹਨ,ਪਰ ਪਧਰ ਜਮਾਤੀ ਹੋਣ ਕਾਰਨ ਇਹ ਸੀਮਾਵਾਂ ਵਿਚ ਹੈ। ਇਸੇ ਤਰ੍ਹਾਂ ਬੋਧ ਦਰਸ਼ਨ ਵਿਚ ਸਿਰਫ ਗ੍ਰਹਿਸਥੀ ਕਿਰਤੀ ਹਨ, ਭਿਖਸ਼ੂ ਨਹੀਂ, ਉਹ 'ਮੰਗਣ' ਉਤੇ ਨਿਰਭਰ ਹਨ। ਅਸ਼ਟ ਮਾਰਗ[35] ਵਿਚ ਕਰਮ ਤੇ ਉਪਜੀਵਿਕਾ ਸ਼ਾਮਿਲ ਹੋ ਕੇ ਵੀ ਇਕ ਵਿਸ਼ੇਸ਼ ਜਮਾਤ ਤਕ ਸੀਮਿਤ ਰਹਿਣ ਕਾਰਨ ਅਧਿਆਤਮਕਤਾ, ਸਮਾਜਿਕ ਪ੍ਰਸੰਗ ਗ੍ਰਹਿਣ ਨਹੀਂ ਕਰਦੀ। ਸਾਮੀ ਪਰੰਪਰਾ ਦੇ ਧਰਮਾਂ ਵਿਚਲੇ ਲੋਕ-ਹਿਤੈਸ਼ੀ ਕਾਰਜ 'ਧਰਮ ਪ੍ਰਚਾਰ' ਦੇ ਮਿਸ਼ਨ ਤੋਂ ਪ੍ਰੇਰਿਤ ਹੁੰਦੇ ਹਨ, ਇਹ 'ਸਰਬਤ ਦੇ ਭਲੇ' ਤਕ ਨਹੀਂ ਪੁਜਦੇ।

ਕਿਰਤ, ਗੁਰਮਤਿ ਦਾ ਸਦਾਚਾਰਕ ਹਿਸਾ ਬਣਕੇ ਇਹ ਪੂਰੇ ਕਿਰਤ ਸਭਿਆਚਾਰ ਨੂੰ ਉਸਾਰਦੀ ਹੈ। ਇਹ ਸਦਾਚਾਰ ਯੂਨਾਨੀ ਸੋਫ਼ਿਸਟਾਂ ਵਾਂਗ ਕੇਵਲ (ਵਿਅਕਤੀਵਾਦੀ) ਅੰਦਰਲੇ ਅਨੁਭਵ 'ਤੇ ਆਧਾਰਤ ਨਹੀਂ, ਜਿਹੜਾ (ਯੂਨਾਨੀ ਸੋਫ਼ਿਸਟਕ ਸਦਾਚਾਰ) ਵਿਅਕਤੀ ਦੀਆਂ ਆਪਣੀਆਂ ਆਪੇ (self) ਨਾਲ ਹੀ ਸੀਮਿਤ ਭਾਵਨਾਵਾਂ ਜੋੜਦਾ ਹੈ।[36] ਗੁਰਮਤਿ ਦੇ ਇਸ ਕਿਰਤੀ ਰਾਹ ਤੇ ਤੁਰਨ ਲਈ ਤਾਂ 'ਪੁੰਨ-ਪਾਪ' ਦੀ ਸਾਰ ਜਾਣਨੀ ਪੈਂਦੀ ਹੈ[37], ਜਿਸ ਦਾ ਵਰਤਾਰਾ ਜਗਤ ਵਿਚ ਹੈ।

ਗੁਰਮਤਿ ਜਮਾਤੀ ਵਰਗ ਸੰਘਰਸ਼ ਨੂੰ ਵੀ ਸਵੀਕਾਰ ਨਹੀਂ ਕਰਦੀ। ਮਾਰਕਸ ਜਦੋਂ ਸਾਰੇ ਇਤਿਹਾਸ ਨੂੰ 'ਵਰਗ ਸੰਘਰਸ਼' ਦੇ ਸੰਕਲਪ ਹੇਠ ਵਿਆਖਿਆਉਂਦਾ ਹੈ ਤਾਂ ਉਹ ਇਕ ਸਵੈ-ਕੇਂਦਰਨ ਤੋੜ ਕੇ ਵਡਾ ਸਵੈ-ਕੇਂਦਰਨ ਹੀ ਪੈਦਾ ਕਰਦਾ ਹੈ। 'ਲੁਟੀਂਦੇ' ਜਾਂ 'ਲੁਟੇਰੇ' ਵਰਗਾਂ ਦਾ ਆਧਾਰ ਗੁਰਮਤਿ ਨੇ ਵਿਅਕਤੀਗਤ ਆਚਰਣ ਤੇ ਦ੍ਰਿਸ਼ਟੀ ਤਥਾ ਜੀਵਨ ਵਿਹਾਰ ਆਧਾਰਿਤ ਕੀਤਾ ਹੈ, ਵੇਦਿਕ ਮਤਿ ਵਾਂਗ ਜਾਤੀ ਤੇ ਮਾਰਕਸ ਵਾਂਗ ਆਰਥਿਕਤਾ ਆਧਾਰਿਤ ਨਹੀਂ।

ਸਮਕਾਲੀ ਅਨੇਕਾਂ ਹੋਰ ਚਿੰਤਨ ਪ੍ਰਣਾਲੀਆਂ ਜੋਗੀ, ਬੈਰਾਗੀ, ਸਿਧ, ਜੰਗਮ... ਜਿਨ੍ਹਾਂ

35. *Budhism,* (ed.) L.M.Joshi, p.49.

36. Stace, *A Critical History of Greek Philosophy,* p.118.

37. ਦਿਸਟਿ ਬਿਕਾਰੀ ਬੰਧਨਿ ਬਾਧੈ ਹਉ ਤਿਸ ਕੈ ਬਲਿ ਜਾਈ॥
ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ॥ *ਸ੍ਰੀ ਗੁਰੂ ਗ੍ਰੰਥ ਸਾਹਿਬ,* ੧੩੨੯.



ਦਾ ਜ਼ਿਕਰ *ਪੋਥੀ ਹਰਿ ਜੀ* ਨੇ ਵਿਸਤਾਰ ਸਹਿਤ ਕੀਤਾ ਹੈ[38], ਦੇ ਨਿਸ਼ੇਧਾਤਮਕ ਪ੍ਰਬੰਧ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਕੇ ਗੁਰਮਤਿ ਨੇ, ਡਾ. ਅਵਤਾਰ ਸਿੰਘ ਦੇ ਸਬਦਾਂ ਵਿਚ ਸਿਖ ਨੈਤਕਿਤਾ ਦੇ ਸਭਿਆਚਾਰਕ ਕਰਤਬਾਂ ਵਿਚ ਹਰੇਕ ਸਿੱਖ ਨੂੰ ਨੇਕ ਕਿਰਤ ਕਮਾਈ ਦੀ ਪ੍ਰੇਰਣਾ ਦਿਤੀ ਹੈ।[39]

ਇਹ ਸਭਿਆਚਾਰ ਕਰਤਬ ਦੀ ਪ੍ਰੇਰਣਾ ਹੈ ਤੇ ਉਸ ਦਾ ਅਮਲੀ ਰੂਪ ਹੀ ਸਿੱਖ ਧਰਮ ਦੀ ਹੋਰਾਂ ਧਰਮਾਂ/ਮਤਾਂ ਦੇ ਮੁਕਾਬਲੇ, ਵਿਲਖਣ ਰੂਪ ਵਿਚ ਸਾਹਮਣੇ ਆਇਆ, ਜਿਸ ਦੇ ਆਧਾਰ 'ਤੇ ਪੰਥ ਦੇ ਇਤਿਹਾਸਕ ਤੇ ਸੰਸਥਾਗਤ ਵਰਤਾਰੇ ਵਰਤੇ।

38. ਸਾਖੀ/ਪੰਨਾ

39. *Ethics of the Sikhs,* pp.195-96.

## ਸਾਰ

**ਸ**ਚੀ ਘਾਲ ਕਮਾਈ ਗੁਰਮਤਿ ਦਾ ਅਧਿਆਤਮਕ ਤੇ ਸਮਾਜਿਕ ਦਰਸ਼ਨ ਹੈ ਤੇ ਇਹ ਸਾਂਝੀਵਾਲਤਾ ਦਾ ਜ਼ਜ਼ਬਾ ਪੈਦਾ ਕਰਦਾ ਹੈ। ਇਹ ਗੁਰਮਤਿ ਦਾ ਆਰਥਿਕ ਆਚਾਰ ਤੇ ਆਦਰਸ਼ ਹੈ। ਹਥਲੇ ਕਾਰਜ ਦੇ ਸੰਭਵ ਅਧਿਐਨ ਉਪਰੰਤ ਸਾਡੇ ਸਾਹਮਣੇ ਸੁਕ੍ਰਿਤ ਦੇ ਸਿਧਾਂਤਕ ਤੇ ਵਿਹਾਰਕ ਪਖਾਂ ਦੇ ਜੋ ਸਾਰ/ਸਿਟੇ ਸਾਹਮਣੇ ਆਉਂਦੇ ਹਨ, ਇਥੇ ਸੰਖੇਪ ਵਿਚ ਉਨ੍ਹਾਂ ਦਾ ਵਰਣਨ ਕੀਤਾ ਜਾ ਰਿਹਾ ਹੈ:

**1.** ਕਿਰਤ ਸ਼ਬਦ ਕਿਸੇ ਕੰਮ ਦੇ ਹੋਣ ਜਾਂ ਕਰਨ ਦੀ ਕਿਰਿਆ ਨੂੰ ਸੰਕੇਤਕ ਹੈ। ਇਸ ਅਗੇ 'ਸੁ' ਅਗੇਤਰ ਨਾਲ ਇਹ ਸਚੇ ਜਾਂ ਚੰਗੇ ਕੰਮ ਵਲ ਸੰਕੇਤਕ ਹੋ ਜਾਂਦਾ ਹੈ। ਪੰਜਾਬੀ ਵਿਚ ਸੁਕ੍ਰਿਤ ਅਤੇ ਸੁਕਿਰਤ ਦੋਵੇਂ ਸ਼ਬਦ-ਜੋੜ ਪ੍ਰਚਲਿਤ ਹਨ, ਪਰ ਗੁਰਬਾਣੀ ਵਿਚ 'ਸੁਕ੍ਰਿਤ' ਸ਼ਬਦ-ਜੋੜ ਹੀ ਪ੍ਰਾਪਤ ਹੈ।

**2.** ਸੁਕ੍ਰਿਤ ਭਾਵ ਇਮਾਨਦਾਰੀ ਨਾਲ ਕੀਤਾ ਜਾਣ ਵਾਲਾ ਕੰਮ ਹੈ। ਨੇਕ ਨੀਅਤ ਨਾਲ ਕੀਤਾ ਕੰਮ ਛੋਟਾ-ਵਡਾ; ਉਚਾ ਨੀਵਾਂ ਨਹੀਂ ਹੁੰਦਾ। ਸਚੀ ਕਿਰਤ ਲਈ ਧਰਮ ਦੀ ਕਿਰਤ; ਈਮਾਨ ਦੀ ਕਿਰਤ; ਦਸਾਂ ਨਹੁੰਆਂ ਦੀ ਕਿਰਤ ਆਦਿ ਮੁਹਾਵਰੇ ਪ੍ਰਚਲਿਤ ਹਨ ਅਤੇ ਇਸ ਦਾ ਵਿਸ਼ੇਸ਼; ਮੁਖ ਲਛਣ ਦਿਬਤਾ (divineness) ਹੈ।

**3.** ਗੁਰਬਾਣੀ ਵਿਚ ਕਿਰਤ ਨੂੰ ਇਕ ਪ੍ਰਬੰਧ ਵਜੋਂ ਨਹੀਂ ਚਿਤਰਿਆ ਗਿਆ ਤੇ ਨਾ ਹੀ ਗੁਰਬਾਣੀ ਨੇ ਕੋਈ ਕੰਮ-ਧੰਦਿਆਂ ਦੀ ਸੂਚੀ ਪੇਸ਼ ਕੀਤੀ ਹੈ, ਗੁਰਬਾਣੀ ਵਿਚ ਲੋਕ ਜੀਵਨ ਦੇ ਚਿਤਰਨ ਸਮੇਂ ਜਦੋਂ ਉਨ੍ਹਾਂ ਦੇ ਕਿੱਤਿਆਂ ਦਾ ਵਰਣਨ ਮਿਲਦਾ ਹੈ ਤਾਂ ਉਸ ਸਮੇਂ 'ਕਿਰਤ' ਦਾ ਸੰਬੰਧ ਉਸਦੀ 'ਵਸਤੂ', ‘ਕਿਸਮ' ਜਾਂ ‘ਪਧਰ’ ਨਾਲ ਨਹੀਂ; ਸਗੋਂ ਪ੍ਰਕਿਰਿਆ ਦੀ ਦ੍ਰਿਸ਼ਟੀ, ਨੀਅਤ, ਢੰਗ ਜਾਂ ਸੁਭਾਅ ਨਾਲ ਹੈ।

**4.** ਗੁਰਬਾਣੀ ਵਿਚ 'ਕਿਰਤ' ਦੇ ਸੰਦਰਭ, ਚਿੰਨ੍ਹ, ਪ੍ਰਤੀਕ, ਬਿੰਬ ਜਾਂ ਸੰਚਾਰ-ਜੁਗਤਾਂ ਵਜੋਂ ਵਧੇਰੇ ਆਏ ਹਨ। ਇਨ੍ਹਾਂ ਦੇ ਪਿਛੇ ਇਕ ਵਿਸ਼ੇਸ਼ ਉਦੇਸ਼ ਕੰਮ ਕਰ ਰਿਹਾ ਹੈ। ਇਹ ਉਦੇਸ਼ ਸੁਚਜੀ ਜੀਵਨ-ਜਾਚ ਸਿਖਾਉਣ/ਸਮਝਣ ਦਾ ਹੈ। ਜਿਵੇਂ ਗੁਰੂ ਸਾਹਿਬ ਕਿਰਸਾਣੀ ਜੀਵਨ ਨਾਲ ਸੰਬੰਧਿਤ ਸੰਕੇਤ ਵਰਤ ਕੇ ਮਨੁਖ ਨੂੰ ਸ਼ੁਭ ਅਮਲਾਂ ਦੀ ਖੇਤੀ ਕਰਨ ਦਾ ਉਪਦੇਸ਼ ਦਿੰਦੇ ਹਨ, ਪਰ ਇਹ ਤਥ ਧਿਆਨ ਵਿਚ ਰਹੇ ਕਿ ਇਸਨੂੰ ਸਿਰਫ਼ ਰੂਪਕ-ਰਚਨਾ ਤਕ ਹੀ ਸੀਮਿਤ ਨਹੀਂ ਸਮਝਣਾ ਚਾਹੀਦਾ। ਰੂਪਕ-ਰਚਨਾਂ ਦੇ ਉਪਮਾਨ, ਸੰਬੰਧਿਤ ਕੌਮਾਂ ਦੀਆਂ ਰੀਝ ਜਾਂ ਸੁਪਨਾ ਹੁੰਦਾ ਹੈ। ਬਾਣੀ ਵਿਚ ਇਹ 'ਆਦਰਸ਼' ਦਾ ਪਧਰ ਹੈ ਤੇ ਜਿਸਨੂੰ ਅਮਲੀ ਜੀਵਨ ਵਿਚ ਕਮਾਇਆ ਗਿਆ।

**5.** ਗੁਰਮਤਿ ਕਿਸੇ ਕਿੱਤੇ ਦੇ ਖਿਲਾਫ ਜਾਂ ਹਕ ਵਿਚ ਨਹੀਂ। ਜਿਵੇਂ ਪਹਿਲਾਂ ਸੰਕੇਤ ਕੀਤਾ ਹੈ, ਇਹ ਕੰਮ ਕਰਨ ਦੇ 'ਢੰਗ' ਉਤੇ ਜ਼ਿਆਦਾ ਕੇਂਦਰਿਤ ਹੈ। ਇਹ ਢੰਗ ਇਮਾਨਦਾਰੀ



ਵਾਲਾ ਹੋਣਾ ਚਾਹੀਦਾ ਹੈ। ਅਜਿਹਾ ਹੋਣ ਲਈ ਉਸ ਵਿਚ 'ਨਾਮ' ਸ਼ਾਮਿਲ ਹੋਣਾ ਜਰੂਰੀ ਹੈ। ਕੋਈ ਵੀ 'ਕੰਮ' ਜਦ ਤਕ ਕੇਵਲ 'ਕੰਮ' ਹੈ ਤਾਂ ਇਹ 'ਧੰਧਾ'; ਆਲ ਜੰਜਾਲ ਬਣ ਸਕਦਾ ਹੈ, ਪਰ ਜੇ ਇਸ ਵਿਚ 'ਨਾਮ' ਸ਼ਾਮਿਲ ਹੋ ਜਾਵੇ ਤਾਂ ਉਹ 'ਧੰਧਾ'; 'ਸੁਕ੍ਰਿਤ' ਬਣ ਜਾਵੇਗਾ। ਇਸੇ ਨੂੰ ਹੀ ਸਹਿਜ ਦਾ ਮਾਰਗ ਕਿਹਾ ਗਿਆ ਹੈ। ਗੁਰਮਤਿ ਨੇ ਸਾਨੂੰ ਖਟਣ-ਕਮਾਉਣ ਜਾਂ ਮੋਤੀ ਮੰਦਰਾਂ ਤੋਂ ਵਰਜਿਤ ਨਹੀਂ ਕੀਤਾ, ਬਲਕਿ ਪਾਪਾਂ ਦੀ ਕਮਾਈ ਨਾਲ ਮਾਇਆ'ਕਠੀ ਕਰਕੇ ਬਣਨ ਵਾਲੇ 'ਮੋਤੀ ਮੰਦਰਾਂ' ਤੋਂ ਵਰਜਿਆ ਹੈ ਅਤੇ ਨਾਲ ਹੀ ਜੇ ਮੋਤੀ ਮੰਦਰ ਆਪਣੇ ਅਸਲੇ,ਮੂਲ ਦੀ ਯਾਦ ਭੁਲਾ ਦਿੰਦੇ ਹਨ ਤਾਂ ਇਹ ਮਾਇਆ ਹਨ। ਇਸ ਤਰ੍ਹਾਂ ਜਿਹੜੇ ਕੰਮ/ਕਿਰਤ ਰੱਬ ਨਾਲ ਵੀ ਜੋੜੀ ਰਖਣ; ਦੂਜੇ ਸ਼ਬਦਾਂ ਵਿਚ ਕੰਮ/ਕਿਰਤ ਨਾਲ ਰੱਬ ਵੀ ਯਾਦ ਰਹੇ; ਮਨੁਖ 'ਚ ਸਤੁ, ਸੰਤੋਖ, ਨਿਮਰਤਾ, ਗਰੀਬਾਂ, ਲੋੜਵੰਦਾਂ ਦੀ ਭਲਾਈ...ਆਦਿ ਗੁਣ ਸ਼ਾਮਿਲ ਹੋਣ ਤਾਂ ਹੀ ਕਿਰਤ, 'ਸੁਕ੍ਰਿਤ' ਬਣਦੀ ਹੈ।

**6.** ਇਸ ਵਿਚਾਰ ਨੂੰ ਗੁਰਬਾਣੀ ਵਿਚ ਵਾਰ-ਵਾਰ ਪ੍ਰਮੁਖਤਾ ਦਿਤੀ ਗਈ ਹੈ ਕਿ ਜਿਹੋ ਜਿਹਾ ਕੋਈ-ਕੰਮ ਕਾਜ ਕਰਦਾ ਹੈ, ਤਿਹੋ ਜਿਹਾ ਫ਼ਲ ਪ੍ਰਾਪਤ ਕਰਦਾ ਹੈ। ਇਸ ਸਿਧਾਂਤ ਦੇ ਵਿਹਾਰਕ ਰੂਪ ਨੂੰ ਇਤਿਹਾਸ ਵਿਚ ਵੀ ਅਤੇ ਸਾਡੇ ਸਮਾਜ ਵਿਚ ਵੀ ਬਾਖੂਬੀ ਦੇਖਿਆ ਜਾ ਸਕਦਾ ਹੈ। ਹਰਾਮ ਦੀ ਜਾਂ ਬੇਈਮਾਨੀਆਂ ਦੀ 'ਕਠੀ ਕੀਤੀ ਕਮਾਈ (ਧਨ ਪਦਾਰਥ) ਕਦੇ ਵੀ ਕਿਸੇ ਨੂੰ ਨਾ ਤਾਂ ਸੁਖ ਦਿੰਦੀ ਹੈ ਤੇ ਨਾ ਹੀ ਕੋਈ ਇਜ਼ਤਦਾਰ ਰੁਤਬਾ। ਅਰਬਾਂਪਤੀ ਆਦਮੀ ਜਿਹੜੇ ਮਹਿੰਗੇ ਤੋਂ ਮਹਿੰਗੇ ਇਲਾਜ ਕਰਵਾ ਸਕਦੇ ਹਨ, ਹਸਪਤਾਲਾਂ ਜਾਂ ਪਾਗਲਖਾਨਿਆਂ ਵਿਚ ਹਰਾਮ ਦੀ ਕਮਾਈ ਦਾ ਹੀ ਫਲ ਭੁਗਤ ਰਹੇ ਹੁੰਦੇ ਹਨ। ਇਸੇ ਤਰ੍ਹਾਂ ਬੇਈਮਾਨੀਆਂ ਨਾਲ ਪਲਣ ਵਾਲ਼ਿਆਂ ਦੀ ਔਲਾਦ ਅਕਸਰ ਵਿਗੜ ਜਾਂਦੀ ਹੈ। ਦੂਜੇ ਪਾਸੇ ਈਮਾਨ ਦੀ ਰੋਟੀ ਮਾਨਸਿਕ ਸੁਖ ਦੇ ਨਾਲ ਤਨ ਦੇ ਸੁਖ ਵੀ ਦਿੰਦੀ ਹੈ। ਹਥੀਂ ਕਿਰਤ ਕਰਨ ਵਾਲਿਆਂ ਦੀ ਸਿਹਤ ਅਕਸਰ ਹੀ ਤੰਦਰੁਸਤ ਰਹਿੰਦੀ ਹੈ।

**7.** ਅਧਿਆਤਮਕ ਉਚਤਾ ਦੀ ਪ੍ਰਾਪਤੀ ਲਈ ਗੁਰਮਤਿ ਨੇ ਸਚੀਕਾਰ ਨੂੰ ਇਕ ਸਾਧਨ ਮਾਰਗ ਵਜੋਂ ਪ੍ਰੀਭਾਸ਼ਤ ਕੀਤਾ ਹੈ। ਸਚੀ ਕਾਰ ਕਮਾਈ ਵਾਲੇ ਹੀ 'ਸਚੁ' ਨੂੰ ਪ੍ਰਾਪਤ ਕਰ ਸਕਦੇ ਹਨ। ਜਪੁ, ਤਪੁ, ਸੰਜਮੁ ਤੇ ਹੋਰ ਕਿੰਨੇ ਵੀ ਧਾਰਮਿਕ ਕਰਮ-ਕਾਂਡ (ਆਖੰਡ ਪਾਠ, ਯਗ; ਨਗਰ ਕੀਰਤਨ; ਤੀਰਥ ਇਸ਼ਨਾਨ; ਕੋਤਰੀਆਂ; ਪਾਠ-ਲੜੀਆਂ, ਹਠ, ਸੁਚ...) ਕੀਤੇ ਜਾਣ, ਜੇ ਕਰਣੀ ਵਿਚ ਸਚ ਜਾਂ ਇਮਾਨ ਨਹੀਂ, ਤਾਂ ਸਭ ਵਿਅਰਥ ਹੈ। 'ਪੂਜਾ ਦਾ ਧਾਨ' ਵੀ ਮਤ ਭ੍ਰਿਸ਼ਟ ਕਰਦਾ ਹੈ। ਡੇਰਾਵਾਦ ਵਿਚ ਪੈਦਾ ਹੋਏ ਵਿਗਾੜਾਂ ਦਾ ਇਕ ਮੂਲ ਕਾਰਨ ਇਹ ਵੀ ਹੈ ਕਿ ਉਹ ਲੋਕਾਂ ਦੀ ਕਿਰਤ-ਕਮਾਈ 'ਤੇ ਪਲਦੇ ਹਨ, ਆਪ ਸਿਰਫ ਧਾਰਮਿਕ ਕਰਮ-ਕਾਂਡ ਕਰਦੇ ਹਨ, ਪੂਜਾ ਦਾ ਧਾਨ ਖਾ ਕੇ ਉਨ੍ਹਾਂ ਦੀ ਮਤ ਮਾਰੀ ਜਾਂਦੀ ਹੈ। ਪੂਰੇ ਸੰਸਾਰ ਦੇ ਧਰਮਾਂ ਵਿਚ 'ਪੁਜਾਰੀਵਾਦ' ਨੂੰ 'ਪੂਜਾ ਦੇ ਧਾਨ' ਨੇ ਹੀ ਵਿਗਾੜਿਆ ਹੈ। ਸੋ ਗੁਰਬਾਣੀ ਦਾ ਸਾਰ ਤਤ ਇਹ ਹੈ ਕਿ ਆਤਮਿਕ ਉਚਤਾ ਦੀ ਪ੍ਰਾਪਤੀ ਲਈ ਸਚੀ ਕਮਾਈ, ਈਮਾਨ ਦੀ ਕਿਰਤ ਜ਼ਰੂਰੀ ਤਤ ਹੈ।

**8.** ਗੁਰਮਤਿ ਨੇ ਸਚੀ ਕਿਰਤ ਦੇ ਸਰੂਪ ਨੂੰ ਇਕ ਨੈਤਿਕ ਕੀਮਤ ਵਜੋਂ ਪ੍ਰੀਭਾਸ਼ਤ ਕੀਤਾ

ਹੈ। ਇਹ ਇਕ ਨੈਤਿਕ ਕਦਰ ਹੈ, ਮਨੁਖੀ ਜੀਵਨ ਦਾ ਉਚਤਮ ਮੁਲ (value) ਹੈ। ਨੈਤਕਿਤਾ, ਜਿਸ ਸ਼ੁਭ ਕਦਰਾਂ ਦਾ ਚਰਿਤਰ ਹੁੰਦੀ ਹੈ, ਉਨ੍ਹਾਂ ਕਦਰਾਂ ਵਿਚੋਂ ਇਕ, ਈਮਾਨ ਦੀ ਕਿਰਤ ਕਮਾਈ ਹੈ। ਇਸ ਦੀ ਕੋਈ ਯਥਾਰਥ ਹੋਂਦ ਨਹੀਂ, ਇਹ ਮਨੁਖੀ ਚਰਿਤਰ ਦਾ ਹੀ ਹਿਸਾ ਹੈ ਜਾਂ ਕਹੋ ਇਹ ਵਿਅਕਤਿਤਵ ਦਾ ਅੰਦਰੂਨੀ ਸੁਭਾਅ ਹੈ। ਚੰਗੀ ਸੰਗਤ ਤੇ ਨਾਮ ਕਮਾਈ ਵਾਲਿਆਂ ਦੇ ਜੀਵਨ ਦਾ ਇਹ ਸਹਿਜ ਹਿਸਾ ਬਣ ਜਾਂਦੀ ਹੈ।

**9.** ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਸਾਹਿਬਾਨ ਖੁਦ ਹਥੀਂ ਕਿਰਤ ਕਮਾਈ ਕਰਨ ਵਾਲੇ ਪਰਿਵਾਰ-ਪਿਛੋਕੜਾਂ ਵਿਚੋਂ ਹਨ ਤੇ ਖੁਦ ਆਪ ਕਿਰਤ ਕਮਾਈ ਕਰਦੇ ਰਹੇ ਹਨ। ਉਨ੍ਹਾਂ ਦਾ ਅਤਿਅੰਤ ਉਚਾ-ਸੁਚਾ ਜੀਵਨ ਹੀ ਲੋਕਾਂ ਲਈ ਅਧਾਰ-ਮਾਡਲ ਬਣਿਆ ਤੇ ਗੁਰੂ ਸਾਹਿਬਾਨ ਗਰੀਬਾਂ, ਕੰਮੀ-ਕਮੀਣਾਂ ਲਈ ਮਸੀਹਾ ਬਣ ਕੇ ਆਏ।

**10.** ਪੰਥ ਵਿਚ ਸ਼ਾਮਿਲ ਹੋਣ ਵਾਲੀਆਂ ਵਡੀਆਂ ਧਿਰਾਂ ਆਮ ਤੌਰ 'ਤੇ ਨੀਵੇਂ ਧਿਰਕਾਰੇ ਗਏ ਕੰਮੀ-ਕੰਮੀਣੀ ਵਿਚੋਂ ਸਨ। ਬਾਬਾ ਬੰਦਾ ਸਿੰਘ ਬਹਾਦਰ ਵੇਲੇ ਕਿਰਤੀ ਲੋਕਾਂ ਦੇ ਹਥ ਸਿਧਾ ਰਾਜ-ਭਾਗ ਸੌਂਪ ਦਿਤਾ ਗਿਆ। ਪਹਿਲਾਂ ਗੁਰੂ ਸਾਹਿਬਾਨ ਦੀਆਂ ਸੰਗਤਾਂ ਦੇ ਉਹ ਮੁਖੀ ਰਹੇ। ਖਾਲਸਾ ਸਜਣ ਵੇਲੇ ਸ਼ਾਮਿਲ ਲੋਕ ਕੰਮ ਕਾਰ ਕਰਕੇ ਰੋਟੀ ਖਾਣ ਵਾਲੇ ਸਨ। ਮਿਸਲ ਸਰਦਾਰ ਲਗਪਗ ਸਾਰੇ ਕਿਰਸਾਣੀ ਪਰਿਵਾਰਾਂ ਵਿਚੋਂ ਸਨ। ਸਿੰਘ ਸਭਾ ਲਹਿਰ ਵਿਚ ਸ਼ਾਮਿਲ ਹੋਣ ਵਾਲਿਆਂ ਦੀ ਇਕ ਸ਼ਰਤ ਹੀ ਉਨ੍ਹਾਂ ਦਾ ਕਿਰਤੀ ਹੋਣਾ ਮਿਥਿਆ ਗਿਆ ਸੀ।

**11.** ਸਿੱਖੀ ਦੀਆਂ ਸਾਰੀਆਂ ਸੰਸਥਾਵਾਂ (ਲੰਗਰ; ਸੰਗਤ; ਮੰਜੀ; ਅਕਾਲਤਖਤ; ਗੁਰਮਤਾ...) ਸਿਧੇ-ਅਸਿਧੇ ਰੂਪ ਵਿਚ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਖਾਣ ਦੇ ਵਿਚਾਰ ਤੇ ਵਿਹਾਰ ਨਾਲ ਜੁੜੀਆਂ ਹੋਈਆਂ ਹਨ ਤੇ ਪੰਥ ਵਿਚਲੀਆਂ ਪ੍ਰਮੁਖ ਸੰਪਰਦਾਵਾਂ ਵੀ ਗੁਰਸਿਖੀ ਦੇ ਇਸ ਕਰਮਨ ਤੋਂ ਮੁਕਤ ਨਹੀਂ ਹੋਈਆਂ। ਸੇਵਾਪੰਥੀ ਸੰਪਰਦਾ ਤਾਂ ਹੈ ਹੀ ਧਰਮੀ ਕਿਰਤ-ਕਮਾਈ ਦੀ ਲਹਿਰ।

**12.** ਦੁਨੀਆਂ ਦੇ ਬਾਕੀ ਧਰਮਾਂ/ਫਲਸਫਿਆਂ ਵਿਚ ਵੀ ਭਾਵੇਂ ਦਸਾਂ ਨਹੁੰਆਂ ਦੀ ਕਿਰਤ ਜਾਂ ਈਮਾਨ ਦੀ ਕਿਰਤ ਦੇ ਉਪਦੇਸ਼ ਜਾਂ ਵਿਚਾਰ ਮਿਲ ਜਾਂਦੇ ਹਨ, ਇਥੋਂ ਤਕ ਕਿ ਇਕ ਵਿਚਾਰ ਵਜੋਂ ਇਹ ਨੀਵੇਂ ਤੋਂ ਨੀਵੇਂ ਆਦਿ ਕਬੀਲਾ ਵਿਸ਼ਵਾਸ਼ਾਂ ਵਿਚ ਵੀ ਮਿਲ ਜਾਂਦੇ ਹਨ, ਪਰ ਵੇਖਣਾ ਇਹ ਹੁੰਦਾ ਹੈ ਕਿ ਕੋਈ ਵਿਚਾਰਧਾਰਾ ਉਸਦਾ 'ਮੂਲ' ਕਿਸ ਤਰ੍ਹਾਂ ਨਿਸ਼ਚਿਤ ਕਰਦੀ ਹੈ। ਗੁਰਮਤਿ ਵਾਂਗ ਈਮਾਨ ਦੀ ਕਿਰਤ ਨੂੰ ਆਪਣੇ ਜੀਵਨ ਉਦੇਸ਼ ਦੇ 'ਸਾਧਨਾਂ ਮਾਰਗ' ਵਜੋਂ ਕਿਸੇ ਮਤਿ ਨੇ ਪ੍ਰਵਾਨਿਆ ਹੋਵੇ, ਅਜਿਹਾ ਇਤਿਹਾਸ ਜਾਂ ਵਿਹਾਰ ਵਿਚ ਨਹੀਂ ਆਇਆ।

**13.** ਉਕਤ ਵਿਚਾਰਾਂ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ, ਦਸਾਂ ਨਹੁੰਆਂ ਦੀ, ਧਰਮ ਦੀ ਕਿਰਤ ਕਰਕੇ, ਵੰਡ ਛਕ ਕੇ ਖਾਣ/ਖਵਾਉਣ ਵਾਲਾ ਗ੍ਰਿਹਸਥੀ ਧਰਮ ਹੈ ਤੇ ਇਸਦੇ ਅਸੂਲਾਂ ਦਾ ਸਾਰ **ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ** ਵਿਚ ਹੈ।



ਵਰਤਮਾਨ ਦੌਰ ਦੇ ਟੁਟ ਰਹੇ ਮਾਨਵੀ-ਮੁਲਾਂ ਨੂੰ ਮੁੜ ਜ਼ਿੰਦਾ ਕਰਨ ਲਈ ਜ਼ਰੂਰੀ ਹੈ ਕਿ ਹਰ ਕੋਈ ਆਪਣੀ ਕਿਰਤ ਕਮਾਈ ਕਰਕੇ ਆਪ ਖਾਵੇ। ਇਮਾਨ ਦੀ ਕਿਰਤ ਕਰਕੇ ਖਾਣ ਵਾਲਿਆਂ ਲਈ ਕਿਸੇ ਕਿਸਮ ਦੇ ਪ੍ਰਬੰਧ ਬਣਾਉਣ ਦੀ ਲੋੜ ਨਹੀਂ ਪੈਂਦੀ। ਨੌਕਰੀ ਕਰਨ ਵਾਲਾ ਜੇ ਆਪਣੀ ਕਿਰਤ ਪ੍ਰਤੀ ਵਫ਼ਾਦਾਰ ਹੈ ਤਾਂ ਉਸ ਨੂੰ ਚੈਕ ਕਰਨ ਲਈ 'ਛਾਪੇ', 'ਨਿਗਰਾਨ' ਜਾਂ 'ਗੁਪਤ ਕੈਮਰਿਆਂ' ਦੀ ਲੋੜ ਨਹੀਂ। ਅਧਿਆਪਕ ਜੇ ਬੱਚਿਆਂ ਜਾਂ ਅਧਿਆਪਨ ਪ੍ਰਤੀ ਇਮਨਦਾਰ ਹੈ ਤਾਂ ਏ.ਸੀ. ਸਕੂਲਾਂ/ਕਮਰਿਆਂ ਦੀ ਵਧੇਰੇ ਲੋੜ ਨਹੀਂ, ਵਿਦਵਾਨ ਪਿਪਲਾਂ ਦੀਆਂ ਛਾਵਾਂ ਹੇਠ ਵੀ ਪੈਦਾ ਕੀਤੇ ਜਾ ਸਕਦੇ ਹਨ। ਅਨਾਜ ਪੈਦਾ ਕਰਨ ਵਾਲੇ ਜੇ 'ਧਰਮੀ' ਹਨ ਤਾਂ 'ਟੈਸਟਾਂ' ਦੀ ਲੋੜ ਨਹੀਂ। ਅੱਧਾ ਸਮਾਜ ਤਾਂ ਤਨ ਦੇ ਰੋਗਾਂ ਤੋਂ ਵੈਸੇ ਹੀ ਮੁਕਤ ਹੋ ਜਾਵੇਗਾ।

ਬੇਰੁਜ਼ਗਾਰੀ ਦੀ ਵਿਕਰਾਲ ਸਮਸਿਆ; ਪ੍ਰਦੂਸ਼ਤ ਹੋ ਰਹੇ ਵਾਤਾਵਰਣ; ਬਿਮਾਰੀਆਂ; ਮਾਨਸਿਕ ਖਿਝ-ਖਪ ਤੇ ਹੋਰ ਕਿੰਨਾ ਕੁਝ ਦਾ ਇਲਾਜ ਹਥੀਂ ਈਮਾਨ ਭਰੇ ਕੰਮ ਕਰਨ ਵਿਚ ਪਿਆ ਹੈ। ਸਾਡਾ ਵਿਰਸਾ ਮਿਹਨਤੀ ਤੇ ਈਮਾਨ ਨਾਲ ਜੀਵਨ-ਬਸਰ ਕਰਨ ਵਾਲੇ ਮਹਾਂਪੁਰਖਾਂ ਨਾਲ ਭਰਿਆ ਪਿਆ ਹੈ। ਸਿੱਖੀ ਵਿਚ ਵਿਹਲੜ ਜਮਾਤਾਂ ਪੈਦਾ ਨਹੀਂ ਹੋਈਆਂ। ਵਰਤਮਾਨ ਵਿਚ ਜੇ ਅਜਿਹਾ ਹੋਇਆ ਜਾਂ ਹੋ ਰਿਹਾ ਹੈ ਤਾਂ ਅਨੇਕਾਂ ਕਾਰਨਾਂ ਵਿਚੋਂ ਇਕ ਕਾਰਨ ਵਿਰਸੇ ਦੀ ਨਾ-ਸਮਝੀ ਵੀ ਹੈ। ਨਸ਼ਿਆਂ ਦੀ ਲਾਹਣਤ ਤੋਂ ਬਚਣ ਲਈ; ਰੋ ਰਹੇ ਵਾਤਾਵਰਣ ਦੀ ਪੁਕਾਰ ਸੁਣ ਕੇ ਸਾਨੂੰ ਸਾਰਿਆਂ ਨੂੰ 'ਵਿਹਲੇ ਮਨ ਦੀ ਸ਼ੈਤਾਨੀ' ਦੂਰ ਕਰਨ ਲਈ ਗੁਰੂ ਦੇ ਦਸੇ ਮਾਰਗ ਸਚੀ ਕਿਰਤ ਕਮਾਈ; ਦਸਾਂ ਨਹੁੰਆਂ ਦੀ ਕਿਰਤ-**ਸੁਕ੍ਰਿਤ** -ਦਾ ਰਾਹ ਮੁੜ ਅਪਣਾ ਲੈਣਾ ਚਾਹੀਦਾ ਹੈ ਤਾਂ ਕਿ ਜੀਵਨ ਤੇ ਸਮਾਜ ਨੂੰ ਅਸਲ ਸੁਖ ਦੀ ਪ੍ਰਾਪਤੀ ਹੋ ਸਕੇ।

## ਅੰਤਿਕਾਵਾਂ

### (1) ਸੁਕ੍ਰਿਤ : ਉਤਰ-ਆਧੁਨਿਕ ਪਰਿਪੇਖ

ਸਾਡਾ ਸਮਕਾਲ, ਉਤਰ-ਆਧੁਨਿਕ ਸਮਕਾਲ ਵਜੋਂ ਨਿਸ਼ਾਨਦੇਹ ਕੀਤਾ ਗਿਆ ਜੁਗ ਹੈ। ਇਹ ਇਕ ਅਜਿਹਾ ਰੁਝਾਨ ਹੈ, ਜਿਸਦੇ ਹਾਂ-ਮੁਖ ਤੇ ਨਾਂਹ-ਮੁਖ ਵਰਤਾਰੇ ਨੇ ਪੂਰੇ ਵਿਸ਼ਵ ਦੀ ਵਿਦਵਤਾ (scholarship) ਨੂੰ ਪ੍ਰਮੁਖ ਦੋ ਹਿਸਿਆਂ ਵਿਚ ਵੰਡ ਦਿਤਾ ਹੈ। ਇਕ ਅਜਿਹੇ ਹਨ ਜਿਹੜੇ ਇਸ ਨੂੰ ਬਹੁਕੌਮੀ ਕਾਰਪੋਰੇਸ਼ਨਾਂ ਦੀ ਮੰਡੀ ਮਾਨਸਿਕਤਾ ਵਿਚੋਂ ਪੈਦਾ ਹੋਈ ਲੁਟ ਖਸੁਟ ਜਾਂ 'ਸ਼ਾਜ਼ਿਸ਼' ਦੇ ਰੂਪ ਵਿਚ ਵੇਖ ਰਹੇ ਹਨ ਤੇ ਦੂਜੇ ਉਹ ਹਨ, ਜਿਹੜੇ 'ਆਧੁਨਿਕਤਾ' ਦੇ ਸਾਮਰਾਜ ਜਾਂ ਸਟੇਟ ਪਖੀ ਕਿਰਦਾਰ ਨੂੰ ਨੰਗਾ ਕੀਤਾ ਜਾਣਾ, ਇਸ ਦਾ ਮੁਖ ਲਛਣ ਤਸਵਰ ਕਰਦੇ ਹਨ। ਇਸ ਵਡੀ ਬਹਿਸ ਦੇ ਪ੍ਰਮੁਖ ਸੰਕਲਪਾਂ ਵਿਚ ਲਿੰਗ, ਉਮਰ, ਭਾਸ਼ਾਵਾਂ, ਦਲਿਤ, ਘਟ ਗਿਣਤੀ ਕੌਮਾਂ, ਪ੍ਰਵਾਸ, ਹਾਸ਼ੀਆਕ੍ਰਿਤ ਸਭਿਆਚਾਰ, ਦੇਹ, ਵਿਚਾਰ, ਅਸਲ/ਨਕਲ, ਨਿਸ਼ਚਿਤਤਾ ਤੇ ਬਦਲਣਯੋਗ, ਸਥਾਨਕ ਤੇ ਵਿਸ਼ਵ, ਕੁਦਰਤ, ਮੂਲਵਾਦ ਜਾਂ ਵਿਸ਼ਵਵਾਦ ਆਦਿ ਕਈ ਕੁਝ ਸ਼ਾਮਿਲ ਹੈ। ਇਸ ਪੈਦਾ ਹੋਏ ਵਡੇ ਰੁਝਾਨ ਦੇ ਪ੍ਰਮੁਖ ਲਛਣਾਂ ਦੀ ਅਤਿ-ਸੰਖੇਪ ਨਿਸ਼ਾਨਦੇਹੀ ਕਰਕੇ 'ਸੁਕ੍ਰਿਤ' ਦੀ ਮਹਤਾ ਪਛਾਣਨਾ, ਫਿਲਹਾਲ ਸਾਡਾ ਮੁਖ ਸਰੋਕਾਰ ਹੈ।

ਉਤਰ-ਆਧੁਨਿਕਤਾ ਕੋਈ 'ਵਾਦ' (ism; system) ਨਹੀਂ ਹੈ ਤੇ ਨਾ ਹੀ ਕੋਈ ਦਾਰਸ਼ਨਿਕ, ਰਾਜਸੀ ਪਧਤੀ ਜਾਂ ਵਿਚਾਰਧਾਰਾ ਹੈ। ਇਸਦਾ ਕੋਈ ਇਕ ਸਿਧਾਂਤ, ਸਮਾਂ, ਸਥਾਨ ਜਾਂ ਚਿੰਤਕ ਨਹੀਂ, ਇਸ ਕਰਕੇ ਕੋਈ ਸਰਵ-ਪ੍ਰਵਾਨਿਤ ਪ੍ਰੀਭਾਸ਼ਾ ਨਹੀਂ। ਇਹ ਆਧੁਨਿਕਤਾ ਦੇ ਪ੍ਰਤੀ-ਉਤਰ, ਵਿਰੋਧ ਤੇ ਉਸਦੀ ਕੁਖੋਂ ਪੈਦਾ ਹੋਇਆ ਇਕ ਅਜਿਹਾ ਰੁਝਾਨ ਹੈ, ਜਿਹੜਾ ਇਕ ਪਾਸੇ ਬਹੁਰੰਗੇ ਸੰਸਾਰ ਦੇ ਬਹੁਰੂਪਾਂ ਨੂੰ ਜਿਥੇ ਪਛਾਣਦਾ ਹੈ, ਉਥੇ ਇਹ ਸਾਰੇ ਵਿਸ਼ਵ ਨੂੰ ਤੇਜੀ ਨਾਲ ਇਕਰੂਪਤਾ ਵਲ ਲਿਜਾ ਕੇ ਸਥਾਨਕ ਪਛਾਣਾਂ, ਭਾਸ਼ਾਵਾਂ, ਘਟ ਗਿਣਤੀਆਂ ਆਦਿ ਨੂੰ ਖਤਮ ਕਰ ਰਿਹਾ ਹੈ। ਇਸ ਪਿਛੇ ਵਿਗਿਆਨ (science) ਤੇ ਤਕਨੀਕ (technology) ਦੀ ਤਰਕੀ ਨਾਲ ਪੈਦਾ ਹੋਏ ਸੰਚਾਰ-ਸਾਧਨਾਂ ਦੀ ਬਹੁਤਾਤ ਅਹਿਮ ਰੋਲ ਅਦਾ ਕਰ ਰਹੀ ਹੈ। ਇਕ ਪਾਸੇ ਇਹ 'ਮਾਇਆਧਾਰੀਆਂ' ਦੇ ਹਿਤ ਤੇ ਸੱਤਾ ਨਾਲ ਜੁੜਿਆ ਹੈ, ਤੇ ਦੂਜੇ ਪਾਸੇ ਇਹ ਸਥਾਨਿਕ ਸਭਿਆਚਾਰਾਂ, ਭਾਸ਼ਾਵਾਂ, ਕੌਮਾਂ ਆਦਿ ਨੂੰ ਵੀ ਜ਼ੁਬਾਨ ਦੇ ਰਿਹਾ ਹੈ ਤੇ ਇਨ੍ਹਾਂ ਦੇ ਹਿਤਾਂ ਵਿਚ ਖੜ ਰਿਹਾ ਹੈ। ਉਤਰ-ਆਧੁਨਿਕ ਸ਼ਬਦਾਵਲੀ ਵਿਚ ਕਹਿਣਾ ਹੋਵੇ ਤਾਂ ਕਿਹਾ ਜਾਵੇਗਾ ਕਿ ਇਹ ਰੁਝਾਨ ਅਲਪ-ਬਿਰਤਾਂਤਾ ਦੀ ਪੈਰਵੀ ਕਰਕੇ ਮਹਾਂ-ਬਿਰਤਾਂਤਾਂ ਦੀ ਪੈਰਵੀ ਵੀ ਕਰਦਾ ਹੈ। ਇਸੇ ਪ੍ਰਸੰਗ ਵਿਚ ਹੀ ਸੰਸਾਰ ਦੀਆਂ ਚੇਤੰਨ ਕੌਮਾਂ ਆਪਣੇ ਧਾਰਮਿਕ, ਭਾਸ਼ਾਈ ਤੇ ਕੌਮੀ 'ਹਿਤਾਂ' ਲਈ ਮੁਕਤੀ ਦੇ ਮਾਰਗ ਵੀ ਅਖਤਿਆਰ ਕਰ ਚੁਕੀਆਂ ਹਨ।



ਦੁਪਖੀ ਰੁਝਾਨਾਂ ਵਿਚ 'ਗਲੋਬ' (globe) ਤੇ 'ਮੂਲਵਾਦ' ਦਾ ਸਮਾਨਾਂਤਰ ਉਭਾਰ, ਉਤਰ-ਆਧੁਨਿਕਤਾ ਦਾ ਇਕ ਪ੍ਰਮੁਖ ਪਛਾਣ-ਚਿੰਨ੍ਹ ਹੈ। ਇਕ ਪਾਸੇ ਜੇ ਅਲਪ-ਬਿਰਤਾਂਤ (ਘਟ ਗਿਣਤੀਆਂ, ਆਦਿ-ਵਾਸੀ, ਸਥਾਨਕ ਭਸ਼ਾਵਾਂ, ਦਲਿਤ ਆਦਿ) ਖਤਮ ਹੋਣ ਜਾ ਰਹੇ ਹਨ, ਜਿਸ ਵਿਚ ਸਿੱਖ ਕੌਮ ਜਿਹੀ ਘਟ ਗਿਣਤੀ ਵੀ ਹੈ ਤੇ ਇਸਦੀ ਮਾਂ-ਬੋਲੀ ਪੰਜਾਬੀ ਦਾ ਮਸਲਾ ਵੀ ਅਤਿ-ਅਹਿਮ ਹੈ, ਤਾਂ ਦੂਜੇ ਪਾਸੇ ਮਨੁਖ ਦੇ ਸਥਾਨਕ ਪਰਿਵਾਰ, ਇਲਾਕਾ, ਭਾਸ਼ਾ, ਧਰਮ, ਰਾਸ਼ਟਰ, ਜਾਤੀ, ਨਸਲ, ਸਭਿਆਚਾਰ ਵੀ ਮਹਤਾਪੂਰਨ ਤੇ ਮਾਣਯੋਗ ਹਨ ਤੇ ਆਪਣੇ 'ਮੂਲ' ਨਾਲ ਜੁੜਨਾ ਮਨੁਖ ਦਾ ਕੁਦਰਤੀ ਤੇ ਕਨੂੰਨੀ ਹਕ ਹੈ ਤੇ ਇਸੇ 'ਮੂਲ' ਨਾਲ ਜੁੜਨਾ ਹੀ ਉਸਦੇ 'ਹਿਤ' ਵਿਚ ਹੈ।

ਨਿਸ਼ਚਤਤਾ ਦਾ ਵਿਰੋਧ ਕਰਕੇ ਤਬਦੀਲੀ ਦਾ ਜ਼ੋਰਦਾਰ ਸਮਰਥਨ ਕਰਨ ਵਾਲਾ ਵਿਚਾਰਾਧੀਨ ਰੁਝਾਨ, ਮੂਲਵਾਦੀ ਦ੍ਰਿਸ਼ਟੀ ਤੋਂ ਸਥਾਨਕ ਸਭਿਆਚਾਰਾਂ ਦੀ ਬਿਨ੍ਹਾਂ ਪਛਾਣ ਖੋਏ, ਅਨਿਸ਼ਚਤਤਾ ਨੂੰ ਬੁਨਿਆਦੀ ਸ਼ਰਤ ਮੰਨਦਾ ਹੈ। ਧਿਆਨ ਰਹਿਣਾ ਚਾਹੀਦਾ ਹੈ ਕਿ ਪਰਿਵਰਤਨ ਦਾ ਵਰਤਾਰਾ ਸੰਸਾਰ ਦੇ ਵਖ-ਵਖ ਭੂਗੋਲਿਕ ਖਿਤਿਆਂ ਵਿਚ ਇਕੋ ਸਮੇਂ ਤੇ ਇਕੋ ਗਤੀ ਨਾਲ ਨਹੀਂ ਵਾਪਰ ਰਿਹਾ ਤੇ ਨਾ ਹੀ ਇਸ ਦੀ ਪ੍ਰਕਿਰਤੀ ਤੇ ਪ੍ਰਭਾਵ ਇਕੋ ਹੈ। ਹਾਲਾਤ ਦੀ ਸਿਤਮ ਜਰੀਫ਼ੀ ਤਾਂ ਇਹ ਹੈ ਕਿ ਇਕੋ ਸਮੇਂ ਵਿਚ ਹੀ ਜਿਥੇ ਇਹ ਇਕ ਲਈ ਨਾਂਹ-ਮੁਖ ਹੈ ਤਾਂ ਦੂਜੇ ਪਾਸੇ ਹਾਂ-ਮੁਖ ਹੈ। ਉਦਾਹਰਣ ਵਜੋਂ ਭਾਰਤੀ ਬਹੁਗਿਣਤੀ ਭਾਈਚਾਰਾ ਜਿਥੇ ਕੌਮਾਂਤਰੀ ਪਧਰ ਤੇ ਹਾਸ਼ੀਆਕ੍ਰਿਤ ਤੇ ਅਲਪ-ਬਿਰਤਾਂਤ ਹੈ, ਉਥੇ ਸਥਾਨਕ ਸਭਿਆਚਾਰਾਂ ਲਈ ਮਹਾਂ-ਬਿਰਤਾਂਤ ਜਾਂ ਡਿਕਟੇਟਰਸ਼ਿਪ ਹੈ।

ਇਸ 'ਜੁਗ' ਦਾ ਇਕ ਅਹਿਮ ਪਛਾਣ ਬਿੰਦੂ ਮਾਨਸਿਕ ਸ਼ਕਤੀ ਵਧਾਉਣ ਵਲ ਹੈ। ਹੁਣ ਕਿਸੇ ਸਮਾਜ, ਭਾਈਚਾਰੇ, ਦੇਸ਼ ਜਾਂ ਕੌਮ ਦਾ ਵਿਕਸਿਤ-ਮਿਆਰ ਕੁਦਰਤੀ ਸੋਮੇ, ਧਨ, ਫੌਜਾਂ ਜਾਂ ਧਰਤੀ ਦੇ ਵਿਸ਼ਾਲ ਜ਼ਖੀਰੇ ਨਹੀਂ, ਸਗੋਂ ਗਿਆਨ ਦੇ ਸੋਮਿਆਂ ਦਾ ਵਿਸ਼ਾਲ ਤੇ ਵਿਕਸਿਤ ਹੋਣਾ ਹੈ। ਇਸ ਗਿਆਨ ਸੋਮਿਆਂ ਵਿਚ ਜੇ ਇਕ ਪਾਸੇ ਵਿਗਿਆਨ, ਤਕਨਾਲਜੀ (ਕੁਦਰਤੀ ਵਿਗਿਆਨ) ਹਨ ਤਾਂ ਦੂਜੇ ਪਾਸੇ ਸਥਾਨਕ ਭਾਸ਼ਾਵਾਂ ਜਾਂ ਮਨੁਖੀ ਵਿਗਿਆਨ (ਸਭਿਆਚਾਰਕ ਤੇ ਸਮਾਜਿਕ ਵਿਗਿਆਨ) ਹਨ।

ਉਕਤ ਤੋਂ ਬਿਨ੍ਹਾਂ ਵਾਤਾਵਰਣ ਉਤਰ-ਆਧੁਨਿਕਤਾ ਦਾ ਸ਼ਾਇਦ ਸਭ ਤੋਂ ਭਖਦਾ ਮਸਲਾ ਹੈ। ਸਨਅਤਾਂ ਨੇ ਕੁਦਰਤ ਦੀ ਜਿਸ ਤਰ੍ਹਾਂ ਬਰਬਾਦੀ ਕੀਤੀ ਹੈ, ਉਸ ਬਾਰੇ ਕਿਸੇ ਉਦਾਹਰਣ ਦੀ ਲੋੜ ਮਹਿਸੂਸ ਨਹੀਂ ਹੁੰਦੀ, ਇਸੇ ਕਰਕੇ ਹੀ ਜਿਥੇ ਮਨੁਖ,ਵਿਕਾਸ ਦੀ ਆਦਿ-ਅਵਸਥਾ ਵਿਚ ਕੁਦਰਤ ਤੋਂ ਡਰ ਕੇ ਉਸਦੀ 'ਪੂਜਾ' ਕਰਦਾ ਸੀ, ਉਥੇ 'ਜਾਗ੍ਰਿਤੀ' ਨੇ ਉਸ ਨੂੰ ਕੁਦਰਤ ਵਿਰੁਧ 'ਸੰਘਰਸ਼' ਵਿਚ ਲਾ ਦਿਤਾ। ਹੁਣ ਉਹ ਕੁਦਰਤ ਦੇ 'ਸਹਿਯੋਗ' ਪਾਸੇ ਪਿਆ ਹੈ। ਇਕਾਲੋਜੀ (ecology; ਚੁਗਿਰਦਾ ਬੋਧ) ਦੀ ਦ੍ਰਿਸ਼ਟੀ ਤੋਂ ਮਨੁਖ -ਪੂਜਾ, ਸੰਘਰਸ਼ ਤੇ ਸਹਿਯੋਗ -ਦੇ ਰਾਹ ਉਤੇ ਤੁਰ ਰਿਹਾ ਹੈ। ਇਸੇ ਤਰ੍ਹਾਂ ਹੀ ਔਰਤ, ਘਟ ਗਿਣਤੀਆਂ, ਦਲਿਤ ਤੇ ਹੋਰ ਹਾਸ਼ੀਏ 'ਤੇ ਧੱਕੇ ਮਸਲੇ ਕੇਂਦਰ ਵਿਚ ਆ ਰਹੇ ਹਨ। ਨਸ਼ੇ, ਭ੍ਰਿਸ਼ਟਾਚਾਰ, ਰਿਸ਼ਤਿਆਂ ਦੀ ਤਿੜਕਣਬਾਜੀ, ਭਾਵਨਾਵਾਂ; ਜ਼ਜ਼ਬਿਆਂ ਦੀ ਦੁਰਗਤੀ, ਬਿਮਾਰੀਆਂ, ਦੂਸ਼ਿਤ ਪਾਣੀ;

ਹਵਾ, ਮਾਨਸਿਕ ਚਿੰਤਾਵਾਂ, ਵਿਅਕਤੀਵਾਦ, ਧੋਖਾ-ਧੜੀਆਂ ਆਦਿ ਅਨੇਕਾਂ ਅਲਾਮਤਾਂ ਆਪਣੀ ਚਰਨ ਸੀਮਾ 'ਤੇ ਹਨ। ਮਨੁਖੀ ਹਕਾਂ ਦਾ ਘਾਣ ਤਾਂ ਸਾਡੇ ਸਥਾਨਕ ਵਰਤਾਰੇ ਵਿਚ ਸਮਕਾਲ ਦੀ ਇਕ ਦੁਖਦੀ ਰਗ ਹੈ।

ਉਪਰੋਕਤ ਵਰਤਾਰੇ ਦੇ ਹਾਂ-ਨਾਂਹ ਪਖੀ ਰੁਝਾਨਾਂ ਵਿਚ ਸਚੀ ਕਿਰਤ ਕਮਾਈ, ਜਿਸ ਵਿਚ ਹਥੀਂ ਤੇ ਮਾਨਸਿਕ ਕਮਾਈ ਸ਼ਾਮਿਲ ਹੈ, ਦਾ ਵਿਸ਼ੇਸ਼ ਮਹਤਵ ਹੈ। ਸਿੱਖ ਧਰਮ ਵਿਚ ਤਾਂ, ਜਿਵੇਂ ਪਿਛੇ ਵੇਖਿਆ ਜਾ ਚੁਕਾ ਹੈ, ਇਸ ਦੀ ਮਹਤਾ ਸਰਵ ਪ੍ਰਵਾਨਿਤ ਹੈ ਹੀ, ਪਰ ਵਰਤਮਾਨ ਰੁਝਾਨਾਂ ਨੇ 'ਸੁਕ੍ਰਿਤ' ਦੀ ਮਹਤਾ ਦੇ ਬਹੁ ਪਖੀ ਰੂਪਾਂ ਨੂੰ ਹੋਰ ਉਜ਼ਾਗਰ ਕੀਤਾ ਹੈ।

ਜਿਵੇਂ ਕਿ ਅਸੀਂ ਪਿਛੇ ਸੰਕੇਤ ਕਰ ਆਏ ਹਾਂ ਹੁਣ ਦੇ ਰੁਝਾਨਾਂ ਵਿਚ ਮਨੁਖ ਕੁਦਰਤ ਦੇ 'ਸਹਿਯੋਗ' ਵਲ ਰੁਚਿਤ ਹੋ ਰਿਹਾ ਹੈ। ਇਹ 'ਸਹਿਯੋਗ' ਜਿਥੇ ਕੁਦਰਤੀ ਖੇਤੀ (organic) ਨੂੰ ਬੜਾਵਾ ਦੇ ਰਹੇ ਹਨ, ਉਥੇ ਮਸ਼ੀਨਾਂ, ਖਾਦਾਂ ਆਦਿ ਦੀ ਥਾਂ, ਹਥੀਂ ਵਧ ਤੋਂ ਵਧ ਕਿਰਤ ਕਮਾਈ ਕਰਨ ਦੀ ਤਾਗੀਦ ਕੀਤੀ ਜਾ ਰਹੀ ਹੈ। ਮਾਨਸਿਕ ਬਿਮਾਰੀਆਂ ਜਾਂ ਸਰੀਰਕ ਰੋਗਾਂ ਦਾ ਇਕ ਵਡਾ ਕਾਰਨ ਵਿਹਲੜ ਤੇ ਵਿਲਾਸ ਜੀਵਨ ਦੀਆਂ ਦੇਣਾਂ ਕਾਰਣ ਹੈ। ਥਾਂ-ਥਾਂ ਖੁਲ੍ਹੇ 'ਜਿੰਮ','ਯੋਗਾ ਕੇਂਦਰ' ਜਾਂ 'ਕਸਰਤ-ਘਰ' ਦੁਖਾਂ ਦੇ ਛੁਟਕਾਰੇ ਦਾ ਇਕ ਸਾਧਨ ਮਾਤਰ ਹੀ ਤਾਂ ਹਨ। ਸਮਾਜਿਕ/ਆਰਥਿਕ ਅਸਮਾਨਤਾ, ਜਿਹੜੀ ਉਕਤ ਵਰਤਾਰੇ ਦਾ ਪ੍ਰਮੁਖ ਪਛਾਣ ਚਿੰਨ੍ਹ ਹੈ ਤਾਂ ਹੀ ਸਮਾਨਾਂਤਰ ਕੀਤੀ ਜਾ ਸਕਦੀ ਹੈ, ਜੇਕਰ ਸਚੀ ਕਿਰਤ ਕਰਨ ਦੀ ਪਰੰਪਰਾ ਨੂੰ ਸਪਸ਼ਟ ਰੂਪ ਵਿਚ ਅਪਣਾਇਆ ਜਾਵੇ। ਸਿਹਤ, ਸਮਾਨਤਾ, ਰੋਜ਼ੀ ਸਭ ਕਿਰਤ ਨਾਲ ਜੁੜੇ ਵਰਤਾਰੇ ਹਨ।

'ਪ੍ਰਬੰਧ' ਦੀ ਪ੍ਰਬੰਧਕਾਰੀ ਵਿਚ ਕਿੰਨਾ ਸਮਾਂ, ਧਨ ਤੇ ਊਰਜਾ ਨਸ਼ਟ ਹੋ ਰਿਹਾ ਹੈ? ਇਹ ਲੇਖੇ ਜੋਖੇ ਤੋਂ ਬਾਹਰੀ ਦਾਸਤਾਂ ਹੈ। ਇਮਾਨ ਭਰੀ ਕਿਰਤ ਕਮਾਈ ਵਿਚ ਪ੍ਰਬੰਧ ਦੀ ਲੋੜ ਤਾਂ ਹੋਵੇਗੀ, ਪਰ ਪ੍ਰਬੰਧਕਾਰੀ 'ਤੇ ਨਸ਼ਟ ਹੋ ਰਿਹਾ ਸਮਾਂ, ਧਨ ਤੇ ਊਰਜਾ ਆਦਿ ਦੀ ਲੋੜ ਨਹੀਂ ਹੋਵੇਗੀ।

ਅਲਪ-ਬਿਰਤਾਂਤ ਵਿਚ ਜੀਅ ਰਹੀਆਂ ਸਾਡੇ ਵਰਗੀਆਂ ਕੌਮਾਂ ਲਈ ਉਤਰ-ਆਧੁਨਿਕਤਾ ਦੇ ਹਾਂ-ਪਖੀ ਰੁਝਾਨਾਂ ਨੂੰ ਠੀਕ ਪ੍ਰਸੰਗ ਵਿਚ ਨਿਸ਼ਾਨਦੇਹ ਕਰਕੇ ਜੀਣ-ਥੀਣ ਦੇ ਰਾਹ ਲਭ ਲੈਣੇ ਚਾਹੀਦੇ ਹਨ; ਇਨ੍ਹਾਂ ਰਾਹਾਂ ਵਿਚੋਂ ਇਕ ਸ਼ਾਹ-ਰਾਹ ਸਚੀ ਸੁਚੀ ਕਿਰਤ ਕਮਾਈ **'ਸੁਕ੍ਰਿਤ'** ਦਾ ਰਾਹ ਹੈ।



## (2) ਸੁਕ੍ਰਿਤ ਟਰੱਸਟ

**ਜਾਣ-ਪਛਾਣ**

ਸੁਕ੍ਰਿਤ ਇੱਕ ਸੰਸਥਾ ਵਜੋਂ ਆਰੰਭ ਕਰਨ ਦਾ ਵਿਚਾਰ ਸੰਨ 2003 ਤੋਂ ਸ਼ੁਰੂ ਹੋਇਆ। ਡਾ. ਸਰਬਜੀਤ ਸਿੰਘ (ਰੇਣੁਕਾ) ਅਨੁਸਾਰ ਇੱਕ ਨੌਜਵਾਨ ਵਿਦਿਆਰਥੀ ਹਰਪ੍ਰੀਤ ਸਿੰਘ ਬਾਰ-ਬਾਰ ਨੌਕਰੀ ਦੀ ਭਾਲ ਲਈ ਉਹਨਾਂ ਕੋਲ ਆਉਂਦਾ ਸੀ। ਕਈ ਥਾਵਾਂ ਤੇ ਉੱਦਮ ਕਰਨ ਦੇ ਬਾਵਜੂਦ ਉਸਦੀ ਨੌਕਰੀ ਨਹੀਂ ਲੱਗੀ।

10 ਮਾਰਚ, 2003 ਨੂੰ ਰਾਤ 8.30 ਵਜੇ, ਆਪਣੇ ਪਿਤਾ ਨਾਲ ਸਰਬਜੀਤ ਸਿੰਘ ਜੀ ਦੇ ਘਰ ਆਇਆ। ਪਿਤਾ ਜੀ ਨੇ ਦੱਸਿਆ ਕਿ ਉਹਨਾਂ ਨੂੰ ਕਾਰੋਬਾਰ ਵਿੱਚ ਵੱਡਾ ਘਾਟਾ ਪਿਆ ਹੈ। ਹੁਣ ਉਹ ਹਰਪ੍ਰੀਤ ਸਿੰਘ ਦੀ ਪੜ੍ਹਾਈ ਵੀ ਜਾਰੀ ਨਹੀਂ ਰੱਖ ਸਕਦੇ। 1 ਜਨਵਰੀ, 2003 ਤੋਂ ਉਨ੍ਹਾਂ ਦੇ ਘਰ ਇੱਕ ਨਵੇਂ ਪੈਸੇ ਦੀ ਆਮਦਨ ਨਹੀਂ ਹੋਈ। ਖਾਂਦੇ-ਖਾਂਦੇ ਖੂਹ ਵੀ ਖਾਲੀ ਹੋ ਜਾਂਦੇ ਹਨ। ਘਰ ਦੀਆਂ ਹੋਰ ਵੀ ਕਈ ਪ੍ਰੇਸ਼ਾਨੀਆਂ ਹਨ......

ਗੱਲਾਂ ਕਰਦੇ-ਕਰਦੇ ਰਾਤ ਦੇ 11 ਵੱਜ ਗਏ। ਉਹ ਜਾਣ ਦਾ ਨਾਮ ਹੀ ਨਹੀਂ ਸੀ ਲੈ ਰਹੇ। ਵੀਰ ਸਰਬਜੀਤ ਸਿੰਘ ਜੀ ਨੇ ਓੜਕ ਸਹਿਜੇ ਹੀ ਕਹਿ ਦਿੱਤਾ - "ਤੁਸੀਂ ਜਾਓ, ਹੁਣ ਆਰਾਮ ਕਰੋ ਤੇ ਹਰਪ੍ਰੀਤ ਪੜ੍ਹਾਈ ਵੀ ਨਾ ਛੱਡੇ ਤੇ ਉਸ ਦੀ ਨੌਕਰੀ ਵੀ ਲੱਗ ਗਈ ਸਮਝੋ। ਇਹਨੂੰ ਸਵੇਰੇ 10 ਵਜੇ ਮੇਰੇ ਕੋਲ ਭੇਜ ਦਿਓ। ਘੱਟੋ-ਘੱਟ 3500 ਰੁਪਏ ਤਨਖਾਹ ਇਸਨੂੰ ਜਰੂਰ ਮਿਲੇਗੀ।"

ਪਿਤਾ-ਪੁੱਤਰ ਹੈਰਾਨ ਸਨ - "ਕੀ ਨੌਕਰੀ ਲੱਗੀ ? ਕਿੱਥੇ ਲੱਗੀ ? ਕੀ ਕਰਨਾ ਹੋਵੇਗਾ?" ਜਵਾਬ ਮਿਲਿਆ - "ਬਸ ਹਰਪ੍ਰੀਤ ਸਿੰਘ ਨੇ ਮਿਹਨਤ ਕਰਨੀ ਹੋਵੇਗੀ।" ਅੱਧੇ ਮਨ ਨਾਲ, ਬਿਨ੍ਹਾਂ ਕਿਸੇ ਵਿਸ਼ਵਾਸ਼ ਦੇ ਉਹ ਉਠ ਕੇ ਘਰ ਚਲੇ ਗਏ।

ਅਗਲੀ ਸਵੇਰ ਹਰਪ੍ਰੀਤ ਸਿੰਘ ਹਾਜ਼ਰ ਸੀ। ਕੀ ਕੰਮ ਕਰੀਏ ? ਉਸਨੂੰ 'ਆਓ ਰੋਜ਼ਾਨਾ ਸਹਿਜ ਪਾਠ ਕਰੀਏ ਤੇ ਵੀਚਾਰੀਏ' ਦੇ ਪੀਲੇ ਬੋਰਡ ਦੇ ਮਾਰਕੀਟ ਤੋਂ ਆਡਰ ਲੈਣ ਲਈ ਭੇਜ ਦਿੱਤਾ। ਪਹਿਲੇ 4 ਦਿਨ ਕੋਈ ਆਡਰ ਨਹੀਂ ਮਿਲਿਆ ਪਰ ਰੋਜ਼ ਸ਼ਾਮ ਹਰਪ੍ਰੀਤ ਸਿੰਘ ਆਉਂਦਾ ਤੇ ਪੂਰੀ ਗੱਲ ਦੱਸਦਾ, ਕਿਸ ਦੁਕਾਨਦਾਰ ਨੇ ਕੀ ਕਿਹਾ ਤੇ ਉਸਨੇ ਕੀ ਜੁਆਬ ਦਿੱਤਾ। ਵੀਰ ਜੀ ਉਸਨੂੰ ਹੋਰ ਟਰੇਨਿੰਗ ਦਿੰਦੇ, ਸਮਝਾਂਦੇ। ਓੜਕ 5ਵੇਂ ਦਿਨ 100 ਪੀਸ ਦਾ ਆਡਰ ਮਿਲ ਗਿਆ।

ਬਸ ਫਿਰ ਕੀ ਸੀ! ਹਰਪ੍ਰੀਤ ਸਿੰਘ ਦੀ ਮਿਹਨਤ ਤੇ ਅਕਾਲਪੁਰਖ ਦੀ

ਬਖਸ਼ਿਸ਼ ਨਾਲ ਪਹਿਲੇ ਮਹੀਨੇ ਹੀ 5000 ਬੋਰਡਾਂ ਦੇ ਆਡਰ ਮਿਲ ਗਏ। ਹਰ ਮਹੀਨੇ ਇਹ ਕਾਰਜ ਵਧਦਾ ਹੀ ਗਿਆ।ਫਿਰ ਨਾਲ ਵਿਜ਼ਟਿੰਗ ਕਾਰਡ ਛਾਪਣੇ ਵੀ ਸ਼ੁਰੂ ਕਰ ਦਿੱਤੇ। ਗੱਲ ਕੀ ਛੇ ਮਹੀਨਿਆਂ ਵਿੱਚ ਹਰਪ੍ਰੀਤ ਸਿੰਘ ਆਪਣੇ ਕਾਰੋਬਾਰ ਵਿੱਚ ਸੈਟ ਹੋ ਗਿਆ। ਫਿਰ ਪ੍ਰਾਈਵੇਟ ਬੈਂਕ ਵਿੱਚ ਨੌਕਰੀ ਲੱਗ ਗਈ। ਕਈ ਹੋਰ ਕੰਪਨੀਆਂ ਬਦਲਦਾ-ਬਦਲਦਾ ਹਰਪ੍ਰੀਤ ਸਿੰਘ ਅੱਜ-ਕੱਲ੍ਹ ਇੱਕ ਵੱਡੀ ਮਲਟੀ-ਨੈਸ਼ਨਲ ਕੰਪਨੀ ਵਿੱਚ ਟਰੇਨਿੰਗ ਹੈਡ ਹੈ ਤੇ 35000 ਰੁਪਏ ਕਮਾ ਰਿਹਾ ਹੈ। ਇੱਕ ਅੰਦਾਜੇ ਮੁਤਾਬਿਕ ਸਹਿਜ ਪਾਠ ਵਾਲੇ ਉਹ ਪੀਲੇ ਬੋਰਡ 4 ਲੱਖ ਤੋਂ ਵੱਧ ਗਿਣਤੀ ਵਿੱਚ ਛਪੇ ਸਨ।

ਹਰਪ੍ਰੀਤ ਸਿੰਘ ਦੀ ਸਫਲਤਾ ਦੀ ਘਟਨਾ ਤੋਂ ਇਲਾਵਾ ਇੱਕ ਹੋਰ ਅਹਿਮ ਘਟਨਾ ਵਾਪਰੀ। ਸੰਨ 2004 ਵਿੱਚ ਜਗਦੀਪ ਸਿੰਘ ਤੇ ਜਗਤਾਰ ਸਿੰਘ ਨੇ ਸਹਿਜ ਪਾਠ ਮੁਕਾਬਲੇ ਵਿੱਚ ਫਰਿੱਜ ਜਿੱਤਿਆ। ਉਪਰੰਤ ਸੰਨ 2005 ਵਿੱਚ ਜਗਤਾਰ ਸਿੰਘ ਇੱਕ ਦਿਨ ਸਾਈਕਲ ਤੇ ਜਾਂਦਿਆਂ ਵੀਰ ਸਰਬਜੀਤ ਸਿੰਘ ਨੂੰ ਮਿਲਿਆ। ਉਹ ਬਾਰਵੀਂ ਤੋਂ ਬਾਅਦ ਪੜ੍ਹਾਈ ਛੱਡ ਚੁੱਕਾ ਸੀ ਤੇ ਹੁਣ ਏਵਨ ਸਾਈਕਲ ਕੰਪਨੀ ਵਿੱਚ 1800 ਰੁਪਏ ਮਹੀਨਾ ਦੀ ਨੌਕਰੀ ਕਰਦਾ ਸੀ। ਕੁਲ 10 ਘੰਟੇ ਦੀ ਡਿਊਟੀ, ਘੰਟਾ ਜਾਣ ਤੇ ਘੰਟਾ ਆਉਣ ਨੂੰ, ਕਦੇ ਸਵੇਰ ਦੀ ਡਿਊਟੀ ਤੇ ਕਦੇ ਰਾਤ ਦੀ। ਵੀਰ ਜੀ ਨੇ ਉਸ ਦੇ ਪਿਤਾ ਜੀ ਨੂੰ ਬੁਲਾ ਕੇ ਕਿਹਾ ਇਸ ਦੀ ਨੌਕਰੀ ਛੁਡਵਾ ਦਿਓ - "ਇਹ ਇੰਝ 5 ਸਾਲਾਂ ਵਿੱਚ ਵੀ 5 ਹਜ਼ਾਰ ਤੱਕ ਨਹੀਂ ਪੁੱਜ ਸਕੇਗਾ।"

"ਫਿਰ ਕੀ ਕਰਾਈਏ ਜੀ ਬੱਚੇ ਨੂੰ? ਮਸਾਂ-ਮਸਾਂ ਤਾਂ ਨੌਕਰੀ ਲੱਗੀ ਹੈ - ਛੁਡਵਾ ਕੇ ਘਰ ਦਾ ਖਰਚਾ ਕਿਵੇਂ ਚੱਲੇਗਾ ?" ਉਹਨਾਂ ਦਿਨਾਂ ਵਿੱਚ ਗਿਆਨੀ ਸੰਤ ਸਿੰਘ ਜੀ ਮਸਕੀਨ ਚੜ੍ਹਾਈ ਕਰ ਗਏ ਸਨ। ਵੀਰ ਜੀ ਨੇ ਸਿੰਘ ਬ੍ਰਦਰਜ਼, ਅੰਮ੍ਰਿਤਸਰ ਤੋਂ 10,000 ਰੁਪਏ ਦੀਆਂ ਮਸਕੀਨ ਜੀ ਦੀਆਂ ਕਿਤਾਬਾਂ ਮੰਗਵਾ ਕੇ ਜਗਤਾਰ ਸਿੰਘ ਨੂੰ ਕਿਹਾ ਕਿ ਇਹਨਾਂ ਦੀ ਮਾਰਕੀਟਿੰਗ ਕਰੋ, ਤੁਹਾਡੇ ਘੱਟੋ-ਘੱਟ 2500 ਰੁਪਏ ਬਣ ਜਾਣਗੇ ਤੇ ਜੇ ਘਟੇ ਤਾਂ ਉਹ ਆਪਣੇ ਕੋਲੋਂ ਪਾਉਣਗੇ। ਐਸੀ ਕਲਾ ਵਰਤੀ ਕਿ ਜਗਤਾਰ ਸਿੰਘ ਨੇ ਪਹਿਲੇ ਮਹੀਨੇ ਹੀ 5000 ਤੋਂ ਵੱਧ ਦਾ ਕੰਮ ਕਰ ਲਿਆ। ਛੇ ਮਹੀਨੇ ਇਹ ਸਿਲਸਿਲਾ ਚਲਦਾ ਰਿਹਾ, ਨਾਲ ਹੀ ਜਗਤਾਰ ਸਿੰਘ ਨੇ ਕੀਰਤਨ ਸਿੱਖਣਾ, ਕੰਪਿਊਟਰ ਸਿੱਖਣਾ ਤੇ ਇੰਗਲਿਸ਼ ਦੀਆਂ ਕਲਾਸਾਂ ਵੀ ਲਗਾਉਣੀਆਂ ਆਰੰਭ ਕਰ ਦਿੱਤੀਆਂ। ਡਰਾਈਵਿੰਗ ਵੀ ਸਿੱਖ ਲਈ। ਨਾਲ ਹੀ ਬੀ.ਏ. ਵਿੱਚ ਵੀ ਪ੍ਰਾਈਵੇਟ ਦਾਖਲਾ ਲੈ ਲਿਆ। ਅੱਜ ਜਗਤਾਰ ਸਿੰਘ ਹਰ ਪੱਖੋਂ ਕਈ ਗੁਣਾਂ (Skills) ਨਾਲ ਭਰਪੂਰ ਆਤਮ ਵਿਸ਼ਵਾਸੀ ਨੌਜਵਾਨ ਹੈ।

ਅਜਿਹੀਆਂ ਸਫਲਤਾ ਦੀਆਂ ਘਟਨਾਵਾਂ (Success Stories) ਨੇ ਸੁਕ੍ਰਿਤ ਲਹਿਰ ਨੂੰ ਨਵਾਂ ਸੰਕਲਪ (Vision) ਦਿੱਤਾ। ਸੰਨ 2006, 31 ਅਗਸਤ ਨੂੰ ਰਸਮੀਂ ਤੌਰ ਤੇ ਸੁਕ੍ਰਿਤ ਰਜਿਸਟਰਡ ਹੋ ਗਿਆ।



**ਸ**ਮਾਜ ਵਿਚ 'ਸੁਕ੍ਰਿਤ' ਭਾਵ ਚੰਗੀ ਕਿਰਤ ਦਾ ਸੁਭਾਅ ਸੰਚਾਰਿਤ ਕਰਨ ਹਿਤ 'ਸੁਕ੍ਰਿਤ ਟਰੱਸਟ' 24 ਸਤੰਬਰ, 2006 ਨੂੰ ਹੋਂਦ ਵਿਚ ਆਇਆ। ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ (ਖੰਨੇ ਵਾਲਿਆਂ) ਨੇ ਅਰਦਾਸ ਕਰਕੇ ਇਸ ਦੀ ਆਰੰਭਤਾ ਕੀਤੀ ਸੀ ਤੇ ਕਿਹਾ ਸੀ, "ਘਬਰਾਉਣਾ ਨਹੀਂ- ਸੁਕ੍ਰਿਤ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇਗਾ ਅਤੇ ਤੁਹਾਡੇ ਤੋਂ ਕੰਮ ਸਾਂਭਿਆ ਨਹੀਂ ਜਾਵੇਗਾ, ਏਨੀ ਬਰਕਤ ਪਵੇਗੀ।"

ਗੁਰਸਿਖੀ ਦੇ ਤਿੰਨ ਮੁਢਲੇ ਅਸੂਲ ਹਨ : **ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ।** ਅੱਜ ਬਹੁਤ ਸਾਰੀਆਂ ਸੰਸਥਾਵਾਂ ਨਾਮ ਜਪਣ ਤੇ ਵੰਡ ਛਕਣ ਦਾ ਕਾਰਜ ਤਾਂ ਕਰ ਰਹੀਆਂ ਹਨ, ਪਰ ਕਿਰਤ ਕਰੋ ਦੇ ਸੰਕਲਪ ਨੂੰ ਲਗਪਗ ਭੁਲਾ ਹੀ ਦਿਤਾ ਗਿਆ ਹੈ, ਜਿਸ ਕਾਰਨ ਅਜੋਕੇ ਸਮਾਜ ਵਿਚ ਆਲਸ, ਵਿਹਲੜਪੁਣਾ ਤੇ ਨੀਰਸਪੁਣਾ ਆ ਗਿਆ ਹੈ। ਸਮਾਜ ਵਿਚ ਆਈਆਂ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਹਿਤ ਸੁਕ੍ਰਿਤ ਨਾਂ ਦੀ ਲਹਿਰ ਆਰੰਭੀ ਗਈ, ਜਿਸ ਵਲੋਂ ਕਿਰਤ ਕਰੋ ਦੇ ਸੁਭਾਅ ਨੂੰ ਪ੍ਰਫੁਲਿਤ ਕਰਨ ਹਿਤ ਪੰਜ ਮੁਖ ਕਾਰਜ ਕੀਤੇ ਜਾ ਰਹੇ ਹਨ :

1. **ਕਰੀਅਰ ਸੇਧ**
2. **ਕੋਚਿੰਗ**
3. **ਕਿੱਤਾ ਮੁਖੀ ਸਿਖਲਾਈ**
4. **ਸਵੈ-ਸੇਵੀ-ਪ੍ਰਾਜੈਕਟ**
5. **ਰੁਜ਼ਗਾਰ ਸੇਵਾਵਾਂ**

ਉਪਰੋਕਤ ਤੋਂ ਬਿਨ੍ਹਾਂ ਆਪਣੇ ਗੌਰਵਮਈ ਵਿਰਸੇ ਨੂੰ ਸੰਭਾਲਣ ਹਿਤ 'ਅਧਿਆਤਮਕ ਪੁਨਰ ਜਾਗ੍ਰਿਤੀ ਦਹਾਕਾ' (2008-2018) ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਘਰ-ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਆਪ ਕਰਨ (ਸਹਿਜ ਪਾਠ) ਦੀ ਪ੍ਰੇਰਣਾ ਕੀਤੀ ਜਾ ਰਹੀ ਹੈ। ਇਸ ਲਹਿਰ ਰਾਹੀਂ ਹੁਣ ਤਕ 20,000 ਤੋਂ ਵਧੇਰੇ ਬੱਚੇ/ਵੱਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲੱਗ ਕੇ ਆਪਣਾ ਸਹਿਜ ਪਾਠ ਆਪ ਕਰ ਰਹੇ ਹਨ।

**ਹੋਰ ਗਤੀਵਿਧੀਆਂ:**

1. ਪੰਜਾਬ ਭਰ ਵਿਚ ਵੱਖ-ਵੱਖ ਥਾਵਾਂ 'ਤੇ ਸਹਿਜ ਪਾਠ ਕੈਂਪ ਆਯੋਜਿਤ ਕੀਤੇ ਜਾਂਦੇ ਹਨ, ਜਿਨ੍ਹਾਂ ਤਹਿਤ ਵਿਦਿਆਰਥੀਆਂ ਨਾਲ ਗੁਰਮਤਿ ਵਿਚਾਰਾਂ ਕੀਤੀਆਂ ਜਾਂਦੀਆਂ ਹਨ ਤੇ ਸਹਿਜ ਪਾਠ ਲਹਿਰ ਦੀ ਪ੍ਰਫੁਲਤਾ ਲਈ 'ਆਪ ਜਪਹੁ ਅਵਰਹ ਨਾਮੁ ਜਪਾਵਹੁ' ਦੇ ਫੁਰਮਾਨ ਤਹਿਤ ਹੋਰਾਂ ਨੂੰ ਸਹਿਜ ਪਾਠ ਆਰੰਭ ਕਰਵਾਉਣ ਦੀ ਪ੍ਰੇਰਣਾ ਕੀਤੀ ਜਾਂਦੀ ਹੈ।

2. ਟਰੱਸਟ ਵਲੋਂ 2 ਸੁਕ੍ਰਿਤ ਇੰਟਰਨੈਸ਼ਨਲ ਪਬਲਿਕ ਸਕੂਲ (ਪੱਟੀ, ਜ਼ੀਰਾ); 12 ਕੀਰਤਨ ਅਕੈਡਮੀਆਂ (ਮੁਲਾਂਪੁਰ, ਜਰਗ, ਗੁਰਦਾਸਪੁਰ, ਕਪੂਰਥਲਾ, ਅੰਮ੍ਰਿਤਸਰ, ਪਟਿਆਲਾ ਆਦਿ); 12 ਸੈਂਟਰ (ਦਿੱਲੀ, ਜੰਮੂ, ਅੰਮ੍ਰਿਤਸਰ, ਪਟਿਆਲਾ, ਚੰਡੀਗੜ੍ਹ ਆਦਿ) ਕਾਰਜਸ਼ੀਲ ਹਨ ਅਤੇ ਹੋਰ ਵੀ ਬਹੁਤ ਸਾਰੇ ਕਾਰਜ ਕੀਤੇ ਜਾ ਰਹੇ ਹਨ। ਸੁਕ੍ਰਿਤ ਟਰੱਸਟ ਵੱਲੋਂ ਹੇਠ ਲਿਖੀਆਂ ਪ੍ਰਕਾਸ਼ਨਾਵਾਂ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ :

1. ਇੱਕ ਉਤਸ਼ਾਹ ਹਰ ਰੋਜ਼
2. ਜਪੁ ਪਰਗਾਸਿ
3. ਰਹਰਾਸਿ ਪਰਗਾਸਿ
4. ਨਿਤ ਨਵਾਂ ਨਿਰੋਆ
5. ਖੋਜ ਸ਼ਬਦ ਮਹਿ ਲੇਹਿ
6. ਸਦਾ ਮਨਿ ਚਾਉ
7. ਜਪੁ ਜੀ ਸਾਹਿਬ ਸੁਆਲ ਜਵਾਬ
8. ਰਹਰਾਸਿ ਸਾਹਿਬ ਸੁਆਲ ਜਵਾਬ
9. ਸੁਖਮਨੀ ਸਾਹਿਬ ਸੁਆਲ ਜਵਾਬ
10. ਬਾਣੀ ਕੰਠ - ਸਦਾ ਬੈਕੁੰਠ
11. ਸੁਕ੍ਰਿਤ ਨੋਟ ਬੁਕ
12. ਸਹਿਜ ਪਾਠ ਡਾਇਰੀ
13. ਪਾਕੇਟ ਪੈਡ
14. ਇੱਕ ਸਿੱਖ ਯੂਨਾਨ ਵਿੱਚ
15. ਸਵੱਰ ਸਮੁੰਦ
16. ਇਸਾਈ ਪ੍ਰਚਾਰਕ ਨਾਲ ਗੱਲਬਾਤ
17. ਸੁਕ੍ਰਿਤ-ਸੰਕਲਪ ਤੇ ਵਿਹਾਰ
18. ਗੁਰਮੁੱਖ ਸੋਚ
19. ਮਨਿ ਚਾਉ ਭਇਆ
20. ਚਿੱਠੀ ਲਿਖੀ - ਸਿੱਖ ਬੱਚੇ ਨੂੰ
21. ਬਤੀਹ ਸੁਲਖਣੀ
22. ਕਿਰਤ ਕੈਲੰਡਰ

**ਹਿੰਦੀ**

१. एक प्रेरणा प्रति दिन
२. जपु जी साहिब-सवाल जवाब
३. रहरासि साहिब-सवाल जवाब
४. बाणी कंठ - सदा बैकुंठ
५. एक सिक्ख यूनान में
६. सदा मनि चाउ
७. सुखों की मणी

**ਅੰਗਰੇਜੀ**

1. Gurbani Class
2. A Sikh in Greece
3. The Sikh Faith
4. Divine Pills
5. Book Marks
6. A Letter to Sikh Children
6. Jap Ji Sahib-Questions Answers



## ਚੋਣਵੀਂ ਸਹਾਇਕ ਸੂਚੀ

### ਸੰਦਰਭ ਤੇ ਆਧਾਰ

*ਸ੍ਰੀ ਗੁਰੂ ਗ੍ਰੰਥ ਸਾਹਿਬ*

### ਪੁਸਤਕਾਂ

**(ਪੰਜਾਬੀ)**


ਅਨੰਦਘਨ, ਸਾਧੂ, *ਗੁਰਬਾਣੀ ਟੀਕੇ ਅਨੰਦਘਨ* (1885), (ਸੰਪਾ.)ਡਾ. ਰਤਨ ਸਿੰਘ ਜੱਗੀ, ਪਟਿਆਲਾ,1970.

ਸੰਤ ਰੇਣ ਕਵਿ ਪ੍ਰੇਮ ਸਿੰਘ, *ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ* (1903), ਭਾਗ ਪਹਿਲਾ, ਅੰਮ੍ਰਿਤਸਰ, 450 ਨਾ.ਸ਼ਾ. 1918 ਈ.

ਸੰਤੋਖ ਸਿੰਘ, ਭਾਈ, *ਗੁਰਪ੍ਰਤਾਪ ਸੂਰਜ ਗ੍ਰੰਥ* (1848), 5 ਭਾਗ, (ਸੰਪਾ.) ਡਾ. ਕਿਰਪਾਲ ਸਿੰਘ, ਸ੍ਰੀ ਅੰਮ੍ਰਿਤਸਰ, 2007.

...*ਗੁਰਪ੍ਰਤਾਪ ਸੂਰਜ ਗ੍ਰੰਥ* (1848), 14 ਭਾਗ, (ਸੰਪਾ.), ਭਾਈ ਵੀਰ ਸਿੰਘ, ਸ੍ਰੀ ਅੰਮ੍ਰਿਤਸਰ, 1929.

*ਸ਼ਬਦਾਰਥ ਦਸਮ ਗ੍ਰੰਥ ਸਾਹਿਬ*, 3 ਭਾਗ, (ਸੰਪਾ.) ਭਾਈ ਰਣਧੀਰ ਸਿੰਘ, ਪਟਿਆਲਾ, 1995 (ਤੀਜੀ ਵਾਰ)।

*ਸੰਭੂ ਨਾਥ ਵਾਲੀ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਪ੍ਰਸਿਧ ਨਾਂ ਆਦਿ ਸਾਖੀਆਂ* (1701), (ਸੰਪਾ.) ਡਾ. ਪਿਆਰ ਸਿੰਘ, ਲੁਧਿਆਣਾ, 1972 (ਦੂਜੀ ਵਾਰ)।

ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਨਿਆਮਤਪੁਰੀ,1954.

ਸਰੂਪ ਦਾਸ ਭਲਾ, *ਮਹਿਮਾ ਪ੍ਰਕਾਸ਼ ਕਵਿਤਾ* (1776), 3 ਭਾਗ, (ਸੰਪਾ.) ਡਾ. ਉਤਮ ਸਿੰਘ, ਪਟਿਆਲਾ, 1999(ਤੀਜੀ ਵਾਰ)।

*ਸਾਖੀ ਪੋਥੀ* (1848), (ਸੰਪਾ.) ਭਾਈ ਵੀਰ ਸਿੰਘ, ਸ੍ਰੀ ਅੰਮ੍ਰਿਤਸਰ, 1950.

*ਸਿੱਖ ਰਹਿਤ ਮਰਯਾਦਾ*, ਸ੍ਰੀ ਅੰਮ੍ਰਿਤਸਰ, 2008 (ਪਹਿਲੀ ਵਾਰ 1948)।

ਸੁਖਾ ਸਿੰਘ, ਭਾਈ, *ਗੁਰਬਿਲਾਸ ਪਾਤਸ਼ਾਹੀ* (1797), (ਸੰਪਾ.) ਡਾ. ਗੁਰਸ਼ਰਨ ਕੌਰ ਜੱਗੀ, ਪਟਿਆਲਾ,1989 (ਦੂਜੀ ਵਾਰ)।

ਸੇਵਾ ਸਿੰਘ, ਕਵੀ, *ਸ਼ਹੀਦ ਬਿਲਾਸ (ਭਾਈ ਮਨੀ ਸਿੰਘ)* (1761), (ਸੰਪਾ.) ਗਿ. ਗਰਜਾ ਸਿੰਘ, ਲੁਧਿਆਣਾ,1961.

ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ* (1711), (ਸੰਪਾ.) ਡਾ. ਗੰਡਾ ਸਿੰਘ, ਪਟਿਆਲਾ,1996 (ਦੂਜੀ ਵਾਰ)।

ਸ੍ਰੂਪ ਸਿੰਘ ਕੌਸ਼ਿਸ, *ਗੁਰੂ ਕੀਆਂ ਸਾਖੀਆਂ* (1765),(ਸੰਪਾ.) ਗਿ. ਗਰਜਾ ਸਿੰਘ, ਅੰਮ੍ਰਿਤਸਰ, 1995 (ਦੂਜੀ ਵਾਰ)।

*ਹਰਿ ਜੀ (ਪੋਥੀ) ਤੇ ਚਤੁਰਭੁਜ (ਪੋਥੀ ) ਜਨਮਸਾਖੀ ਗੁਰੂ ਨਾਨਕ ਦੇਵ ਜੀ* (1540-1651), (ਸੈਂਚੀ ਦੂਜੀ),(ਸੰਪਾ.) ਕਿਰਪਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਅੰਮ੍ਰਿਤਸਰ, 1969.

*ਹੁਕਮਨਾਮੇ* (1640-1730), (ਸੰਪਾ.) ਡਾ. ਗੰਡਾ ਸਿੰਘ, ਪਟਿਆਲਾ, 1999 (ਤੀਜੀ ਵਾਰ)।

*ਕਬਿਤ ਸਵੈਯੇ ਭਾਈ ਗੁਰਦਾਸ: ਪਾਠ, ਤੁਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼,* (ਸੰਪਾ.) ਓਅੰਕਾਰ ਸਿੰਘ, ਪਟਿਆਲਾ, 1993.

ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ* (1751), (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ, ਪਟਿਆਲਾ, 1999 (ਤੀਜੀ ਵਾਰ)।

ਕੇਸਰ ਸਿੰਘ ਛਿਬਰ, ਭਾਈ,*ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ: ਸੰਪਾਦਨ ਤੇ ਇਤਿਹਾਸਕ ਅਧਿਐਨ* (1769), (ਸੰਪਾ.) ਡਾ.ਰਾਇਜਸਬੀਰ ਸਿੰਘ, ਅੰਮ੍ਰਿਤਸਰ, 2001.

ਗੰਡਾ ਸਿੰਘ, ਡਾ., *ਬੰਦਾ ਸਿੰਘ ਬਹਾਦਰ,* ਪਟਿਆਲਾ, 1990.

ਗਾੜੂ ਜੀ, ਭਾਈ,*ਪਾਰਸ ਭਾਗ* (1734-44),(ਸੰਪਾ.) ਪ੍ਰੋ.ਪ੍ਰੀਤਮ ਸਿੰਘ, ਲੁਧਿਆਣਾ, 1952.

ਗਿਆਨ ਸਿੰਘ, ਗਿ., *ਸ੍ਰੀ ਗੁਰ ਪੰਥ ਪ੍ਰਕਾਸ਼* (1884), 5 ਭਾਗ, (ਸੰਪਾ.) ਗਿ. ਕਿਰਪਾਲ ਸਿੰਘ, ਅੰਮ੍ਰਿਤਸਰ, 1970.

...*ਤਵਾਰੀਖ਼ ਗੁਰੂ ਖਾਲਸਾ* (1887), 2 ਭਾਗ, ਪਟਿਆਲਾ, 1999 (ਤੀਜੀ ਵਾਰ)।

...*ਨਿਰਮਲ ਪੰਥ ਪ੍ਰਦੀਪਕਾ* (1891), (ਸੰਪਾ.) ਸੰਤ ਇੰਦਰ ਸਿੰਘ ਚਕ੍ਰਵਰਤੀ, ਕਨਖਲ, 1962.

*ਗਿਆਨਰਤਨਾਵਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* (1734-70), (ਸੰਪਾ.) ਜਸਬੀਰ ਸਿੰਘ ਸਾਬਰ, ਅੰਮ੍ਰਿਤਸਰ,1993.

ਗੁਰਭਗਤ ਸਿੰਘ, *ਕੌਮੀ ਆਜਾਦੀ ਵੱਲ: ਪੰਜਾਬ ਤੇ ਪੰਜਾਬੀ ਸਭਿਆਚਾਰ ਦਾ ਭਵਿਖ,* ਸਕਰੌਦੀ (ਸੰਗਰੂਰ), 1993.

ਗੋਬਿੰਦ ਸਿੰਘ ਨਿਰਮਲ ਉਦਾਸੀ, *ਇਤਿਹਾਸ ਗੁਰੂ ਖਾਲਸਾ,*(ਅਨੁ., ਸੰਪਾ.) ਪ੍ਰਿਥੀਪਾਲ ਸਿੰਘ ਕਪੂਰ, ਅੰਮ੍ਰਿਤਸਰ, 2003.

ਜਗਜੀਤ ਸਿੰਘ, *ਸਿੱਖ ਇਨਕਲਾਬ,* ਸਰਹਿੰਦ, 1987.

*ਜਨਮਸਾਖੀ ਭਾਈ ਬਾਲਾ* (1651),(ਸੰਪਾ.), ਡਾ. ਸੁਰਿੰਦਰ ਸਿੰਘ ਕੋਹਲੀ, ਚੰਡੀਗੜ੍ਹ, 1975.

*ਜਨਮਸਾਖੀ ਭਾਈ ਬਾਲਾ ਦਾ ਪਾਠਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* (ਸੰਪਾ.) ਡਾ. ਗੁਰਬਚਨ ਕੌਰ, ਪਟਿਆਲਾ,1987.

ਤਾਰਾ ਸਿੰਘ ਨਰੋਤਮ,ਪੰਡਿਤ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਪਟਿਆਲਾ,1884.



ਤੋਲਾ ਸਿੰਘ ਭਲਾ, *ਗੁਰਰਤਨਾਵਲੀ* (1776), (ਸੰਪਾ.), ਮਨਵਿੰਦਰ ਸਿੰਘ, ਅੰਮ੍ਰਿਤਸਰ, 1995.

ਨੰਦ ਲਾਲ, ਭਾਈ, *ਭਾਈ ਨੰਦ ਲਾਲ ਗ੍ਰੰਥਾਵਲੀ* (1682-1705), (ਸੰਪਾ.) ਡਾ. ਗੰਡਾ ਸਿੰਘ, ਪਟਿਆਲਾ, 1989 (ਤੀਜੀ ਵਾਰ)।

*ਪੁਰਾਤਨ ਜਨਮਸਾਖੀ* (1588), (ਸੰਪਾ.) ਭਾਈ ਵੀਰ ਸਿੰਘ, ਨਵੀਂ ਦਿੱਲੀ, 1996 (ਸਤਵੀਂ ਵਾਰ)।

ਪੂਰਨ ਸਿੰਘ, ਪ੍ਰੋ.,*ਖੁੱਲ੍ਹੇ ਲੇਖ,* ਲੁਧਿਆਣਾ, 1971 (ਦੂਜੀ ਵਾਰ)।

ਪੂਰਨ ਸਿੰਘ, ਭਗਤ(ਪਿੰਗਲਵਾੜਾ), *ਪਵਣ ਗੁਰੂ ਪਾਣੀ ਪਿਤਾ* (ਲੇਖ ਸੰਗ੍ਰਹਿ), ਅੰਮ੍ਰਿਤਸਰ, 2008.

ਪ੍ਰੀਤਮ ਸਿੰਘ, ਪ੍ਰੋ. (ਸੰਪਾ.), *ਨਿਰਮਲ ਸੰਪਰਦਾਇ,* ਅੰਮਿਤਸਰ, 1981.

*ਪ੍ਰੇਮ ਸੁਮਾਰਗ* (1850), (ਸੰਪਾ.), ਰਣਧੀਰ ਸਿੰਘ (ਰਿਸਰਚ ਸਕਾਲਰ), ਅੰਮ੍ਰਿਤਸਰ, ਸੰਮਤ 484 ਗੁ.ਨਾ.

ਬਲਵੰਤ ਸਿੰਘ ਢਿੱਲੋਂ, *ਪ੍ਰਮੁਖ ਸਿਖ ਤੇ ਸਿਖ ਪੰਥ,* ਅੰਮ੍ਰਿਤਸਰ, 1997.

ਬਲਵੀਰ ਸਿੰਘ, ਡਾ., *ਸ੍ਰੀ ਚਰਣ ਹਰਿ ਵਿਸਥਾਰ* (ਸੈਂਚੀ ਪਹਿਲੀ), ਅੰਮ੍ਰਿਤਸਰ, 1945.

ਬਿਸ਼ਨ ਦਾਸ ਬਾਬਾ, 'ਮਹਿਮਾ ਪ੍ਰਕਾਸ ਸ੍ਰੀ ਗੁਰੂ ਅਮਰਦੇਵ' (1776), *ਗੁਰੂ ਅਮਰਦਾਸ ਸ੍ਰੋਤ ਪੁਸਤਕ,* (ਸੰਪਾ.) ਡਾ. ਰਾਇਜਸਬੀਰ ਸਿੰਘ, ਅੰਮ੍ਰਿਤਸਰ, 1986.

ਬ੍ਰਹਮਾਨੰਦ ਪੰਡਿਤ, *ਗੁਰੂ ਉਦਾਸੀ ਮਤ ਦਰਪਣ,* ਸਖਰ (ਸਿੰਧ), 1903.

ਭਗਤ ਸਿੰਘ, ਭਾਈ, *ਗੁਰਬਿਲਾਸ ਪਾਤਸ਼ਾਹੀ* (1718), (ਸੰਪਾ.) ਗਿ. ਜੋਗਿੰਦਰ ਸਿੰਘ ਵੇਦਾਂਤੀ, ਸ੍ਰੀ ਅੰਮ੍ਰਿਤਸਰ, 1998.

*ਮਹਿਮਾ ਪ੍ਰਕਾਸ਼ (ਵਾਰਤਕ)* (1773), (ਸੰਪਾ.) ਡਾ. ਕੁਲਵਿੰਦਰ ਸਿੰਘ ਬਾਜਵਾ, ਅੰਮ੍ਰਿਤਸਰ, 2004.

ਮਨੀ ਸਿੰਘ, ਭਾਈ, *ਸਿਖਾਂ ਦੀ ਭਗਤਮਾਲਾ* (1734-70), (ਸੰਪਾ.) ਭਾਈ ਵੀਰ ਸਿੰਘ, ਨਵੀਂ ਦਿੱਲੀ, 2004 (ਛੇਵੀਂ ਵਾਰ)।

ਮਿਹਰ ਸਿੰਘ ਗੁਜਰਾਤੀ, *ਪੰਜਾਬ ਰਉਸ਼ਨ* (1859), (ਸੰਪਾ.) ਪਿਆਰਾ ਸਿੰਘ ਪਦਮ, ਅੰਮ੍ਰਿਤਸਰ, 1995.

ਮਿਹਰਬਾਨ ਜੀ ਸੋਢੀ, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* (1640), (ਸੰਪਾ.) ਕਿਰਪਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਅੰਮ੍ਰਿਤਸਰ, 1962.

ਮਿਲਖਾ ਸਿੰਘ ਨਿਝਰ, *ਬੱਬਰ ਅਕਾਲੀ ਲਹਿਰ ਦਾ ਇਤਿਹਾਸ,* (ਸੰਪਾ.) ਗੁਰਬਚਨ ਸਿੰਘ, ਦਿੱਲੀ, 1986.

*ਰਹਿਤਨਾਮੇ* (1700-50), (ਸੰਪਾ.) ਪਿਆਰਾ ਸਿੰਘ ਪਦਮ, ਅੰਮ੍ਰਿਤਸਰ, 2000 (ਤੀਜੀ ਵਾਰ)।

ਰਣਧੀਰ ਸਿੰਘ, ਭਾਈ, *ਉਦਾਸੀ ਸਿਖਾਂ ਦੀ ਵਿਥਿਆ,* ਅੰਮ੍ਰਿਤਸਰ, 1959.

ਰਤਨ ਸਿੰਘ ਭੰਗੂ, ਭਾਈ, *ਸ੍ਰੀ ਗੁਰ ਪੰਥ ਪ੍ਰਕਾਸ਼* (1841), (ਸੰਪਾ.) ਡਾ. ਬਲਵੰਤ ਸਿੰਘ

ਢਿਲੋਂ, ਅੰਮ੍ਰਿਤਸਰ, 2004.

ਲਾਲ ਚੰਦ, *ਸ੍ਰੀ ਸੰਤ ਰਤਨਮਾਲ* (1862), (ਸੰਪਾ.) ਮਹੰਤ ਹੀਰਾ ਸਿੰਘ, ਪਟਿਆਲਾ,1963.

*ਵਾਰਾਂ ਭਾਈ ਗੁਰਦਾਸ ਜੀ*, ਅੰਮ੍ਰਿਤਸਰ, 2001 (ਅਠਵੀਂ ਵਾਰ)।

**(ਉਰਦੂ/ਫ਼ਾਰਸੀ)**

*ਅਸਰਾਰਿ ਸਮਦੀ* (1728), (ਅਨੁ.), ਪ੍ਰੋ. ਜਨਕ ਸਿੰਘ, ਪਟਿਆਲਾ, 1972.

ਅਮਰਨਾਥ, *ਜ਼ਫ਼ਰਨਾਮਾ-ਇ-ਰਣਜੀਤ ਸਿੰਘ* (1837), (ਅਨੁ.) ਪ੍ਰੋ. ਜਨਕ ਸਿੰਘ, (ਸੰਪਾ.) ਕਿਰਪਾਲ ਸਿੰਘ, ਪਟਿਆਲਾ, 1978.

ਸੁਜਾਨ ਰਾਏ ਭੰਡਾਰੀ, *ਖ਼ੁਲਾਸਤੁਤ-ਉਤ-ਤਵਾਰੀਖ਼* (1695), (ਅਨੁ.) ਰਣਜੀਤ ਸਿੰਘ, (ਸੰਪਾ.) ਡਾ. ਫੌਜਾ ਸਿੰਘ, ਪਟਿਆਲਾ. 1972.

ਸੋਹਨ ਲਾਲ ਸੂਰੀ, *ਉਮਦਾ-ਉਤ-ਤਵਾਰੀਖ* (1812-49), ਦਫ਼ਤਰ ਦੂਜਾ, (ਅਨੁ.) ਅਮਰਾਵੰਤ ਸਿੰਘ, ਅੰਮ੍ਰਿਤਸਰ, 1985.

ਕਨ੍ਹਈਆ ਲਾਲ, *ਤਾਰੀਖ਼-ਏ-ਪੰਜਾਬ* (1875), (ਅਨੁ.) ਜੀਤ ਸਿੰਘ ਸੀਤਲ, ਪਟਿਆਲਾ, 1968.

ਗਣੇਸ਼ ਦਾਸ, *ਚਾਰ-ਬਾਗ-ਏ-ਪੰਜਾਬ,* (ਅਨੁ.) *ਮੁਢਲੀ ਉਨੀਵੀਂ ਸਦੀ ਦਾ ਪੰਜਾਬ,* (ਸੰਪਾ.) ਜੇ.ਐਸ. ਗਰੇਵਾਲ, ਅੰਮ੍ਰਿਤਸਰ, 1974.

ਬੁਧ ਸਿੰਘ ਅਰੋੜਾ, 'ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼' (1783), *ਸ੍ਰੀ ਗੁਰੂ ਤੇਗ ਬਹਾਦਰ (ਫਾਰਸੀ ਸ੍ਰੋਤ),* (ਸੰਪਾ.) ਪਿਆਰ ਸਿੰਘ, ਅੰਮ੍ਰਿਤਸਰ, 1976.

Abu-l-fazl, *The Akbarnama*, (1598), 3 vols. (tr.) H. Beveridge, Delhi, 1973.

Ali-ud-Din Mufti, *Ibratnama* (1824-54), vol.1, Lahore, 1961.

*Dabistan-i-Mazahib* (1644), (tr.) Dr. Ganda Singh, 'Nanak Panthies', *Punjab Past and Present,* vol.1, part.1, April, 1967.

Diwan Ramjas, *Twarikh-i-Riast Kapurthala,* vol.1, Lahore 1897.

Mir Gulam Hussain Khan, *Siyar-ul-Mutakhrin* (1789), vol.1, (tr.) Brggs., col. Johan, London, 1832, (reprinted) Allahabad, 1924.

Quzi NurMuhammad, *Jangnamah* (1764-65), (tr., ed.) Dr. Ganda Singh, Amritsar, 1939.

*Sikh History from Persion Sources,* (ed.) J.S. Grewal & Irfan Habib, Aligarh, 2001.

**(ਅੰਗਰੇਜ਼ੀ)**

Alaxander Burnes, col. Sir, *Cabool : A Personal Narrative of a journey to, and Residence in that City* (1836-38), London, 1843.



Bhagat Lakshman Singh, *Sikh Martyrs,* Madras, 1928 (reprinted) Patiala, 2002.

Carmicteial Smyth, *A History of Regning family of Lahore*, Patiala, 1970 (reprinted).

Cunningham, *A History of the Sikhs* (1849), Delhi, 1955.

Ganda Singh, (ed.), *Early European Accounts of the Sikhs*, Calcutta, 1962.

Gordon John, *The Sikhs* (1883), Patiala, 1970.

H.A. Rose, *A Glossary of the Tribes and Castes of the Punjab and North West Frontier Province*, 3 vols., Patiala, 1970.

Henry Prinsep, *Origin of the Sikh Power in the Punjab and Political life of Maharaja Ranjit Singh* (1834), Patiala, 1970.

*Jehlum District Gazetteer,* 1904.

Khazan Singh, *History and Philosphy of the Sikh Religion* (1948), 2 vols., (ed.) Prithipal Singh Kapoor, Amritsar, 2008.

Lepel Griffin, *The Punjab Chiefs*, Lahore 1860.

M' Gregor, *A History of the Sikhs* (1846), 1 vol., Allahabad, 1979 (reprinted).

P.H. Prabhu, *Hindu Social Organization,* Bombay, 1963 (1st 1954).

Qureshi, J.H., *The Administration of Sultnate of Delhi*, Delhi, 1915, 5th edition.

R.G. Majumdar (ed.) *The Mughal Empire : The History and Culture of the Indian People,* 3 vols., Bombay, 1974.

R.S. Sharma, *Sudras in Ancient India,* Delhi, 1990 (3rd revised edition)

Teja Singh, *Sikhism : Its Ideals and Institutions,* Calcutta, 1962.

Trilochan Singh, Dr., *Guru Nanak : Founder of Sikhism (A Biography),* Delhi, 1969.

W.L.M. Grogor, *The History of the Sikhs* (1846), Allahabad, 1979 (reprinted).

**(ਹਵਾਲਾ ਪੁਸਤਕਾਂ)**

ਹਰਕੀਰਤ ਸਿੰਘ, ਡਾ., (ਸੰਪਾ.) *ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼*, ਪਟਿਆਲਾ, 1998 (ਦੂਜੀ ਵਾਰ)।

ਕਾਨ੍ਹ ਸਿੰਘ ਨਾਭਾ, ਭਾਈ, *ਮਹਾਨ ਕੋਸ਼*, ਪਟਿਆਲਾ, 1999 (ਛੇਵੀਂ ਵਾਰ)।

*ਕੁਰਆਨ ਮਜੀਦ,* ਮਲੇਰਕੋਟਲਾ, 2002.

भोलानाथ तिवारी, *हिन्दी पर्यावाची कोश,* दिल्ली, १९९०.

*Dialogues of the Buddha* (tr. from pali *The Digha Nikaya*), vol.1, London, 1951.

*The Bhagabad Gita,* Gorakhpur, 2001 (45th edition).

*The Book of Gradual Sayings* (tr. from pali *Ariguttika Nikaya*), London, 1955.

*The Book of Middle Lenth Sayings* (tr. from pali *The Majjhima Nikaya*), vol.2, London, 1959.

*The Encyclopaedia of Sikhism,* 4 vols., Patiala, 1997.

*The New Encyclopaedia Britannica,* vol. 4, Chicago, 1994 (15th).

*The Noble Quran,* Riyadh, Saudi Arabia, 1996 (15th).

*The Open Bible : The New King James Version,* Madras, 1985.

*The Oxford English Dictionary,* vol.XIX, Oxford, 1991 (2nd).

Thomas P. Hughes, (ed.) *Dictionary of Islam*, New Delhi, 1977 (3rd).

V.S. Apte, *Sanskrit-English Dictionary,* Delhi, 1963.

**(ਪਤ੍ਰਿਕਾਵਾਂ)**

*ਪਰਖ,* 1971; *Journal of Sikh Studies,* vol X, no.1, 1983; *Punjab Past and Present,* April, 1979.

**(ਹਥ ਲਿਖਤਾਂ)**

*ਉਦਾਸੀ ਬੋਧ,* ਪਿੰਡ ਭੂਦਣ, ਨੇੜੇ ਮਲੇਰਕੋਟਲਾ (ਸੰਗਰੂਰ)।

ਅਮਰ ਸਿੰਘ ਕਵੀ, *ਕਸ਼ਮੀਰ ਬੰਦੋਬਸਤ,* ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਨੰ.2852.

ਗਣੇਸ਼ਾ ਸਿੰਘ ਬੇਦੀ, *ਸ੍ਰੀ ਗੁਰੂ ਬੰਸ ਬਿਨੋਦ,* ਅੰਮ੍ਰਿਤਸਰ, 1884 (ਪਥਰਛਾਪ)।

ਗੋਇੰਦਵਾਲ, ਗੁਰਦੁਆਰਾ ਹਵੇਲੀ ਸਾਹਿਬ ਦਾ *ਸੁਨਹਿਰੀ ਪਤਰਾ* ।

ਸੋਭਾ ਰਾਮ, ਭਾਈ, *ਸੰਤ ਮਾਲ,* ਟਿਕਾਣਾ ਭਾਈ ਰਾਮ ਕਿਸ਼ਨ, ਪਟਿਆਲਾ।